ਅੰਗ ੯੭੬ = ਰਾਗ ਰਾਮਕਲੀ ਭੈਰਵ ਠਾਟ ਦੀ ਔੜਵ ਸੰਪੂਰਨ ਰਾਗਣੀ ਹੈ, ਇਸ ਦੇ ਗਾਉਣ ਦਾ ਵੇਲਾ ਸੂਰਜ ਨਿਕਲਣ ਤੋਂ ਲੈ ਕੇ ਪਹਿਰ ਦਿਨ ਚੜ੍ਹੇ ਤਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦਾ ੧੮ ਵਾਂ ਨੰਬਰ ਹੈ (ਮ.ਕੋ.)। ਜੋਗੀਆਂ ਨਾਲ ਸਬੰਧਤ ਬਹੁਤ ਸਾਰੀ ਬਾਣੀ ਇਸ ਰਾਗ ਵਿਚ ਮਿਲਦੀ ਹੈ। ਇਹ ਰਾਗ ਜੋਗੀਆਂ ਨੇ ਬਹੁਤ ਅਪਣਾਇਆ ਹੈ, ਇਸੇ ਲਈ ਗੁਰੂ ਜੀ ਨੇ ਭੀ ਜੋਗੀਆਂ ਨਾਲ ਗੱਲ ਬਾਤ ਕਰਦਿਆਂ ਇਹ ਰਾਗ ਬਹੁਤ ਵਰਤਿਆ ਹੈ। ਜਿਵੇਂ ਮੁਸਲਮਾਨ ਫਕੀਰਾਂ ਨੂੰ ਸੰਬੋਧਨ ਕਰਨ ਵੇਲੇ ਰਾਗ ਆਸਾ, ਸੂਹੀ ਅਤੇ ਤਿਲੰਗ ਬਹੁਤ ਵਰਤੇ ਹਨ। ਕਿਉਂਕਿ ਉਨ੍ਹਾਂ ਫਕੀਰਾਂ ਵਿਚ ਇਹ ਰਾਗ ਬਹੁਤ ਪ੍ਰਚਲਤ ਸਨ

(ਸ਼ਬਦਾਰਥ) ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ ॥ (੯੫੦)

ਰਾਮਕਲੀ ਮਹਲਾ ੧ ਘਰੁ ੧ ਚਉਪਦੇ ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਪ੍ਰਮਾਤਮਾ ਇਕ ਹੈ। ਉਸ ਦਾ ਨਾਮ ਸਦਾ ਕਾਇਮ ਰਹਿਣ ਵਾਲਾ ਹੈ। ਸਾਰੀ ਸ੍ਰਿਸਟੀ ਦਾ ਰਚਨਹਾਰ ਅਤੇ ਸਰਬ ਵਿਆਪਕ ਹਸਤੀ ਹੈ। ਭੈ ਰਹਿਤ ਹੈ (ਉਸ ਨੂੰ ਕਿਸੇ ਦਾ ਡਰ ਨਹੀਂ)। ਵੈਰ ਰਹਿਤ ਹੈ (ਉਸ ਦਾ ਕਿਸੇ ਨਾਲ ਵੈਰ ਨਹੀਂ)। ਕਾਲ ਰਹਿਤ ਹਸਤੀ ਹੈ (ਉਹ ਮਰਦਾ ਨਹੀਂ, ਸਦਾ ਅਮਰ ਤੇ ਇਕ ਸਾਰ ਹਸਤੀ ਹੈ)। ਉਹ ਜੋਨੀਆਂ ਵਿਚ ਨਹੀਂ ਆਉਂਦਾ (ਜੰਮਦਾ ਤੇ ਮਰਦਾ ਨਹੀਂ)। ਉਹ ਅਪਣੇ ਆਪ ਤੋਂ ਪ੍ਰਕਾਸ਼ਮਾਨ ਹੈ (ਅਪਣੇ ਆਪ ਤੋਂ ਪੈਦਾ ਹੋਇਆ ਹੈ, ਉਸ ਨੂੰ ਪੈਦਾ ਕਰਨ ਵਾਲੀ ਕੋਈ ਹੋਰ ਹਸਤੀ ਨਹੀਂ)। ਉਹ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ।

ਕੋਈ ਪੜਤਾ ਸਹਸਾਕਿਰਤਾ, ਕੋਈ ਪੜੈ ਪੁਰਾਨਾ ॥ ਕੋਈ ਨਾਮੁ ਜਪੈ ਜਪਮਾਲੀ, ਲਾਗੈ ਤਿਸੈ ਧਿਆਨਾ ॥ ਅਬ ਹੀ ਕਬ ਹੀ ਕਿਛੂ ਨ ਜਾਨਾ, ਤੇਰਾ ਏਕੋ ਨਾਮੁ ਪਛਾਨਾ ॥੧॥ ਨ ਜਾਣਾ ਹਰੇ, ਮੇਰੀ ਕਵਨ ਗਤੇ ॥ ਹਮ ਮੂਰਖ ਅਗਿਆਨ ਸਰਨਿ ਪ੍ਰਭ ਤੇਰੀ, ਕਰਿ ਕਿਰਪਾ ਰਾਖਹੁ ਮੇਰੀ ਲਾਜ ਪਤੇ ॥੧॥ਰਹਾਉ॥ ਕਬਹੂ ਜੀਅੜਾ ਊਭਿ ਚੜਤੁ ਹੈ, ਕਬਹੂ ਜਾਇ ਪਇਆਲੇ ॥ ਲੋਭੀ ਜੀਅੜਾ ਥਿਰੁ ਨ ਰਹਤੁ ਹੈ, ਚਾਰੇ ਕੁੰਡਾ ਭਾਲੇ ॥੨॥ ਮਰਣੁ ਲਿਖਾਇ ਮੰਡਲ ਮਹਿ ਆਏ, ਜੀਵਣੁ ਸਾਜਹਿ ਮਾਈ ॥ ਏਕਿ ਚਲੇ ਹਮ ਦੇਖਹ ਸੁਆਮੀ, ਭਾਹਿ ਬਲੰਤੀ ਆਈ ॥੩॥ ਨ ਕਿਸੀ ਕਾ ਮੀਤੁ ਨ ਕਿਸੀ ਕਾ ਭਾਈ, ਨਾ ਕਿਸੈ ਬਾਪੁ ਨ ਮਾਈ ॥ ਪ੍ਰਣਵਤਿ ਨਾਨਕ ਜੇ ਤੂ ਦੇਵਹਿ, ਅੰਤੇ ਹੋਇ ਸਖਾਈ ॥੪॥੧॥ (ਹੇ ਪ੍ਰਭੂ! ਤੈਨੂੰ ਭੁੱਲਾ ਕੇ) ਕੋਈ ਮਨੁੱਖ ਮਾਗਧੀ ਤੇ ਪ੍ਰਾਕ੍ਰਿਤ ਵਿਚ ਲਿਖੇ (ਬੋਧ ਤੇ ਜੈਨ) ਗ੍ਰੰਥ ਪੜ੍ਹਦਾ ਹੈ ਅਤੇ ਕੋਈ ਮਨੁੱਖ ਅਠਾਰਾਂ ਪੁਰਾਣ ਪੜ੍ਹਦਾ ਹੈ। ਕੋਈ ਮਨੁੱਖ ਮਾਲਾ ਨਾਲ (ਕਿਸੇ ਦੇਵਤੇ ਦਾ) ਨਾਮ ਜਪਦਾ ਹੈ, (ਉਹ ਜਿਸ ਦੇਵਤੇ ਦਾ ਨਾਮ ਜਪਦਾ ਹੈ, ਉਸ ਦਾ) ਉਸੇ ਵਿਚ ਧਿਆਨ ਲਗ ਰਿਹਾ ਹੈ। (ਗੁਰੂ ਜੀ ਆਖ ਰਹੇ ਹਨ ਕਿ ਹੇ ਪ੍ਰਭੂ! ਮੈਂ) ਹੁਣ ਅਤੇ ਕਦੇ ਵੀ (ਤੇਰੇ ਬਿਨਾ ਹੋਰ) ਕੁਛ ਨਹੀਂ ਜਾਣਿਆ, ਮੈਂ ਤੇਰਾ ਇਕੋ ਨਾਮ ਹੀ ਪਛਾਣਿਆ ਹੈ। ੧। ਹੇ ਹਰੀ! ਮੈਂ ਨਹੀਂ ਜਾਣਦਾ ਕਿ ਮੇਰੀ ਕੀ ਹਾਲਤ ਹੋਵੇਗੀ? ਹੇ ਪ੍ਰਭੂ! ਮੈਂ ਮੂਰਖ ਹਾਂ, (ਤੇਰੇ ਬਾਰੇ ਮੈਂ) ਗਿਆਨ ਹੀਣ ਹਾਂ, (ਪਰ ਮੈਂ) ਤੇਰੀ ਸ਼ਰਣ ਵਿਚ ਆਇਆ ਹਾਂ, ਹੇ ਮਾਲਕ ਪ੍ਰਭੂ! ਕ੍ਰਿਪਾ ਕਰਕੇ (ਲੋਕ ਪ੍ਰਲੋਕ ਵਿਚ) ਮੇਰੀ ਲਾਜ ਰਖੋ ਜੀ। ੧। ਰਹਾਉ। (ਹੇ ਪ੍ਰਭੂ!) ਕਦੇ ਜੀਵ ਉਚਾ ਅਕਾਸ਼ ਵਿਚ ਜਾ ਚੜ੍ਹਦਾ ਹੈ (ਬਹੁਤ ਖੁਸ਼ ਹੁੰਦਾ ਹੈ; ਅਕਾਸ਼ ਵਿਚ ਸਵੱਰਗ ਦੇ ਪਦਾਰਥਾਂ ਦੀ ਇੱਛਾ ਕਰਦਾ ਹੈ) ਅਤੇ ਕਦੇ ਪਤਾਲ ਵਿਚ ਜਾ ਡਿਗਦਾ ਹੈ (ਡਾਵਾਂ ਡੋਲ ਹੋ ਜਾਂਦਾ ਹੈ; ਸਮੁੰਦਰ ਵਿਚ ਮੋਤੀਆਂ ਆਦਿਕਾਂ ਦੀ ਭਾਲ ਕਰਦਾ ਹੈ)। ਲੋਭੀ ਜੀਵ ਦਾ ਮਨ ਸਥਿਰ ਨਹੀਂ ਰਹਿੰਦਾ, ਚਾਰੇ ਪਾਸੇ (ਮਾਇਕ ਪਦਾਰਥਾਂ ਦੀ) ਭਾਲ ਕਰਦਾ ਫਿਰਦਾ ਹੈ। ੨ । ਹੇ ਭਾਈ! (ਸਾਰੇ ਜੀਵ ਅਪਣੀ) ਮੌਤ ਲਿਖਾ ਕੇ ਜਗਤ ਵਿਚ ਆਏ ਹਨ, (ਪਰ ਮਰਨਾ ਭੁੱਲ ਕੇ ਜੀਵ) ਜੀਵਨ ਸਾਜਦੇ ਰਹਿੰਦੇ ਹਨ। ਹੇ ਮਾਲਕ ਪ੍ਰਭੂ! ਅਸੀਂ ਦੇਖਦੇ ਹਾਂ ਕਿ ਕਈ ਜੀਵ (ਸਾਡੀਆਂ ਅੱਖਾਂ ਦੇ ਸਾਮ੍ਹਣੇ) ਚਲੇ ਜਾ ਰਹੇ ਹਨ ਅਤੇ ਕਾਲ ਦੀ ਅੱਗ ਬਲਦੀ ਹੋਈ (ਸਾਡੇ ਵੱਲ ਵੀ) ਆ ਰਹੀ ਹੈ। ੩। (ਹੇ ਭਾਈ! ਮੌਤ ਵੇਲੇ) ਜਗਤ ਵਿਚ ਨਾ ਕਿਸੇ ਦਾ ਮਿਤ੍ਰ ,ਨਾ ਕਿਸੇ ਦਾ ਭਰਾ, ਨਾ ਕਿਸੇ ਦਾ ਬਾਪ ਅਤੇ ਨਾ ਹੀ ਕਿਸੇ ਦੀ ਮਾਂ (ਸਹਾਈ ਬਣਦਾ) ਹੈ। ਗੁਰੂ ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ (ਹੇ ਪ੍ਰਭੂ! ਕ੍ਰਿਪਾ ਕਰਕੇ) ਜੇ ਤੂੰ ਅਪਣਾ ਨਾਮ ਬਖਸ਼ ਦੇਵੇਂ, (ਤਾਂ ਇਹ ਨਾਮ ਸਾਡਾ) ਅੰਤ ਸਮੇਂ ਸਹਾਈ ਹੋਵੇਗਾ। ੪। ੧।

ਪਦਾਰਥ = ਚਉਪਦੇ-ਚਾਰ ਪਦਿਆਂ ਵਾਲੇ ਸ਼ਬਦ। ਸਹਸਾਕਿਰਤਾ-ਮਾਗਧੀ ਅਤੇ ਪ੍ਰਾਕ੍ਰਿਤ ਭਾਸ਼ਾ ਵਿਚ ਲਿਖੇ ਬੋਧ ਤੇ ਜੈਨ ਗ੍ਰੰਥ। ਪੁਰਾਨਾ-ਅਠਾਰਾਂ ਪੁਰਾਣ। ਜਪਮਾਲੀ-ਮਾਲਾ ਨਾਲ। ਤਿਸੈ-ਉਸ ਵਿਚ। ਅਬ ਹੀ-ਹੁਣ ਵੀ। ਕਬ ਹੀ-ਕਦੇ ਵੀ। ੧। ਨ ਜਾਣਾ-ਮੈਂ ਨਹੀਂ ਜਾਣਦਾ। ਹਰੇ-ਹੇ ਹਰੀ!। ਕਵਨ-ਕੀ; ਕਿਹੜੀ। ਗਤੇ-ਹਾਲਤ। ਹਮ-ਅਸੀਂ; ਮੈਂ। ਪ੍ਰਭ-ਹੇ ਪ੍ਰਭੂ!। ਲਾਜ-ਇੱਜਤ। ਪਤੇ-ਹੇ ਪਤੀ (ਮਾਲਕ) ਪ੍ਰਭੂ!। ੧। ਰਹਾਉ। ਕਬਹੂ-ਕਦੇ। ਜੀਅੜਾ-ਜੀਵ; ਮਨ। ਊਭਿ; ਅਕਾਸ਼ ਵਿਚ। ਜਾਇ ਪਇਆਲੇ-ਪਤਾਲ

ਵਿਚ ਜਾਂਦਾ ਹੈ। ਥਿਰੁ-ਸਥਿਰ (ਟਿਕਿਆ ਹੋਇਆ)। ਨ ਰਹਤੁ-ਨਹੀਂ ਰਹਿੰਦਾ। ਚਾਰੇ ਕੁੰਡਾ-ਚਾਰੇ ਪਾਸੇ। ਭਾਲੇ-ਭਾਲਦਾ ਹੈ।੨। ਮਰਣੁ-ਮੌਤ। ਮੰਡਲ ਮਹਿ-ਜਗਤ ਵਿਚ। ਸਾਜਹਿ-ਸਾਜਦੇ (ਬਣਾਉਂਦੇ) ਹਨ। ਮਾਈ-ਹੇ ਭਾਈ!। ਏਕਿ-ਅਨੇਕਾਂ ਜੀਵ। ਚਲੇ-ਚਲੇ ਜਾ ਰਹੇ ਹਨ। ਸੁਆਮੀ-ਹੇ ਮਾਲਕ ਪ੍ਰਭੂ!। ਭਾਹਿ-ਅੱਗ। ਬਲੰਤੀ ਆਈ-ਬਲਦੀ ਆ ਰਹੀ ਹੈ।੩। ਕਿਸੀ ਕਾ-ਕਿਸੇ ਦਾ। ਮੀਤੁ-ਮਿਤ੍ਰ। ਭਾਈ-ਭਰਾ। ਮਾਈ-ਮਾਂ। ਪ੍ਰਣਵਤਿ-ਬੇਨਤੀ ਕਰਦਾ ਹੈ। ਦੇਵਹਿ-ਬਖਸ਼ ਦੇਵੇਂ। ਸਖਾਈ-ਸਹਾਇਕ।੪।੧।

ਮਰਣੁ ਲਿਖਾਇ ਮੰਡਲ ਮਹਿ ਆਏ ॥ (ਇਹ ਤੁਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ੩ ਜਗ੍ਹਾ ਹੈ, ਅੰਗ ੬੮੫, ੮੭੬ ਤੇ ੧੦੨੨)।

ਰਾਮਕਲੀ ਮਹਲਾ ੧ ॥ ਸਰਬ ਜੋਤਿ ਤੇਰੀ ਪਸਰਿ ਰਹੀ ॥ ਜਹ ਜਹ ਦੇਖਾ, ਤਹ ਨਰਹਰੀ ॥੧॥ ਜੀਵਨ ਤਲਬ ਨਿਵਾਰਿ ਸੁਆਮੀ ॥ ਅੰਧ ਕੂਪ ਮਾਇਆ ਮਨੁ ਗਾਡਿਆ, ਕਿਉ ਕਰਿ ਉਤਰਉ ਪਾਰਿ ਸੁਆਮੀ ॥੧॥ਰਹਾਉ॥ ਜਹ ਭਤਿਰਿ ਘਟ ਭਤਿਰਿ ਬਸਿਆ, ਬਾਹਰਿ ਕਾਹੇ ਨਾਹੀ ॥ ਤਿਨ ਕੀ ਸਾਰ ਕਰੇ ਨਿਤ ਸਾਹਿਬੁ ,ਸਦਾ ਚਿੰਤ ਮਨ ਮਾਹੀ ॥੨॥ ਆਪੇ ਨੇੜੈ ਆਪੇ ਦੂਰਿ ॥ ਆਪੇ ਸਰਬ ਰਹਿਆ ਭਰਪੂਰਿ ॥ ਹੇ ਪ੍ਰਭੂ! ਸਾਰਿਆਂ (ਖੰਡਾਂ ਬ੍ਰਹਮੰਡਾਂ ਅਤੇ ਜੀਵਾਂ) ਵਿਚ ਤੇਰੀ ਜੋਤ (ਸੱਤਾ) ਪਸਰ ਰਹੀ ਹੈ। ਹੇ ਪ੍ਰਭੂ! ਮੈਂ ਜਿਥੇ ਜਿਥੇ ਵੀ ਦੇਖਦਾ ਹਾਂ, ਉਥੇ ਤੂੰ ਮੌਜੂਦ ਹੈਂ।੧। ਹੇ ਮਾਲਕ ਪ੍ਰਭੂ! ਮੇਰੇ ਜੀਵਨ ਦੀਆਂ ਖਾਹਿਸ਼ਾਂ ਦੂਰ ਕਰ ਦੇਹ। ਮੇਰਾ ਮਨ ਮਾਇਆ ਦੇ ਅੰਨ੍ਹੇ ਖੂਹ ਵਿਚ ਡਿਗਿਆ ਪਿਆ ਹੈ, (ਇਸ ਵਿਚੋਂ ਮੈਂ) ਕਿਸ ਤਰ੍ਹਾਂ ਪਾਰ ਉਤਰਾਂ (ਤੇਰੀ ਸਹਾਇਤਾ ਤੋਂ ਬਿਨਾ ਇਸ ਖੂਹ ਵਿਚੋਂ ਬਾਹਰ ਨਹੀਂ ਨਿਕਲ ਸਕਦਾ)।੧।ਰਹਾਉ। ਜਿਸ ਥਾਂ ਦੇ ਅੰਦਰ, ਜਿਸ ਮਨੁੱਖ ਦੇ ਹਿਰਦੇ ਅੰਦਰ ਪ੍ਰਭੂ ਵਸਿਆ ਹੈ, (ਉਸ ਲਈ) ਪ੍ਰਭੂ ਬਾਹਰ ਕਿਉਂ ਨਹੀਂ ਹੈ? (ਉਸ ਨੂੰ ਪ੍ਰਭੂ ਬਾਹਰ ਵੀ ਵਸਦਾ ਪ੍ਰਤੀਤ ਹੁੰਦਾ ਹੈ)। ਮਾਲਕ ਪ੍ਰਭੂ ਹਰ ਰੋਜ ਉਨ੍ਹਾਂ ਜੀਵਾਂ ਦੀ ਸੰਭਾਲ ਕਰਦਾ ਹੈ, (ਜੋ ਉਸ ਦਾ ਅਪਣੇ) ਮਨ ਵਿਚ ਸਦਾ ਚਿੰਤਨ ਕਰਦੇ ਹਨ; (ਮਾਲਕ ਪ੍ਰਭੂ ਉਨ੍ਹਾਂ ਦੇ ਪਾਲਣ ਪੋਸਣ ਦੀ) ਮਨ ਵਿਚ ਸਦਾ ਚਿੰਤਾ ਕਰਦਾ ਹੈ।੨। ਪ੍ਰਭੂ ਆਪ ਹੀ (ਸਭ ਜੀਵਾਂ ਦੇ) ਨੇੜੇ ਹੈ ਅਤੇ ਆਪ ਹੀ (ਜੀਵਾਂ ਤੋਂ) ਦੂਰ ਹੈ (ਗੁਰਮੁਖਾਂ ਦੇ ਨੇੜੇ ਹੈ ਤੇ ਮਨਮੁੱਖਾਂ ਤੋਂ ਦੂਰ ਹੈ)। ਪ੍ਰਭੂ ਆਪ ਹੀ ਸਾਰੇ ਜੀਵਾਂ ਅੰਦਰ ਭਰਪੂਰ ਹੋ ਰਿਹਾ ਹੈ।

ਅੰਗ ੮੭੭ = ਸਤਗੁਰੁ ਮਿਲੈ, ਅੰਧੇਰਾ ਜਾਇ ॥ ਜਹ ਦੇਖਾ, ਤਹ ਰਹਿਆ ਸਮਾਇ ॥੩॥ ਅੰਤਰਿ ਸਹਸਾ ਬਾਹਰਿ ਮਾਇਆ, ਨੈਣੀ ਲਾਗਸਿ ਬਾਣੀ ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ, ਪਰਤਾਪਹਿਗਾ ਪ੍ਰਾਣੀ ॥੪॥੨॥ (ਜੇ ਮੈਨੂੰ) ਸਤਿਗੁਰੂ ਮਿਲ ਜਾਵੇ, (ਤਾਂ ਅਗਿਆਨਤਾ ਦਾ) ਹਨ੍ਹੇਰਾ ਦੂਰ ਹੋ ਜਾਵੇ। (ਫਿਰ ਮੈਂ) ਜਿਥੇ ਦੇਖਾਂ, ਉਥੇ ਪ੍ਰਭੂ ਸਮਾ ਰਿਹਾ ਦਿਸ ਪਵੇਗਾ।੩। ਪ੍ਰਭੂ ਦੇ ਦਾਸਾਂ ਦਾ ਦਾਸ ਨਾਨਕ ਬੇਨਤੀ ਕਰਦਾ ਹੈ ਕਿ ਹੇ ਜੀਵ! ਜਿਤਨਾ ਚਿਰ ਤਕ ਤੇਰੇ ਹਿਰਦੇ ਅੰਦਰ ਭਰਮ ਹੈ, ਉਤਨਾ ਚਿਰ ਬਾਹਰ ਅੱਖਾਂ ਵਿਚ ਮਾਇਆ ਦੀ ਖਿੱਚ (ਲਗਨ) ਲਗੀ ਰਹੇਗੀ ਅਤੇ ਤੂੰ ਦੁਖੀ ਹੁੰਦਾ ਰਹੇਂਗਾ।੪।੨।

ਪਦਾਰਥ = ਸਰਬ-ਸਰੇ ਜੀਵਾਂ ਵਿਚ। ਜੋਤਿ-ਪ੍ਰਭੂ ਦੀ ਸੱਤਾ। ਪਸਰਿ ਰਹੀ-ਫੈਲ ਰਹੀ ਹੈ; ਵਿਆਪਕ ਹੋ ਰਹੀ ਹੈ। ਜਹ ਜਹ-ਜਿੱਥੇ ਜਿਥੇ। ਦੇਖਾ-ਮੈਂ ਦੇਖਦਾ ਹਾਂ। ਤਹ-ਉਥੇ। ਨਰਹਰੀ-ਹੇ ਪ੍ਰਭੂ!।੧। ਤਲਬ-ਇੱਛਾਵਾਂ। ਨਿਵਾਰਿ-ਦੂਰ ਕਰ ਦੇਹ। ਸੁਆਮੀ-ਹੇ ਮਾਲਕ ਪ੍ਰਭੂ!। ਅੰਧ ਕੂਪ-ਅੰਨ੍ਹੇ ਖੂਹ ਵਿਚ। ਗਾਡਿਆ-ਡਿਗਿਆ ਹੋਇਆ; ਫਸਿਆ ਹੋਇਆ। ਕਿਉ ਕਰਿ-ਕਿਸ ਤਰ੍ਹਾਂ। ਪਾਰਿ ਉਤਰਉ-ਪਾਰ ਉਤਰਾਂ (ਲੰਘ ਸਕਾਂ)।੧।ਰਹਾਉ। ਜਹ ਭੀਤਰਿ-ਜਿਸ ਥਾਂ ਦੇ ਅੰਦਰ। ਘਟ ਭਤਿਰਿ-ਹਿਰਦੇ ਅੰਦਰ। ਕਾਹੇ-ਕਿਉਂ। ਤਿਨ ਕੀ-ਉਨ੍ਹਾਂ ਦੀ। ਸਾਰ ਕਰੇ-ਸੰਭਾਲ ਕਰਦਾ ਹੈ। ਨਿਤ-ਸਦਾ; ਹਰ ਰੋਜ। ਸਾਹਿਬ-ਮਾਲਕ ਪ੍ਰਭੂ। ਚਿੰਤ-ਵਿਚਾਰ ਕਰਨਾ ;ਸਿਮਰਨ ਕਰਨਾ (ਮ.ਕੋ.; ਫ. ਸ.; ਸੰ.ਸ.); ਚਿੰਤਾ ਕਰਦਾ ਹੈ। ਮਨ ਮਾਹੀ-ਮਨ ਵਿਚ।੨। ਰਹਿਆ ਭਰਪੂਰਿ-ਵਿਆਪਕ ਹੋ ਰਿਹਾ ਹੈ। ਅੰਧੇਰਾ-ਹਨ੍ਹੇਰਾ। ਜਾਇ-ਦੂਰ ਹੋ ਜਾਵੇ। ਜਹ-ਜਿੱਥੇ। ਤਹ-ਉਥੇ। ਰਹਿਆ ਸਮਾਇ-ਵਿਆਪਕ ਹੋ ਰਿਹਾ।੩। ਅੰਤਰਿ-ਹਿਰਦੇ ਅੰਦਰ। ਸਹਸਾ-ਭਰਮ; ਸੰਸਾ। ਨੈਣੀ-ਅੱਖਾਂ ਵਿਚ। ਲਾਗਸਿ-ਲੱਗੀ ਰਹੇਗੀ। ਬਾਣੀ-ਖਿੱਚ; ਲਗਨ; ਸੁਆਦਲੀ। ਪ੍ਰਣਵਤਿ -ਬੇਨਤੀ ਕਰਦਾ ਹੈ। ਦਾਸਨਿ ਦਾਸਾ-ਦਾਸਾਂ ਦਾ ਦਾਸ। ਪਰਤਾਪਹਿਗਾ-ਦੁਖੀ ਹੁੰਦਾ ਰਹੇਂਗਾ। ਪ੍ਰਾਣੀ-ਹੇ ਜੀਵ!।੪।੨।

ਰਾਮਕਲੀ ਮਹਲਾ ੧ ॥ ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ, ਦਰਾ ਭੀਤਰਿ ਦਰੁ ਕਵਨੁ ਲਹੈ ॥ ਜਿਸੁ ਦਰ ਕਾਰਣਿ ਫਿਰਾ ਉਦਾਸੀ, ਸੋ ਦਰੁ ਕੋਈ ਆਇ ਕਹੈ ॥੧॥ ਕਿਨ ਬਿਧਿ ਸਾਗਰੁ ਤਰੀਐ ॥ ਜਿਵਤਿਆ ਨਹ ਮਰੀਐ ॥੧॥ਰਹਾਉ॥ ਦੁਖੁ ਦਰਵਾਜਾ ਰੋਹੁ ਰਖਵਾਲਾ, ਆਸਾ ਅੰਦੇਸਾ ਦੁਇ ਪਟ ਜੜੇ ॥ ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ, ਸਤ ਕੈ ਆਸਣਿ ਪੁਰਖੁ ਰਹੈ ॥ ੨॥ ਕਿੰਤੇ ਨਾਮਾ ਅੰਤੁ ਨ ਜਾਣਿਆ, ਤੁਮ ਸਰਿ ਨਾਹੀ ਅਵਰੁ ਹਰੇ ॥ ਊਚਾ ਨਹੀ ਕਹਣਾ ਮਨ ਮਹਿ ਰਹਣਾ, ਆਪੇ ਜਾਣੈ ਆਪਿ ਕਰੇ ॥੩॥ ਜਬ ਆਸਾ ਅੰਦੇਸਾ ਤਬ ਹੀ, ਕਿਉ ਕਰਿ ਏਕੁ ਕਹੈ ॥ ਆਸਾ ਭਤਿਰਿ ਰਹੈ ਨਿਰਾਸਾ, ਤਉ ਨਾਨਕ ਏਕੁ ਮਿਲੈ ॥੪

॥ ਇਨ ਬਿਧਿ ਸਾਗਰੁ ਤਰੀਐ ॥ ਜੀਵਤਿਆ ਇਉ ਮਰੀਐ ॥੧॥ ਰਹਾਉ ਦੂਜਾ ॥੩॥ (ਹੇ ਪ੍ਰਭੂ !) ਜਿਸ ਅਸਥਾਨ ਵਿਚ ਤੂੰ ਵਸਦਾ ਹੈਂ, ਉਹ ਅਸਥਾਨ ਕਿਹੜਾ ਕਹੀਦਾ ਹੈ? (ਜੀਵਾਂ ਦੇ) ਸਰੀਰ ਅਸਥਾਨਾਂ ਦੇ ਅੰਦਰ ਤੇਰਾ ਅਸਥਾਨ ਕੌਣ ਲੱਭ ਸਕਦਾ ਹੈ ?(ਰੱਬ ਦੇ) ਜਿਸ ਅਸਥਾਨ ਨੂੰ ਪ੍ਰਾਪਤ ਕਰਨ ਵਾਸਤੇ ਮੈਂ ਉਦਾਸ ਹੋਇਆ ਫਿਰਦਾ ਹਾਂ, ਉਹ ਅਸਥਾਨ ਮੈਨੂੰ ਕੋਈ (ਰੱਬ ਦਾ ਪਿਆਰਾ) ਆ ਕੇ ਦੱਸ ਦੇਵੇ।੧। ਕਿਸ ਤਰੀਕੇ ਨਾਲ ਸੰਸਾਰ ਸਮੁੰਦਰ ਤੋਂ ਤਰੀਏ? ਜਿਉਂਦਿਆ ਮਰਿਆ ਨਹੀਂ ਜਾ ਸਕਦਾ (ਜਦ ਤਕ ਜੀਵਤ ਭਾਵ ਤੋਂ ਮਰ ਨਾ ਜਾਈਏ, ਉਤਨਾ ਚਿਰ ਤਕ ਸੰਸਾਰ ਸਾਗਰ ਤੋਂ ਤਰਿਆ ਨਹੀਂ ਜਾ ਸਕਦਾ)।੧। ਰਹਾਉ। (ਪ੍ਰਮੇਸਰ ਦੇ ਦਰ ਤੇ ਪਹੁੰਚਿਆ ਕਿਉਂ ਨਹੀਂ ਜਾਂਦਾ, ਉਹ ਕਾਰਣ ਦਸਦੇ ਹਨ। ਜਿਸ ਸਰੀਰ ਘਰ ਵਿਚ ਪ੍ਰਭੂ ਵਸਦਾ ਹੈ, ਉਸ ਨੂੰ) ਦੁਖ ਰੂਪ ਦਰਵਾਜਾ ਲੱਗਾ ਹੋਇਆ ਹੈ, (ਉਸ ਦਰ ਦਾ ਚੌਕੀਦਾਰ) ਰਖਵਾਲਾ ਕ੍ਰੋਧ ਹੈ, ਆਸਾ ਤੇ ਅੰਦੇਸਾ ਦੋ ਤਖਤੇ (ਦੁਖ ਰੂਪ ਦਰਵਾਜੇ ਨੂੰ) ਜੜੇ ਹੋਏ ਹਨ। (ਸਰੀਰ ਰੂਪ ਸਥਾਨ ਦੇ ਦੁਆਲੇ) ਮਾਇਆ ਦੀ ਖਾਈ ਹੈ, (ਜਿਸ ਵਿਚ ਵਿਸ਼ਿਆਂ ਦਾ) ਪਾਣੀ ਭਰਿਆ ਪਿਆ ਹੈ, ਉਸ ਪਾਣੀ ਵਿਚ (ਮਨੁੱਖ ਨੇ ਅਪਣਾ) ਘਰ ਬਣਾਇਆ ਹੋਇਆ ਹੈ, (ਇਸ ਘਰ ਵਿਚ) ਸੱਚ ਦੇ ਆਸਣ ਉਤੇ ਅਕਾਲ ਪੁਰਖ ਰਹਿੰਦਾ ਹੈ, (ਜੋ ਮੁਸ਼ਕਲਾਂ ਨੂੰ ਪਾਰ ਕਰਨ ਪਿਛੋਂ ਘਰ ਦੇ ਅੰਦਰ ਬੈਠਾ ਦਿਸ ਪੈਂਦਾ ਹੈ)।੨। ਹੇ ਪ੍ਰਭੂ ! ਤੇਰੇ ਕਿਤਨੇ ਹੀ ਨਾਮ ਹਨ, (ਉਨ੍ਹਾਂ ਨਾਮਾਂ ਦਾ) ਅੰਤ ਨ ਜਾਨਿਆ ਜਾਂਦਾ, ਹੇ ਹਰੀ ! ਤੇਰੇ ਬਰਾਬਰ ਦਾ ਹੋਰ ਕੋਈ ਨਹੀਂ ਹੈ। (ਹੇ ਭਾਈ ! ਅਜੇਹੇ ਭਾਵ) ਉਚਾ ਬੋਲ ਕੇ ਕਹਿਣ ਦੀ ਲੋੜ ਨਹੀਂ, (ਇਹ ਭਾਵ) ਮਨ ਵਿਚ ਹੀ ਟਿਕੇ ਰਹਿਣੇ ਚਾਹੀਦੇ ਹਨ, ਪ੍ਰਭੂ ਆਪ ਹੀ (ਸਭ ਜੀਵਾਂ ਦੇ ਦਿਲਾਂ ਦੀਆਂ) ਜਾਣਦਾ ਹੈ ਅਤੇ ਉਹ ਆਪ ਹੀ ਸਭ ਕੁਛ ਕਰ ਰਿਹਾ ਹੈ।੩। ਜਦ ਤਕ (ਬਿਰਤੀ ਨੂੰ ਖਿੰਡਾਉਣ ਵਾਲੀ) ਆਸਾ ਤੇ ਚਿੰਤਾ ਬਣੀ ਹੋਈ ਹੈ, ਤਦ ਤਕ (ਅਜੇਹੀ ਹਾਲਤ ਵਿਚ ਕੋਈ ਜੀਵ) ਇਕ ਪ੍ਰਭੂ ਦਾ ਨਾਮ ਕਿਵੇਂ ਕਹਿ (ਜਪ) ਸਕਦਾ ਹੈ? ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਜਦੋਂ ਜੀਵ) ਆਸਾ ਅੰਦਰ ਆਸਾਂ ਤੋਂ ਨਿਰਲੇਪ ਹੋ ਕੇ ਰਹਿੰਦਾ ਹੈ, ਤਦ (ਇਹ ਜੀਵ) ਇਕ ਪ੍ਰਭੂ ਨੂੰ ਮਿਲ ਪੈਂਦਾ ਹੈ।੪। ਇਸ ਤਰੀਕੇ ਨਾਲ ਸੰਸਾਰ ਸਮੁੰਦਰ ਤੋਂ ਤਰਿਆ ਜਾ ਸਕਦਾ ਹੈ। ਅਤੇ ਇਸ ਤਰ੍ਹਾਂ ਜਿਉਂਦਿਆਂ (ਜੀਵਤ ਭਾਵ ਤੋਂ) ਮਰਿਆ ਜਾ ਸਕਦਾ ਹੈ।੧। ਰਹਾਉ ਦੂਜਾ।੩।

ਊਚਾ ਨਹੀਂ ਕਹਿਣਾ = ਉਚਾ ਬੋਲ ਨਹੀਂ ਬੋਲਣਾ (ਹੰਕਾਰ ਨਹੀਂ ਕਰਨਾ) ਚਾਹੀਦਾ, ਮਨ ਵਿਚ ਨਿਮਰ ਹੋ ਕੇ ਰਹਿਣਾ ਚਾਹੀਦਾ ਹੈ, (ਇਸ ਤਰ੍ਹਾਂ ਨਿਸਚੇ ਕਰੇ ਕਿ) ਪ੍ਰਭੂ ਆਪ ਹੀ ਸਭ ਕੁਛ ਜਾਣਦਾ ਹੈ ਅਤੇ ਆਪ ਹੀ ਸਭ ਕੁਛ ਕਰਦਾ ਹੈ।

ਪਦਾਰਥ = ਜਿਤੁ–ਜਿਸ। ਦਰਿ–ਦਰਬਾਰ (ਅਸਥਾਨ) ਵਿਚ। ਵਸਹਿ–ਤੂੰ ਵਸਦਾ ਹੈਂ। ਕਵਨੁ–ਕਿਹੜਾ। ਦਰਾ ਭੀਤਰਿ–ਦਰਬਾਰ (ਸਰੀਰ) ਦੇ ਅੰਦਰ। ਦਰੁ–ਦਰਬਾਰ (ਅਸਥਾਨ)। ਕਵਨੁ ਲਹੈ–ਕੌਣ ਲੱਭ ਸਕਦਾ ਹੈ? ਕਾਰਣਿ–(ਪ੍ਰਾਪਤ ਕਰਨ) ਵਾਸਤੇ। ਫਿਰਾ–ਮੈਂ ਫਿਰਦਾ ਹਾਂ। ਸੋ ਦਰੁ–ਉਹ ਦਰਬਾਰ (ਅਸਥਾਨ)। ਆਇ ਕਹੈ–ਆ ਕੇ ਦੱਸੇ।੧। ਕਿਨ ਬਿਧਿ–ਕਿਸ ਤਰੀਕੇ ਨਾਲ। ਸਾਗਰੁ–ਸੰਸਾਰ ਸਮੁੰਦਰ। ਜੀਵਤਿਆ–ਜਿਉਂਦਿਆਂ। ਨਹ ਮਰੀਐ–ਮਰਿਆ ਨਹੀਂ ਜਾ ਸਕਦਾ।੧। ਰਹਾਉ। ਰਖਵਾਲਾ–ਰੱਖਿਆ ਕਰਨ ਵਾਲਾ ਚੌਕੀਦਾਰ। ਰੋਹੁ–ਕ੍ਰੋਧ। ਅੰਦੇਸਾ–ਚਿੰਤਾ ਫਿਕਰ। ਦੁਇ ਪਟ–ਦੋ ਤਖਤੇ। ਜਲੁ–ਵਿਸ਼ਿਆਂ ਦਾ ਪਾਣੀ। ਬਾਧਿਆ–ਬਣਾਇਆ। ਸਤ ਕੈ–ਸੱਚ ਦੇ। ਆਸਣਿ–ਆਸਣ ਉਤੇ। ਪੁਰਖੁ–ਅਕਾਲ ਪੁਰਖ। ਰਹੈ–ਰਹਿੰਦਾ ਹੈ।੨। ਕਿੰਤੇ–ਕਿਤਨੇ (ਅਨੇਕਾਂ) ਹੀ। ਨਾਮਾ–ਨਾਮ। ਤੁਮ ਸਰਿ–ਤੇਰੇ ਬਰਾਬਰ ਦਾ। ਅਵਰੁ–ਹੋਰ। ਹਰੇ–ਹੇ ਹਰੀ !। ਊਚਾ–ਉਚਾ ਬੋਲ ਕੇ। ਮਨ ਮਹਿ–ਮਨ ਵਿਚ। ਰਹਿਣਾ–ਟਿਕੇ ਰਹਿਣਾ ਚਾਹੀਦਾ ਹੈ। ਕਰੇ–ਕਰਦਾ ਹੈ।੩। ਜਬ–ਜਦ ਤਕ। ਤਬ ਹੀ–ਤਦ ਤਕ। ਕਿਉ ਕਰਿ–ਕਿਵੇਂ; ਕਿਸ ਤਰ੍ਹਾਂ। ਏਕੁ–ਇਕ ਪ੍ਰਭੂ। ਕਹੈ–ਕਹਿ (ਜਪ) ਸਕਦਾ ਹੈ। ਰਹੈ ਨਿਰਾਸਾ–ਆਸਾਂ ਤੋਂ ਨਿਰਲੇਪ। ਤਉ–ਤਦ।੪। ਇਨ ਬਿਧਿ–ਇਸ ਤਰੀਕੇ ਨਾਲ। ਇਉ–ਇਸ ਤਰ੍ਹਾਂ।੧। ਰਹਾਉ ਦੂਜਾ।੩। (ਪਹਿਲੇ ਰਹਾਉ ਵਿਚ ਪ੍ਰਸ਼ਨ ਹੈ, ਦੂਜੇ ਰਹਾਉ ਵਿਚ ਉਤਰ ਹੈ)।

ਸਾਰੰਸ਼ = ਸਭ ਸਰੀਰਾਂ ਵਿਚ ਵਾਹਿਗੁਰੂ ਵਸਦਾ ਮੰਨਿਆ ਹੋਇਆ ਹੈ, ਫਿਰ ਲੱਭਦਾ ਕਿਉਂ ਨਹੀਂ? ਸਰੀਰ ਵਿਚੋਂ ਉਸ ਨੂੰ ਕਿਵੇਂ ਪ੍ਰਗਟਾਣਾ ਹੈ? ਇਸ ਦਾ ਉਤਰ ਦਿਤਾ ਹੈ = ਦੁਖ ਦਰਵਾਜਾ ਰੋਹੁ ਰਖਵਾਲਾ। ਸਰੀਰ ਕਿਲ੍ਹੇ ਦੀ ਨਿਆਈਂ ਬਿਆਨ ਕੀਤਾ ਹੈ, ਜਿਸ ਦੇ ਦਰਵਾਜੇ ਰਖਵਾਲੇ ਆਦਿਕ ਸਭ ਭੰਨਣੇ ਪੈਂਦੇ ਹਨ, ਤਾਂ ਦੀਦਾਰ ਹੁੰਦਾ ਹੈ (ਸ਼ਬਦਾਰਥ)।

ਉਥਾਨਕਾ = ਕੁਝ ਸਿੱਧ ਗੁਰੂ ਜੀ ਕੋਲ ਆ ਕੇ ਜੋਗ ਮੱਤ ਦੀ ਸਿਫਤ ਕਰਨ ਲਗੇ ਅਤੇ ਕਹਿਣ ਲਗੇ ਕਿ ਤੁਸੀਂ ਜੋਗ ਮੱਤ ਧਾਰਨ ਕਰ ਲਵੋ। ਗੁਰੂ ਜੀ ਨੇ ਉਤਰ ਦਿਤਾ ਕਿ ਅਸੀਂ ਤਾਂ ਪਹਿਲਾਂ ਜੋਗੀ ਬਣੇ ਹੋਏ ਹਾਂ। ਸਿਧ ਕਹਿਣ ਲਗੇ ਕਿ ਤੁਹਾਡੇ ਵੱਲੋਂ ਜੋਗ ਦੇ ਚਿੰਨ੍ਹ ਤਾਂ ਧਾਰਨ ਕੀਤੇ ਦਿਸਦੇ ਨਹੀਂ ਹਨ। ਇਸ ਸ਼ਬਦ ਵਿਚ ਜੋਗੀਆਂ ਨੂੰ ਗੁਰੂ ਜੀ ਨੇ ਅਪਣੇ ਜੋਗ ਦੇ ਚਿੰਨ੍ਹ ਦੱਸੇ ਹਨ।

ਰਾਮਕਲੀ ਮਹਲਾ ੧ ॥ ਸੁਰਤਿ ਸਬਦੁ ਸਾਖੀ ਮੇਰੀ ਸਿੰਙੀ, ਬਾਜੈ ਲੋਕੁ ਸੁਣੇ ॥ ਪਤੁ ਝੋਲੀ ਮੰਗਣ ਕੈ ਤਾਈ, ਭੀਖਿਆ ਨਾਮੁ ਪੜੇ ॥੧॥ ਬਾਬਾ ਗੋਰਖੁ ਜਾਗੈ ॥ ਗੋਰਖੁ ਸੋ ਜਿਨਿ ਗੋਇ ਉਠਾਲੀ, ਕਰਤੇ ਬਾਰ ਨ ਲਾਗੈ ॥੧॥ਰਹਾਉ॥ ਪਾਣੀ ਪ੍ਰਾਣ ਪਵਣਿ ਬੰਧਿ ਰਾਖੇ, ਚੰਦੁ ਸੂਰਜੁ ਮੁਖਿ ਦੀਏ ॥ ਮਰਣ ਜੀਵਣ ਕਉ ਧਰਤੀ ਦੀਨੀ, ਏਤੇ ਗੁਣ ਵਿਸਰੇ ॥੨॥ ਸਿਧ ਸਾਧਿਕ ਅਰੁ ਜੋਗੀ ਜੰਗਮ, ਪੀਰ ਪੁਰਸ ਬਹੁਤੇਰੇ ॥ ਜੇ ਤਿਨ ਮਿਲਾ ਤ ਕੀਰਤਿ ਆਖਾ, ਤਾ ਮਨੁ ਸੇਵ ਕਰੇ ॥੩॥ ਕਾਗਦੁ ਲੂਣੁ ਰਹੈ ਘ੍ਰਿਤ ਸੰਗੇ, ਪਾਣੀ ਕਮਲੁ ਰਹੈ ॥ ਐਸੇ ਭਗਤ ਮਿਲਹਿ ਜਨ ਨਾਨਕ, ਤਿਨ ਜਮੁ ਕਿਆ ਕਰੈ ॥੪॥੪॥ (ਹੇ ਜੋਗੀ! ਜੋ) ਸਾਖਸ਼ਾਤ ਪ੍ਰਭੂ ਦਾ ਸ਼ਬਦ ਮੇਰੀ ਸੁਰਤ ਵਿਚ ਟਿਕਿਆ ਹੋਇਆ ਹੈ, ਇਹੋ ਹੀ ਮੇਰੀ ਸਿੰਙੀ ਹੈ, (ਇਸ) ਵੱਜ ਰਹੀ ਸਿੰਙੀ ਨੂੰ ਸਾਰਾ ਸੰਸਾਰ ਸੁਣਦਾ ਹੈ {ਸਭੈ ਘਟ ਰਾਮੁ ਬੋਲੈ ਰਾਮਾ ਬੋਲੈ। ਰਾਮ ਬਿਨਾ ਕੋ ਬੋਲੈ ਰੇ ੯੮੮} (ਲੋਕਾਂ ਪਾਸੋਂ ਮੈਂ) ਭਿਖਿਆ ਮੰਗਣ ਦੇ ਵਾਸਤੇ ਵਿਚਾਰ ਰੂਪ ਠੂਠਾ ਅਤੇ ਸਰੀਰ ਨੂੰ ਝੋਲੀ ਬਣਾਇਆ ਹੈ, (ਮੈਂ ਮੰਗਦਾ ਹਾਂ ਕਿ ਮੇਰੀ ਝੋਲੀ ਵਿਚ) ਨਾਮ ਰੂਪ ਭਿਖਿਆ ਪੈ ਜਾਵੇ।੧। ਹੇ ਬਜ਼ੁਰਗ ਜੋਗੀਓ! (ਜਿਸ ਦਾ ਮੈਂ ਸੇਵਕ ਹਾਂ, ਉਹ) ਗੋਰਖ (ਪ੍ਰਮਾਤਮਾ ਸ੍ਰਿਸਟੀ ਦਾ ਮਾਲਕ ਹੈ, ਜੋ ਸਦਾ) ਜਾਗਦਾ ਹੈ।(ਮੇਰਾ) ਗੋਰਖ ਉਹ ਹੈ, ਜਿਸ ਨੇ ਪ੍ਰਿਥਵੀ ਉਠਾਈ ਹੋਈ ਹੈ (ਜਿਸ ਦੇ ਆਸਰੇ ਸਾਰੀ ਸ੍ਰਿਸਟੀ ਟਿਕੀ ਹੋਈ ਹੈ ਅਤੇ ਇਸ ਨੂੰ) ਪੈਦਾ ਕਰਦਿਆਂ ਦੇਰ ਨਹੀਂ ਲਗਦੀ।੧।ਰਹਾਉ।(ਪ੍ਰਭੂ ਨੇ) ਜੀਵ ਦੇ ਪ੍ਰਾਣ ਪਾਣੀ ਤੇ ਪਵਨ ਆਦਿ ਤੱਤਾਂ ਨਾਲ ਬੰਨ੍ਹ ਕੇ (ਕਾਇਮ) ਰੱਖੇ ਹਨ ਅਤੇ (ਸੰਸਾਰ ਵਿਚ ਚਾਨਣ ਕਰਨ ਵਾਸਤੇ) ਚੰਦ ਤੇ ਸੂਰਜ ਦੋ ਵੱਡੇ ਮੁਖੀ ਦੀਵੇ ਦਿਤੇ ਹਨ (ਜਿਸ ਦੇ ਆਸਰੇ ਜੀਵਨ ਚਲ ਰਿਹਾ ਹੈ)।ਜੀਵਨ ਜਿਉਣ ਤੇ ਮਰਨ ਲਈ ਧਰਤੀ ਦਿਤੀ ਹੈ, (ਅਕ੍ਰਿਤਘਣ ਜੀਵ ਨੂੰ ਪ੍ਰਭੂ ਦੇ) ਇਤਨੇ ਗੁਣ ਭੁਲ ਗਏ ਹਨ ।੨।(ਸੰਸਾਰ ਵਿਚ) ਪੁਗੇ ਹੋਏ ਸਿੱਧ, ਸਾਧਨਾ ਕਰਨ ਵਾਲੇ ਜੋਗੀ, ਜੰਗਮ ਅਤੇ (ਕਰਾਮਾਤੀ) ਪੀਰ ਪੁਰਖ ਬਹੁਤ ਹਨ।ਉਨ੍ਹਾਂ ਸਾਰਿਆਂ ਵਿਚੋਂ ਜੇ ਮੈਂ ਕਿਸੇ ਨੂੰ ਮਿਲਾਂ, ਤਾਂ (ਮਿਲ ਕੇ) ਪ੍ਰਭੂ ਦਾ ਕੀਰਤਨ ਹੀ ਉਚਾਰਨ ਕਰਾਂਗਾ; ਜੇ ਮੈਂ ਉਨ੍ਹਾਂ ਸਭਨਾਂ ਨੂੰ ਮਿਲਾਂ, ਤਾਂ ਮੈਂ ਆਖਾਂਗਾ ਕਿ ਕੀਰਤਨ ਕਰੋ (ਜੇ ਉਹ ਕੀਰਤਨ ਕਰਨਗੇ) ਤਾਂ ਮੇਰਾ ਮਨ (ਉਨ੍ਹਾਂ ਦੀ) ਸੇਵਾ ਕਰੇਗਾ (ਪਰ ਮੈਂ ਕਿਸੇ ਦਾ ਭੇਖ ਧਾਰਨ ਨਹੀਂ ਕਰਾਂਗਾ)।੩।(ਹੇ ਜੋਗੀ! ਜਿਵੇਂ) ਕਾਗਜ ਤੇ ਲੂਣ ਘਿਉ ਨਾਲ ਮਿਲ ਕੇ ਨਿਰਲੇਪ ਰਹਿੰਦੇ ਹਨ (ਥਿੰਧੇ ਕਾਗਜ ਤੇ ਥਿੰਧੇ ਲੂਣ ਨੂੰ ਪਾਣੀ ਗਾਲ ਨਹੀਂ ਸਕਦਾ) ਅਤੇ ਕਮਲ ਫੁੱਲ ਪਾਣੀ ਵਿਚ ਨਿਰਲੇਪ ਰਹਿੰਦਾ ਹੈ।ਪ੍ਰਭੂ ਦੇ ਦਾਸ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਅਜੇਹੇ ਨਿਰਲੇਪ ਭਗਤ ਪ੍ਰਭੂ ਨੂੰ ਮਿਲ ਜਾਂਦੇ ਹਨ, ਜਮ ਉਨ੍ਹਾਂ (ਭਗਤਾਂ) ਦਾ ਕੀ ਕਰ ਸਕਦਾ ਹੈ? (ਕੁਛ ਨਹੀਂ ਵਿਗਾੜ ਸਕਦਾ)।੪।੪।

ਪਦਾਰਥ = ਸੁਰਤਿ–ਸੁਰਤ ਵਿਚ।ਸਾਖੀ–ਸਾਖਸ਼ਾਤ ਪ੍ਰਭੂ।ਸਿੰਙੀ–ਸਿੰਗ ਦਾ ਵਾਜਾ, ਜੋ ਜੋਗੀ ਵਜਾਉਂਦੇ ਹਨ।ਲੋਕੁ–ਸੰਸਾਰ। ਪਤੁ–ਪਾਤ੍ਰ (ਭਾਂਡਾ; ਠੂਠਾ)।ਕੈ ਤਾਈ–ਦੇ ਵਾਸਤੇ।ਪੜੇ–ਪੈ ਜਾਵੇ।੧।ਬਾਬਾ–ਹੇ ਬਜ਼ੁਰਗ ਜੋਗੀਓ!।ਗੋਰਖੁ–ਪ੍ਰਿਥਵੀ ਦਾ ਰਾਖਾ ਪ੍ਰਮਾਤਮਾ।ਸੋ–ਉਹ।ਜਿਨਿ–ਜਿਸ ਨੇ।ਗੋਇ–ਪ੍ਰਿਥਵੀ।ਉਠਾਲੀ–ਚੁੱਕੀ ਹੋਈ ਹੈ (ਆਸਰਾ ਦੇ ਕੇ ਰੱਖਿਆ ਹੈ)।ਕਰਤੇ–ਪੈਦਾ ਕਰਦਿਆਂ।ਬਾਰ–ਦੇਰ।੧।ਰਹਾਉ।ਪਾਣੀ ਪਵਣਿ–ਪਾਣੀ ਤੇ ਪੌਣ ਆਦਿ ਤੱਤਾਂ ਨਾਲ।ਬੰਧਿ ਰਾਖੇ–ਬੰਨ੍ਹ ਕੇ ਰੱਖੇ ਹਨ।ਮੁਖਿ ਦੀਏ–ਮੁਖੀ ਦੀਵੇ।ਕਉ–ਲਈ।ਦੀਨੀ–ਦਿਤੀ ਹੈ।ਏਤੇ ਗੁਣ–ਇਤਨੇ ਗੁਣ (ਉਪਕਾਰ)।ਵਿਸਰੇ–ਭੁਲ ਗਏ।੨।ਸਿਧ–ਜੋਗ ਸਾਧਨਾਂ ਵਿਚ ਪੁੱਗੇ ਹੋਏ ਜੋਗੀ।ਸਾਧਿਕ–ਸਾਧਨਾ ਕਰਨ ਵਾਲੇ।ਅਰੁ–ਅਤੇ।ਜੰਗਮ–ਸ਼ੈਵ ਮੱਤ ਦੇ ਜੋਗੀ, ਜੋ ਸਿਰ ਉਤੇ ਸੱਪ ਦੀ ਸ਼ਕਲ ਦੀ ਰੱਸੀ ਅਤੇ ਧਾਤ ਦਾ ਚੰਦ ਪਹਿਨਦੇ ਹਨ।ਪੀਰ ਪੁਰਸ–ਕਰਾਮਾਤੀ ਮਨੁੱਖ।ਬਹੁਤੇਰੇ–ਬਹੁਤ; ਅਨੇਕਾਂ।ਤਿਨ–ਉਨ੍ਹਾਂ ਨੂੰ ।ਮਿਲਾ–ਮੈਂ ਮਿਲਾਂ।ਕੀਰਤਿ–ਕੀਰਤਨ।ਆਖਾ–ਉਚਾਰਾਂਗਾ; ਆਖਾਂਗਾ।ਸੇਵ ਕਰੇ–ਸੇਵਾ ਕਰੇਗਾ।੩।ਘ੍ਰਿਤ ਸੰਗੇ–ਘਿਉ ਨਾਲ। ਐਸੇ–ਅਜੇਹੇ।ਜਨ–ਦਾਸ।ਕਿਆ ਕਰੇ–ਕੀ ਕਰ ਸਕਦਾ ਹੈ (ਕੁਛ ਨਹੀਂ ਵਿਗਾੜ ਸਕਦਾ)।੪।੪।

ਉਥਾਨਕਾ = ਗੁਰੂ ਜੀ ਮਛਿੰਦਰ ਨਾਥ ਜੋਗੀ ਨੂੰ ਜੋਗ ਦੇ ਅਸਲੀ ਲੱਛਣ ਦਸਦੇ ਹਨ।

ਰਾਮਕਲੀ ਮਹਲਾ ੧ ॥ ਸੁਣਿ ਮਾਛਿੰਦ੍ਰਾ, ਨਾਨਕੁ ਬੋਲੈ ॥ ਵਸਗਤਿ ਪੰਚ ਕਰੇ, ਨਹ ਡੋਲੈ ॥ ਐਸੀ ਜੁਗਤਿ, ਜੋਗ ਕਉ ਪਾਲੇ ॥ ਆਪਿ ਤਰੈ, ਸਗਲੇ ਕੁਲ ਤਾਰੇ ॥੧॥ ਸੋ ਅਉਧੂਤੁ ,ਐਸੀ ਮਤਿ ਪਾਵੈ ॥ ਅਹਿਨਿਸਿ, ਸੁੰਨਿ ਸਮਾਧਿ ਸਮਾਵੈ ॥੧॥ਰਹਾਉ॥ ਭਿਖਿਆ ਭਾਇ ਭਗਤਿ ਭੈ ਚਲੈ ॥ ਹੋਵੈ ਸੁ ਤ੍ਰਿਪਤਿ, ਸੰਤੋਖਿ ਅਮੁਲੈ ॥ ਧਿਆਨ ਰੂਪੁ ਹੋਇ ਆਸਣੁ ਪਾਵੈ ॥ ਸਚਿ ਨਾਮਿ ਤਾੜੀ ਚਿਤੁ ਲਾਵੈ ॥੨॥ ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ ॥ ਆਸਾ ਮਾਹਿ ਨਿਰਾਸੁ ਵਲਾਏ ॥ ਨਿਹਚਉ ਨਾਨਕ ਕਰਤੇ ਪਾਏ ॥੩॥ ਪ੍ਰਣਵਤਿ ਨਾਨਕੁ ਅਗਮੁ ਸੁਣਾਏ ॥ ਗੁਰ ਚੇਲੇ ਕੀ ਸੰਧਿ ਮਿਲਾਏ ॥ ਨਾਨਕ ਆਖਦਾ ਹੈ, ਹੇ ਮਛਿੰਦਰ

ਨਾਥ! ਤੂੰ ਸੁਣ। ਪੰਜ ਕਾਮਾਦਿਕਾਂ ਨੂੰ ਵਸ ਵਿਚ ਕਰੇ ਅਤੇ (ਕਾਮਾਦਿਕਾਂ ਅੱਗੇ ਮਨ ਨੂੰ) ਨਾ ਡੋਲਾਵੇ। ਇਹੋ ਜਿਹੀ ਜੁਗਤੀ ਨਾਲ ਜੋਗ ਨੂੰ ਪਾਲਦਾ ਰਹੇ। (ਇਸ ਜੁਗਤੀ ਨਾਲ ਉਹ) ਆਪ ਵੀ ਸੰਸਾਰ ਸਮੁੰਦਰ ਤੋਂ ਤਰ ਜਾਵੇਗਾ ਅਤੇ (ਅਪਣੀ) ਸਾਰੀ ਕੁਲ ਨੂੰ ਤਾਰ ਲਵੇਗਾ।੧। ਉਹ ਤਿਆਗੀ ਮਨੁੱਖ ਹੈ, ਜਿਹੜਾ ਅਜੇਹੀ (ਪਹਿਲੇ ਪਦੇ ਵਿਚ ਦੱਸੀ) ਮੱਤ ਪ੍ਰਾਪਤ ਕਰਦਾ ਹੈ। ਉਹ ਦਿਨ ਰਾਤ ਅਫੁਰ ਸਮਾਧੀ ਵਿਚ ਲੀਨ ਰਹਿੰਦਾ ਹੈ।੧। ਰਹਾਉ। ਭਗਤੀ ਭਾਵ ਦੀ ਭਿੱਖਿਆ ਮੰਗੇ ਅਤੇ ਹਰੀ ਦੇ ਭੈ ਵਿਚ ਚੱਲੇ। ਉਹ ਅਮੋਲਕ ਸੰਤੋਖ ਨਾਲ ਰੱਜ ਜਾਵੇ। ਹਰੀ ਵਿਚ ਧਿਆਨ ਜੋੜ ਕੇ (ਉਸ ਦਾ ਹੀ) ਰੂਪ ਹੋ ਜਾਵੇ, ਇਹ ਆਸਣ ਵਿਛਾਵੇ। ਸੱਚੇ ਨਾਮ ਵਿਚ (ਅਪਣੇ) ਚਿੱਤ ਨੂੰ ਜੋੜੇ, (ਇਹੋ ਜੋਗੀ ਦੀ) ਸਮਾਧੀ ਹੋਵੇ।੨। ਨਾਨਕ ਅੰਮ੍ਰਿਤ ਮਈ ਬਚਨ ਆਖਦਾ ਹੈ। ਹੇ ਮਛਿੰਦਰ! ਤਿਆਗੀ ਸਾਧੂ ਦੇ ਲੱਛਣ ਸੁਣ। ਆਸਾ ਵਿਚ ਨਿਰਾਸ ਹੋ ਕੇ ਜੀਵਨ ਬਤੀਤ ਕਰੇ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਨਿਸਚੇ ਹੀ ਕਰਤਾਰ ਨੂੰ ਪਾ ਲਵੇਗਾ।੩। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਮਛਿੰਦਰ! ਜਿਹੜਾ ਜੋਗੀ) ਅਪਹੁੰਚ ਪ੍ਰਭੂ ਦਾ ਜਸ ਆਪ ਸੁਣੇ ਤੇ ਹੋਰਨਾਂ ਨੂੰ ਸੁਣਾਵੇ। ਗੁਰੂ ਅਤੇ ਚੇਲੇ ਦਾ ਮੇਲ ਮਿਲਾਵੇ (ਪ੍ਰਭੂ ਨਾਲ ਇਕ ਰੂਪ ਹੋ ਜਾਵੇ)।

ਅੰਗ ੮੭੮ = **ਦੀਖਿਆ ਦਾਰੂ ਭੋਜਨੁ ਖਾਇ ॥ ਛਿਅ ਦਰਸਨ ਕੀ ਸੋਝੀ ਪਾਇ ॥੪॥੫॥** (ਗੁਰੂ ਦੀ) ਸਿੱਖਿਆ ਨੂੰ (ਕਾਮਾਦਿਕ ਰੋਗਾਂ ਦੀ) ਦਾਰੂ ਬਣਾਵੇ; ਗੁਰੂ ਦੀ ਸਿਖਿਆ ਰੂਪ ਸ਼ਰਾਬ ਪੀਵੇ ਅਤੇ (ਗੁਰੂ ਦੀ ਸਿੱਖਿਆ ਰੂਪ) ਆਤਮਕ ਭੋਜਨ ਖਾਵੇ। (ਇਸ ਤਰ੍ਹਾਂ ਜੋਗੀ) ਛੇ ਭੇਖਾਂ ਜਾਂ ਛੇ ਸ਼ਾਸਤ੍ਰਾਂ ਦੀ ਸਮਝ ਪਾ ਲਵੇਗਾ।੪।੫।

ਪਦਾਰਥ = ਮਾਛਿੰਦਾ–ਗੋਰਖ ਨਾਥ ਦਾ ਗੁਰੂ ਮਛਿੰਦਰ ਨਾਥ (ਜੋ ਪ੍ਰਸਿੱਧ ਜੋਗੀ ਹੋਇਆ ਹੈ)। ਵਸਗਤਿ–ਵਸ ਵਿਚ। ਪੰਚ–ਪੰਜ ਕਾਮਾਦਿਕ ਵਿਕਾਰ। ਕਉ–ਨੂੰ। ਪਾਲੇ–ਪਾਲੇ (ਕਮਾਵੇ; ਸੰਭਾਲੇ)। ਸਗਲੇ ਕੁਲ–ਸਾਰੇ ਖਾਨਦਾਨ ਨੂੰ। ਤਾਰੇ–ਤਾਰ ਲਵੇਗਾ।੧। ਸੋ–ਉਹ। ਅਉਧੂਤੁ–ਤਿਆਗੀ ਮਨੁੱਖ; ਵਿਰੱਕਤ ਸਾਧੂ। ਮਤਿ–ਅਕਲ; ਗਿਆਨ। ਪਾਵੈ–ਪ੍ਰਾਪਤ ਕਰਦਾ ਹੈ। ਅਹਿਨਿਸਿ–ਦਿਨ ਰਾਤ। ਸੁੰਨ ਸਮਾਧੀ–ਉਹ ਸਮਾਧੀ, ਜਿਸ ਵਿਚ ਕੋਈ ਫੁਰਨਾ ਨਹੀਂ ਫੁਰਦਾ। ਸਮਾਵੈ–ਲੀਨ ਰਹਿੰਦਾ ਹੈ।੧। ਰਹਾਉ। ਭਾਇ ਭਗਤਿ–ਭਗਤੀ ਭਾਵ ਦੀ। ਭੈ ਚਲੈ–ਹਰੀ ਦੇ ਭੈ ਵਿਚ ਚੱਲੇ (ਜੀਵਨ ਬਸਰ ਕਰੇ)। ਸੁ–ਉਹ। ਸੰਤੋਖਿ–ਸੰਤੋਖ ਨਾਲ। ਹੋਵੈ ਤ੍ਰਿਪਤਿ–ਰੱਜ ਜਾਵੇ। ਧਿਆਨ ਰੂਪਿ ਹੋਇ–ਧਿਆਨ ਜੋੜ ਕੇ ਹਰੀ ਦਾ ਰੂਪ ਹੋ ਜਾਵੇ। ਆਸਣੁ ਪਾਵੈ–ਆਸਣ ਵਿਛਾਵੇ। ਸਚਿ ਨਾਮਿ–ਸੱਚੇ ਨਾਮ ਵਿਚ। ਤਾੜੀ–ਚੌਕੜੀ; ਸਮਾਧੀ।੨। ਅੰਮ੍ਰਿਤ ਬਾਣੀ–ਅਮਰ ਕਰ ਦੇਣ ਵਾਲੇ ਬਚਨ। ਅਉਧੂ ਨੀਸਾਣੀ–ਤਿਆਗੀ ਸਾਧੂ ਦੇ ਲੱਛਣ। ਆਸਾ ਮਾਹਿ–ਆਸਾਂ ਵਿਚ। ਨਿਰਾਸ–ਆਸਾ ਰਹਿਤ। ਵਲਾਏ–ਜੀਵਨ ਬਤੀਤ ਕਰੇ। ਨਿਹਚਉ–ਨਿਸਚੇ ਹੀ। ਕਰਤੇ–ਕਰਤਾਰ। ਪਾਏ–ਪਾ ਲਵੇਗਾ।੩। ਪ੍ਰਣਵਤਿ–ਆਖਦਾ ਹੈ; ਬੇਨਤੀ ਕਰਦਾ ਹੈ। ਅਗਮੁ–ਮਨ ਬਾਣੀ ਦੀ ਪਹੁੰਚ ਤੋਂ ਪਰੇ ਪ੍ਰਭੂ। ਸੰਧਿ–ਮਿਲਾਪ। ਦੀਖਿਆ–ਸਿੱਖਿਆ। ਦਾਰੂ–ਦਵਾਈ; ਸ਼ਰਾਬ। ਛਿਅ ਦਰਸਨ–ਛੇ ਭੇਖ (ਜੋਗੀ, ਜੰਗਮ, ਸੰਨਿਆਸੀ, ਬੋਧੀ, ਸਰੇਵੜੇ ਤੇ ਬੈਰਾਗੀ); ਛੇ ਸ਼ਾਸਤ੍ਰ (ਵੈਸ਼ੇਸ਼ਿਕ, ਨਿਆਇ, ਸਾਂਖ, ਜੋਗ, ਮੀਮਾਂਸਾ ਅਤੇ ਵੇਦਾਂਤ)। ਸੋਝੀ–ਸਮਝ; ਗਿਆਨ।੪।੫।

ਰਾਮਕਲੀ ਮਹਲਾ ੧ ॥ ਹਮ ਡੋਲਤ ਬੇੜੀ ਪਾਪ ਭਰੀ ਹੈ, ਪਵਣੁ ਲਗੈ ਮਤੁ ਜਾਈ ॥ ਸਨਮੁਖ ਸਿਧ ਭੇਟਣ ਕਉ ਆਏ, ਨਿਹਚਉ ਦੇਹਿ ਵਡਿਆਈ ॥੧॥ ਗੁਰ ਤਾਰਿ ਤਾਰਣਹਾਰਿਆ ॥ ਦੇਹਿ ਭਗਤਿ ਪੂਰਨ ਅਵਿਨਾਸੀ, ਹਉ ਤੁਝ ਕਉ ਬਲਿਹਾਰਿਆ ॥੧॥ ਰਹਾਉ॥ ਸਿਧ ਸਾਧਿਕ ਜੋਗੀ ਅਰੁ ਜੰਗਮ, ਏਕੁ ਸਿਧੁ ਜਿਨੀ ਧਿਆਇਆ ॥ ਪਰਸਤ ਪੈਰ ਸਿਝਤ ਤੇ ਸੁਆਮੀ, ਅਖਰੁ ਜਿਨ ਕਉ ਆਇਆ ॥੨॥ ਜਪ ਤਪ ਸੰਜਮ ਕਰਮ ਨ ਜਾਨਾ, ਨਾਮੁ ਜਪੀ ਪ੍ਰਭ ਤੇਰਾ ॥ ਗੁਰੁ ਪਰਮੇਸਰੁ ਨਾਨਕ ਭੇਟਿਓ, ਸਾਚੈ ਸਬਦਿ ਨਿਬੇਰਾ ॥੩॥੬॥ (ਹੇ ਪ੍ਰਭੂ!) ਅਸੀਂ ਸਮੂੰਹ ਜੀਵ ਡੋਲ ਰਹੇ ਹਾਂ, (ਕਿਉਂਕਿ ਸਾਡੀ) ਦੇਹ ਰੂਪ ਬੇੜੀ ਪਾਪਾਂ ਨਾਲ ਭਰੀ ਹੋਈ ਹੈ ,ਮਤਾਂ (ਵਾਸ਼ਨਾ ਰੂਪ) ਹਵਾ ਲਗਣ ਨਾਲ (ਭਵਜਲ ਵਿਚ) ਡੁਬ ਜਾਵੇ (ਜੀਵਨ ਪਾਪਾਂ ਵਾਲਾ ਹੋਣ ਕਰਕੇ ਹਰ ਵੇਲੇ ਡੁਬਣ ਦਾ ਖਤਰਾ ਲੱਗਾ ਰਹਿੰਦਾ ਹੈ। ਇਸ ਦੇ ਬਚਣ ਵਾਸਤੇ) ਹੇ ਸਿੱਧੀ ਵਾਲੇ ਪ੍ਰਭੂ! ਅਸੀਂ ਤੇਰੇ ਸਨਮੁਖ ਮਿਲਣ ਵਾਸਤੇ ਆਏ ਹਾਂ, ਸਾਨੂੰ ਜਰੂਰ ਮਿਲਣ ਦਾ ਮਾਣ ਬਖਸ਼।੧। ਤਾਰਨ ਵਾਲੇ ਹੇ ਗੁਰੂ! (ਸਾਨੂੰ ਸੰਸਾਰੀ ਜੀਵਾਂ ਨੂੰ ਸੰਸਾਰ ਸਮੁੰਦਰ ਤੋਂ) ਤਾਰ ਦੇਹ। ਹੇ ਨਾਸ਼ ਰਹਿਤ ਪੂਰਨ ਪ੍ਰਭੂ! (ਸਾਨੂੰ ਅਪਣੀ) ਭਗਤੀ ਬਖਸ਼ ਦੇਹ, ਮੈਂ ਤੇਰੇ ਤੋਂ ਬਲਿਹਾਰ ਜਾਂਦਾ ਹਾਂ।੧। ਰਹਾਉ। ਸਿੱਧ, ਸਾਧਿਕ, ਜੋਗੀ ਅਤੇ ਜੰਗਮ, (ਇਨ੍ਹਾਂ ਵਿਚੋਂ) ਜਿਸ ਨੇ ਵੀ ਇਕ ਪ੍ਰਭੂ ਨੂੰ ਧਿਆਇਆ ਹੈ। ਅਤੇ ਜਿਨ੍ਹਾਂ ਨੂੰ ਨਾਮ ਰੂਪ ਅੱਖਰ ਪ੍ਰਾਪਤ ਹੋ ਆਇਆ ਹੈ, ਉਹ ਮਾਲਕ ਪ੍ਰਭੂ ਦੇ ਚਰਨ ਛੋਂਹਦਿਆਂ ਹੀ ਮੁਕਤ ਹੋ ਜਾਂਦੇ ਹਨ।੨। ਹੇ ਪ੍ਰਭੂ! ਮੈਂ (ਕਿਸੇ ਪ੍ਰਕਾਰ ਦਾ) ਜਪ ਤਪ ਸੰਜਮ

ਆਦਿ ਕਰਮ ਕਰਨ ਨਹੀਂ ਜਾਣਦਾ, ਸਿਰਫ ਤੇਰਾ ਨਾਮ ਜਪਦਾ ਹਾਂ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੂੰ) ਗੁਰੂ ਪ੍ਰਮੇਸਰ ਮਿਲਿਆ ਹੈ, (ਉਸ ਦਾ) ਗੁਰੂ ਦੇ ਸੱਚੇ ਸ਼ਬਦ ਦੁਆਰਾ ਜਨਮ ਮਰਨ ਦਾ ਅੰਤ ਗਿਆ ਹੈ।੩।੬।

ਪਦਾਰਥ = ਹਮ–ਅਸੀਂ (ਸਾਰੇ ਜੀਵ)। ਡੋਲਤ–ਡੋਲ ਰਹੇ ਹਾਂ। ਬੇੜੀ–ਸਰੀਰ ਰੂਪ ਬੇੜੀ। ਪਵਣੁ–ਵਾਸ਼ਨਾ ਰੂਪ ਹਵਾ। ਮਤੁ–ਮਤਾਂ; ਸ਼ਾਇਦ। ਸਨਮੁਖ–ਸਾਹਮਣੇ। ਸਿਧ–ਹੇ ਸਿੱਧੀ ਵਾਲੇ ਪ੍ਰਭੂ ! । ਭੇਟਣ ਕਉ–ਮਿਲਣ ਲਈ। ਨਿਹਚਉ–ਜਰੂਰ। ਦੇਹਿ ਵਡਿਆਈ–ਮਾਣ ਬਖਸ਼।੧। ਗੁਰ ਤਾਰਣਹਾਰਿਆ–ਤਾਰਨ ਵਾਲੇ ਹੇ ਗੁਰੂ ! । ਪੂਰਨ–ਸਰਬ ਵਿਆਪਕ। ਅਬਿਨਾਸੀ–ਨਾਸ਼ ਰਹਿਤ। ਹਉ–ਮੈਂ । ਤੁਝ ਕਉ–ਤੇਰੇ ਤੋਂ। ਬਲਿਹਾਰਿਆ–ਸਦਕੇ ਜਾਂਦਾ ਹਾਂ।੧। ਰਹਾਉ। ਸਿਧ–ਕਰਾਮਾਤੀ ਪੁਗੇ ਹੋਏ ਜੋਗੀ। ਸਾਧਿਕ–ਸਾਧਨਾ ਕਰਨ ਵਾਲੇ ਸਾਧੂ। ਅਰੁ–ਅਤੇ। ਜੰਗਮ–ਸ਼ੈਵ ਮੱਤ ਦੇ ਜੋਗੀ, ਜੋ ਸਿਰ ਉਤੇ ਸੱਪ ਦੀ ਸ਼ਕਲ ਵਾਲੀ ਰੱਸੀ ਪਹਿਨਦੇ ਹਨ। ਏਕੁ ਸਿਧੁ–ਇਕ ਪ੍ਰਭੂ ਨੂੰ। ਜਿਨਿ–ਜਿਸ ਨੇ। ਪਰਸਤ ਪੈਰ–ਚਰਨ ਛੋਂਹਦਿਆਂ ਹੀ। ਸਿਝਤ–ਮੁਕਤ ਹੋ ਜਾਂਦੇ ਹਨ। ਤੇ–ਉਹ। ਸੁਆਮੀ–ਮਾਲਕ ਪ੍ਰਭੂ। ਅਖਰੁ–ਨਾਮ ਰੂਪ ਅੱਖਰ। ਜਿਨ ਕਉ–ਜਿਨ੍ਹਾਂ ਨੂੰ।੨। ਜਪ–ਮੰਤ੍ਰਾਂ ਦਾ ਰਟਨ। ਤਪ–ਤਪੱਸਿਆ। ਸੰਜਮ–ਇੰਦ੍ਰੀਆਂ ਨੂੰ ਰੋਕਣ ਦਾ ਸਾਧਨ। ਕਰਮ–ਧਾਰਮਕ ਕਰਮ। ਨ ਜਾਨਾ–ਮੈਂ ਨਹੀਂ ਜਾਣਦਾ। ਜਪੀ–ਜਪਦਾ ਹਾਂ। ਭੇਟਿਓ–ਮਿਲਿਆ। ਸਾਚੈ ਸਬਦਿ–ਗੁਰੂ ਦੇ ਸੱਚੇ ਸ਼ਬਦ ਦੁਆਰਾ। ਨਿਬੇਰਾ–ਜਨਮ ਮਰਨ ਦਾ ਅੰਤ ਹੋ ਗਿਆ।੩।੬।

ਰਾਮਕਲੀ ਮਹਲਾ ੧ ॥ ਸੁਰਤੀ ਸੁਰਤਿ ਰਲਾਈਐ ਏਤੁ ॥ ਤਨੁ ਕਰਿ ਤੁਲਹਾ, ਲੰਘਹਿ ਜੇਤੁ ॥ ਅੰਤਰਿ ਭਾਹਿ, ਤਿਸੈ ਤੂ ਰਖੁ ॥ ਅਹਿਨਿਸਿ ਦੀਵਾ ਬਲੈ ਅਥਕੁ ॥੧॥ ਐਸਾ ਦੀਵਾ ਨੀਰਿ ਤਰਾਇ ॥ ਜਿਤੁ ਦੀਵੈ, ਸਭ ਸੋਝੀ ਪਾਇ ॥੧॥ਰਹਾਉ॥ ਹਛੀ ਮਿਟੀ ਸੋਝੀ ਹੋਇ ॥ ਤਾ ਕਾ ਕੀਆ ਮਾਨੈ ਸੋਇ ॥ ਕਰਣੀ ਤੇ ਕਰਿ ਚਕਹੁ ਢਾਲਿ ॥ ਐਥੈ ਓਥੈ ਨਿਬਹੀ ਨਾਲਿ ॥੨॥ ਆਪੇ ਨਦਰਿ ਕਰੇ ਜਾ ਸੋਇ ॥ ਗੁਰਮੁਖਿ ਵਿਰਲਾ ਬੂਝੈ ਕੋਇ ॥ ਤਿਤੁ ਘਟਿ ਦੀਵਾ ਨਿਹਚਲੁ ਹੋਇ ॥ ਪਾਣੀ ਮਰੈ ਨ ਬੁਝਾਇਆ ਜਾਇ ॥ ਐਸਾ ਦੀਵਾ ਨੀਰਿ ਤਰਾਇ ॥੩॥ ਡੋਲੈ ਵਾਉ ਨ ਵਡਾ ਹੋਇ ॥ ਜਾਪੈ ਜਿਉ ਸਿੰਘਾਸਣਿ ਲੋਇ ॥ ਖਤ੍ਰੀ ਬ੍ਰਾਹਮਣੁ ਸੂਦੁ ਕਿ ਵੈਸੁ ॥ ਨਿਰਤਿ ਨ ਪਾਈਆ ਗਣੀ ਸਹੰਸ ॥ ਐਸਾ ਦੀਵਾ ਬਾਲੇ ਕੋਇ ॥ ਨਾਨਕ ਸੋ ਪਾਰੰਗਤਿ ਹੋਇ ॥੪॥੭॥ (ਹੇ ਭਾਈ !) ਇਸ ਮਨੁੱਖਾ ਜਨਮ ਵਿਚ ਪ੍ਰਭੂ ਵਿਚ ਸੁਰਤ ਮਿਲਾਉਣੀ ਚਾਹੀਦੀ ਹੈ। ਸਰੀਰ ਨੂੰ ਤੁਲਹਾ ਬਣਾ, ਜਿਸ ਨਾਲ ਤੂੰ (ਸੰਸਾਰ ਸਮੁੰਦਰ ਤੋਂ) ਪਾਰ ਲੰਘ ਜਾਵੇਂ। (ਜੋ ਸਰੀਰ ਦੇ) ਅੰਦਰ ਤ੍ਰਿਸ਼ਨਾ ਦੀ ਅੱਗ ਹੈ, ਉਸ ਨੂੰ ਤੂੰ ਰੋਕ ਕੇ ਰੱਖ। (ਫਿਰ ਤੇਰੇ ਅੰਦਰ) ਦਿਨ ਰਾਤ ਲਗਾਤਾਰ ਗਿਆਨ ਰੂਪ ਦੀਵਾ ਬਲਦਾ ਰਹੇਗਾ।੧। (ਹੇ ਭਾਈ !) ਇਹੋ ਜਿਹਾ ਗਿਆਨ ਰੂਪ ਦੀਵਾ ਹਿਰਦੇ ਰੂਪ ਪਾਣੀ ਉਤੇ ਤਾਰ ਲੈ। ਜਿਸ ਦੀਵੇ ਰਾਹੀਂ ਤੈਨੂੰ ਸਾਰਾ ਗਿਆਨ ਪ੍ਰਾਪਤ ਹੋਵੇ।੧। ਰਹਾਉ। (ਇਹ ਦੀਵਾ ਕਿਸ ਮਿੱਟੀ ਦਾ ਬਣਿਆ ਹੋਵੇ ?) ਭਲੇ ਬੁਰੇ ਦੀ ਸਮਝ ਰੂਪ ਚੰਗੀ ਮਿੱਟੀ ਹੋਵੇ। ਉਸ (ਮਿੱਟੀ) ਦਾ ਬਣਿਆ ਦੀਵਾ ਉਹ ਪ੍ਰਭੂ ਮੰਨਦਾ (ਪ੍ਰਵਾਨ ਕਰਦਾ) ਹੈ। ਸ਼ੁੱਭ ਕਰਣੀ ਦੇ ਚੱਕ ਉਤੇ (ਉਸ ਦੀਵੇ ਦੀ ਮਿੱਟੀ ਨੂੰ) ਢਾਲ ਕਰਕੇ (ਦੀਵਾ ਬਣਾ। ਅਜੇਹਾ ਦੀਵਾ) ਇਥੇ ਉਥੇ (ਲੋਕ ਪ੍ਰਲੋਕ ਵਿਚ ਤੇਰੇ ਨਾਲ) ਨਿਭੇਗਾ।੨। (ਹੇ ਭਾਈ !) ਜਦ ਉਹ ਪ੍ਰਭੂ ਆਪ ਹੀ ਮੇਹਰ ਦੀ ਨਜਰ ਕਰਦਾ ਹੈ। (ਤਦ) ਕੋਈ ਵਿਰਲਾ ਮਨੁੱਖ ਗੁਰੂ ਦੀ ਸ਼ਰਣ ਵਿਚ ਪੈ ਕੇ (ਇਸ ਤਰ੍ਹਾਂ ਦਾ ਦੀਵਾ ਜਗਾਉਣਾ) ਸਮਝਦਾ ਹੈ। ਉਸ ਮਨੁੱਖ ਦੇ ਹਿਰਦੇ ਵਿਚ (ਇਹ ਦੀਵਾ) ਅਡੋਲ ਹੋ ਕੇ ਬਲਦਾ ਹੈ। (ਇਹ ਦੀਵਾ) ਪਾਣੀ ਵਿਚ ਮਰਦਾ (ਡੁਬਦਾ) ਨਹੀਂ ਅਤੇ ਨਾ ਹੀ (ਹਵਾ ਤੋਂ) ਬੁਝਾਇਆ ਜਾਂਦਾ ਹੈ। ਇਹੋ ਜਿਹਾ (ਗਿਆਨ ਰੂਪ) ਦੀਵਾ ਹਿਰਦੇ ਰੂਪ ਪਾਣੀ ਵਿਚ ਤਾਰ; ਇਹੋ ਜਿਹਾ ਦੀਵਾ ਤੈਨੂੰ ਪਾਣੀ (ਸੰਸਾਰ ਸਮੁੰਦਰ) ਤੋਂ ਤਾਰ ਦੇਵੇਗਾ।੩। (ਇਹ ਦੀਵਾ ਦੁਖ ਤੇ ਵਾਸ਼ਨਾ ਰੂਪ) ਹਵਾ ਵਿਚ ਡੋਲਦਾ ਨਹੀਂ (ਅਤੇ ਹਵਾ ਨਾਲ) ਬੁਝਦਾ ਵੀ ਨਹੀਂ। (ਇਸ ਦੀਵੇ ਦੀ) ਲੋ ਨਾਲ ਉਹ ਪ੍ਰਭੂ ਇਉਂ ਜਾਪਦਾ ਹੈ, ਜਿਵੇਂ ਉਹ ਹਿਰਦੇ ਰੂਪ ਸਿੰਘਾਸਨ ਤੇ ਬੈਠਾ ਹੈ। (ਹੇ ਭਾਈ !) ਭਾਵੇਂ ਕੋਈ ਖਤ੍ਰੀ, ਬ੍ਰਾਹਮਣ, ਸ਼ੂਦ੍ਰ ਜਾਂ ਵੈਸ਼ ਹੋਵੇ। (ਇਹ ਚਾਰ ਵਰਨ ਹੀ ਨਹੀਂ), ਨਿਰਣਾ ਨਹੀਂ ਪਾਇਆ ਜਾਂਦਾ, (ਜੇ ਇਹੋ ਜਿਹੀਆਂ) ਮੈਂ ਹਜਾਰਾਂ ਜਾਤੀਆਂ ਗਿਣਾਂ। (ਉਨ੍ਹਾਂ ਜਾਤੀਆਂ ਵਿਚੋਂ ਜਿਹੜਾ) ਕੋਈ ਮਨੁੱਖ ਇਹੋ ਜਿਹਾ ਦੀਵਾ ਬਾਲਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਸੰਸਾਰ ਸਮੁੰਦਰ ਤੋਂ ਪਾਰ ਪਹੁੰਚਣ ਵਾਲਾ ਹੋ ਜਾਵੇਗਾ।੪।੭।

ਪਦਾਰਥ = ਸੁਰਤੀ–ਸਭ ਤਰ੍ਹਾਂ ਦੇ ਗਿਆਨ ਦੇ ਮਾਲਕ ਪ੍ਰਭੂ ਵਿਚ। ਸੁਰਤਿ–ਬਿਰਤੀ। ਰਲਾਈਐ–ਮਿਲਾਉਣੀ ਚਾਹੀਦੀ ਹੈ। ਏਤੁ –ਇਸ ਜਨਮ ਵਿਚ। ਤਨੁ–ਸਰੀਰ। ਕਰਿ–ਬਣਾ। ਤੁਲਹਾ–ਨਦੀ ਪਾਰ ਕਰਨ ਲਈ ਰੱਸੀਆਂ ਨਾਲ ਕੱਖਾਂ ਕਾਨਿਆਂ ਦਾ ਬਣਾਇਆ ਬੇੜਾ। ਜੇਤੁ–ਜਿਸ ਨਾਲ। ਅੰਤਰਿ–ਸਰੀਰ ਦੇ ਅੰਦਰ। ਭਾਹਿ–ਅੱਗ। ਤਿਸੈ–ਉਸ ਨੂੰ। ਅਹਿ–ਦਿਨ। ਨਿਸਿ–ਰਾਤ। ਅਥਕ–(ਅਥੱਕ

ਬੋਲੋ) ਨਾ ਥੱਕਣ ਵਾਲਾ (ਲਗਾਤਾਰ; ਅਖੰਡ)।੧।ਨੀਰਿ–ਪਾਣੀ ਉਤੇ।ਤਰਾਇ–ਤਾਰ ਲੈ।ਜਿਤੁ ਦੀਵੈ–ਜਿਸ ਦੀਵੇ ਰਾਹੀਂ।ਸੋਝੀ–ਸਮਝ; ਗਿਆਨ।ਪਾਇ–ਪ੍ਰਾਪਤ ਹੋਵੇ।੧।ਰਹਾਉ।ਹਛੀ ਮਿਟੀ–ਚੰਗੀ ਮਿੱਟੀ।ਤਾ ਕਾ–ਉਸ (ਮਿੱਟੀ) ਦਾ।ਕੀਆ–ਕੀਤਾ (ਬਣਿਆ)।ਮਾਨੈ–ਮੰਨਦਾ ਹੈ; ਪ੍ਰਵਾਨ ਕਰਦਾ ਹੈ।ਸੋਇ–ਉਹ (ਪ੍ਰਭੂ)।ਕਰਣੀ–ਸ਼ੁੱਭ ਕਰਣੀ।ਤੇ–ਉਤੇ।ਚਕਹੁ–ਘੁਮਿਆਰ ਦਾ ਚੱਕਰ, ਜਿਸ ਉਤੇ ਮਿੱਟੀ ਦੇ ਭਾਂਡੇ ਬਣਾਈਦੇ ਹਨ।ਢਾਲਿ–ਬਣਾ।ਐਥੈ ਓਥੈ–ਇਥੇ ਉਥੇ (ਲੋਕ ਪ੍ਰਲੋਕ ਵਿਚ)।ਨਿਬਹੀ–ਨਿਭੇਗਾ (ਸਾਥ ਦੇਵੇਗਾ)।੨।ਨਦਰਿ ਕਰੇ–ਮੇਹਰ ਦੀ ਨਜਰ ਕਰਦਾ ਹੈ।ਜਾ–ਜਦੋਂ।ਗੁਰਮੁਖਿ–ਗੁਰੂ ਦੀ ਸਰਣ ਵਿਚ ਪੈ ਕੇ।ਬੂਝੈ–ਸਮਝਦਾ ਹੈ।ਤਿਤੁ ਘਟਿ–ਉਸ ਦੇ ਹਿਰਦੇ ਵਿਚ।ਨਿਹਚਲੁ–ਅਡੋਲ।ਮਰੈ ਨ–ਮਰਦਾ (ਡੁਬਦਾ) ਨਹੀਂ।੩।ਵਾਉ–ਹਵਾ।ਨ ਵਡਾ ਹੋਇ–ਬੁਝਦਾ ਨਹੀਂ।ਜਾਪੈ–ਜਾਪਦਾ (ਦਿਸਦਾ) ਹੈ।ਸਿੰਘਾਸਣਿ–ਹਿਰਦੇ ਰੂਪ ਸਿੰਘਾਸਣ ਉਤੇ।ਲੋਇ–ਲੋ (ਚਾਨਣ)।ਕਿ–ਭਾਵੇਂ। ਨਿਰਤਿ–ਨਿਰਣਾ; ਕੀਮਤ; ਪਰਖ।ਗਣੀ–ਜੇ ਮੈਂ ਗਿਣਾਂ।ਸਹੰਸ–ਹਜਾਰਾਂ ਹੀ (ਜਾਤੀਆਂ)।ਬਾਲੈ–ਬਾਲਦਾ (ਜਗਾਉਂਦਾ) ਹੈ।ਸੋ–ਉਹ।ਪਾਰੰਗਤਿ–ਪਾਰ ਪਹੁੰਚਣ ਵਾਲਾ ਹੋ ਜਾਵੇਗਾ; ਮੁਕਤ ਹੋ ਜਾਵੇਗਾ।੪।੭।

ਸਾਰੰਸ਼ = ਕੱਤਕ ਦੇ ਮਹੀਨੇ ਵਿਚ ਪੂਰਨਮਾਸੀ ਵਾਲੇ ਦਿਨ ਔਰਤਾਂ ਆਟੇ ਦੇ ਦੀਵੇ ਬਣਾ ਕੇ ਤਲਾਵਾਂ ਵਿਚ ਤੁਲਹੇ ਉਤੇ ਰੱਖ ਕੇ ਤਾਰਦੀਆਂ ਹਨ।ਉਨ੍ਹਾਂ ਦਾ ਵਿਸ਼ਵਾਸ ਹੈ ਕਿ ਇਸ ਨਾਲ ਪ੍ਰਲੋਕ ਦੇ ਰਸਤੇ ਵਿਚ ਚਾਨਣ ਹੋਵੇਗਾ।ਇਸ ਸ਼ਬਦ ਵਿਚ ਗਿਆਨ ਦਾ ਦੀਵਾ ਬਣਾ ਕੇ ਬਾਲਣ ਦਾ ਉਪਦੇਸ਼ ਹੈ, ਜਿਸ ਨਾਲ ਸੰਸਾਰ ਯਾਤਰਾ ਸਫਲ ਹੋ ਜਾਂਦੀ ਹੈ ਅਤੇ ਪ੍ਰਭੂ ਨਾਲ ਮੇਲ ਹੁੰਦਾ ਹੈ।

ਰਾਮਕਲਕੀ ਮਹਲਾ ੧ ॥ ਤੁਧਨੋ ਨਿਵਣੁ ,ਮੰਨਣੁ ਤੇਰਾ ਨਾਉ ॥ ਸਾਚੁ ਭੇਟ, ਬੈਸਣ ਕਉ ਥਾਉ ॥ ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥੧॥ ਨਾਨਕ ਬਿਰਥਾ ਕੋਇ ਨ ਹੋਇ ॥ ਐਸੀ ਦਰਗਹ ਸਾਚਾ ਸੋਇ ॥੧॥ਰਹਾਉ॥ ਪ੍ਰਾਪਤਿ ਪੋਤਾ ਕਰਮੁ ਪਸਾਉ ॥ ਤੂ ਦੇਵਹਿ, ਮੰਗਤ ਜਨ ਚਾਉ ॥ ਭਾਡੈ ਭਾਉ ਪਵੈ ਤਿਤੁ ਆਇ ॥ ਧੁਰਿ ਤੈ ਛੋਡੀ, ਕੀਮਤਿ ਪਾਇ ॥੨॥ ਜਿਨਿ ਕਿਛੁ ਕੀਆ, ਸੋ ਕਿਛੁ ਕਰੈ ॥ ਅਪਨੀ ਕੀਮਤਿ, ਆਪੇ ਧਰੈ ॥ ਗੁਰਮੁਖਿ ਪਰਗਟੁ ਹੋਆ ਹਰਿ ਰਾਇ ॥ ਨਾ ਕੋ ਆਵੈ, ਨਾ ਕੋ ਜਾਇ ॥੩॥ ਲੋਕੁ ਧਿਕਾਰੁ ਕਹੈ ਮੰਗਤ ਜਨ, ਮਾਗਤ ਮਾਨੁ ਨ ਪਾਇਆ ॥ ਸਹ ਕੀਆ ਗਲਾ ਦਰ ਕੀਆ ਬਾਤਾ, ਤੈ ਤਾ ਕਹਣੁ ਕਹਾਇਆ ॥੪॥੮॥ ਹੇ ਪ੍ਰਭੂ ! ਤੇਰੇ ਨਾਮ ਨੂੰ ਮੰਨਣਾ (ਪੂਜਣਾ; ਸਿਮਰਨਾ) ਹੀ ਤੈਨੂੰ ਨਮਸ਼ਕਾਰ ਕਰਨਾ ਹੈ।ਸੱਚੇ ਨਾਮ ਦਾ ਸਿਮਰਨ ਰੂਪ ਭੇਟਾ (ਤੇਰੇ ਅੱਗੇ) ਰੱਖਣ ਨਾਲ (ਤੇਰੇ ਪਾਸ) ਬੈਠਣ ਨੂੰ ਥਾਂ ਮਿਲਦੀ ਹੈ।ਸਤ ਸੰਤੋਖ (ਆਦਿ ਗੁਣ ਧਾਰ ਕੇ ਮਨੁੱਖ ਦੀ) ਅਰਦਾਸ ਹੋਵੇ, ਤਾਂ (ਤੂੰ ਅਰਦਾਸ) ਸੁਣ ਕੇ (ਜੀਵ ਨੂੰ) ਸੱਦ ਕੇ ਅਪਣੇ ਪਾਸ ਬਿਠਾ ਲੈਂਦਾ ਹੈਂ।੧।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਸੱਚਾ ਪ੍ਰਭੂ ਐਸਾ ਹੈ, ਉਸ ਦੀ ਦਰਗਾਹ ਐਸੀ ਹੈ (ਕਿ ਉਸ ਦੇ ਦਰ ਤੇ ਪਹੁੰਚ ਕੇ) ਕੋਈ ਵੀ ਜੀਵ ਖਾਲੀ ਨਹੀਂ ਮੁੜਦਾ ਹੁੰਦਾ (ਉਹ ਸਭ ਨੂੰ ਦਾਤਾਂ ਦੇਂਦਾ ਹੈ)।੧।ਰਹਾਉ।(ਹੇ ਪ੍ਰਭੂ ! ਉਸ ਮਨੁੱਖ ਨੂੰ ਤੇਰੇ ਨਾਮ ਦਾ) ਖਜਾਨਾ ਪ੍ਰਾਪਤ ਹੁੰਦਾ ਹੈ, (ਜਿਸ ਉਤੇ ਤੇਰੀ) ਬਖਸ਼ਿਸ਼ ਅਤੇ ਕਿਰਪਾ ਹੁੰਦੀ ਹੈ।ਮੈਂ ਮੰਗਤੇ ਸੇਵਕ ਨੂੰ ਇਹੋ ਚਾਉ ਹੈ ਕਿ (ਤੂੰ ਮੈਨੂੰ ਨਾਮ ਦੀ ਦਾਤ) ਬਖਸ਼ ਦੇਵੇਂ।ਜਿਸ ਹਿਰਦੇ ਰੂਪ ਭਾਂਡੇ ਵਿਚ ਤੇਰਾ ਪ੍ਰੇਮ ਹੁੰਦਾ ਹੈ, ਉਸ ਵਿਚ (ਨਾਮ ਦੀ ਦਾਤ) ਆ ਕੇ ਪੈਂਦੀ ਹੈ, (ਉਸ ਹਿਰਦੇ ਵਿਚ) ਤੈਂ ਧੁਰ ਤੋਂ ਹੀ (ਨਾਮ ਦੀ) ਕਦਰ ਪਾ ਛੱਡੀ ਹੈ (ਪ੍ਰੇਮੀ ਪੁਰਖ ਹੀ ਨਾਮ ਦੀ ਕੀਮਤ ਜਾਣਦਾ ਹੈ)।੨।(ਹੇ ਭਾਈ !) ਜਿਸ ਪ੍ਰਭੂ ਨੇ ਇਹ ਸਾਰਾ ਕੁਛ (ਜਗਤ) ਪੈਦਾ ਕੀਤਾ ਹੈ, ਉਹ ਹੀ ਸਭ ਕੁਛ ਕਰ ਰਿਹਾ ਹੈ।(ਜੀਵਾਂ ਦੇ ਹਿਰਦੇ ਵਿਚ ਉਹ) ਅਪਣੀ ਕਦਰ ਆਪ ਹੀ ਟਿਕਾਉਂਦਾ ਹੈ।(ਜਿਸ ਮਨੁੱਖ ਦੇ ਹਿਰਦੇ ਵਿਚ) ਹਰੀ ਪਾਤਸ਼ਾਹ ਗੁਰੂ ਦੁਆਰਾ ਪ੍ਰਗਟ ਹੁੰਦਾ ਹੈ।(ਉਸ ਨੂੰ ਸਮਝ ਆ ਜਾਂਦੀ ਹੈ ਕਿ ਇਹ ਸਭ ਪ੍ਰਭੂ ਦੀ ਖੇਡ ਹੈ, ਸੰਸਾਰ) ਵਿਚ ਨਾ ਕੋਈ ਆਉਂਦਾ ਹੈ ਅਤੇ ਨਾ ਕੋਈ ਜਾਂਦਾ ਹੈ।੩।{ਨਹ ਕਿਛੁ ਜਨਮੈ ਨਹ ਕਿਛੁ ਮਰੈ।ਆਪਨ ਚਲਿਤੁ ਆਪ ਹੀ ਕਰੈ ੨੮੧}।(ਮੈਂ ਤੈਥੋਂ ਇਹ ਦਾਤਾਂ ਮੰਗੀਆਂ ਹਨ), ਸੰਸਾਰ ਮੰਗਤੇ ਮਨੁੱਖ ਨੂੰ ਧਿਰਕਾਰ ਪਾਉਂਦਾ ਹੈ (ਅਤੇ ਕਹਿੰਦਾ ਹੈ ਕਿ) ਮੰਗਦਿਆਂ ਕਿਸੇ ਨੂੰ ਮਾਣ ਨਹੀਂ ਪ੍ਰਾਪਤ ਹੋਇਆ।(ਪਰ ਹੇ ਪ੍ਰਭੂ ! ਜੋ) ਰੱਬ ਦੇ ਪ੍ਰਾਪਤੀ ਦੀਆਂ ਗੱਲਾਂ, ਰੱਬ ਦੇ ਦਰ ਦੀਆਂ ਬਾਤਾਂ ਹਨ, (ਇਹ ਮੰਗਣ ਦਾ) ਕਥਨ ਤੂੰ ਆਪ ਹੀ ਤਾਂ ਮੈਥੋਂ ਕਹਾਇਆ ਹੈ ,(ਇਸ ਲਈ ਮੈਂ ਉਸ ਧ੍ਰਿਕਾਰ ਦਾ ਪਾਤਰ ਨਹੀਂ ਹੋ ਸਕਦਾ)।੪।੮।ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ।(੫੬੬)

ਪਦਾਰਥ = ਤੁਧਨੋ–ਤੈਨੂੰ।ਨਿਵਣੁ–ਨਮਸ਼ਕਾਰ।ਮੰਨਣੁ–ਪੂਜਣਾ; ਵਿਚਾਰਨਾ; ਅੰਗੀਕਾਰ ਕਰਨਾ; ਮੰਨ ਲੈਣਾ।ਸਾਚੁ–ਸੱਚਾ ਨਾਮ। ਬੈਸਣ ਕਉ–ਬੈਠਣ ਨੂੰ।ਸੁਣਿ–ਸੁਣ ਕੇ।ਸਦਿ–ਸੱਦ (ਬੁਲਾ) ਕੇ।ਪਾਸਿ–ਅਪਣੇ ਕੋਲ।੧।ਬਿਰਥਾ–ਖਾਲੀ।ਸੋਇ–ਉਹ।੧। ਰਹਾਉ।ਪੋਤਾ–ਖਜਾਨਾ।ਕਰਮੁ–ਬਖਸ਼ਿਸ਼।ਪਸਾਉ–ਕ੍ਰਿਪਾ।ਜਨ–ਸੇਵਕ।ਚਾਉ–ਖੁਸ਼ੀ; ਉਤਸ਼ਾਹ।ਭਾਡੈ–ਹਿਰਦੇ ਰੂਪ ਭਾਂਡੇ ਵਿਚ

।ਪਵੈ–ਪੈਂਦੀ ਹੈ।ਤਿਤੁ–ਉਸ ਵਿਚ।ਧੁਰਿ–ਧੁਰ ਤੋਂ।ਤੈ–ਤੂੰ।ਕੀਮਤਿ–ਕਦਰ।ਪਾਇ–ਪਾ ਦਿਤੀ ਹੈ।੨।ਜਿਨਿ–ਜਿਸ ਨੇ।ਕੀਆ –ਪੈਦਾ ਕੀਤਾ ਹੈ।ਸੋ–ਉਹ।ਧਰੈ–ਟਿਕਾਉਂਦਾ ਹੈ।ਗੁਰਮੁਖਿ–ਗੁਰੂ ਦੁਆਰਾ।ਹਰਿ ਰਾਇ–ਹਰੀ ਪਾਤਸ਼ਾਹ।੩।ਲੋਕੁ–ਜਗਤ। ਧਿਕਾਰੁ–ਫਿਟਕਾਰ।ਮਾਗਤ–ਮੰਗਦਿਆਂ।ਮਾਨੁ–ਆਦਰ।ਸਹ ਕੀਆ–ਪ੍ਰਭੂ ਦੀਆਂ।ਤੈ ਤਾ–ਤੂੰ ਹੀ ਤਾਂ।ਕਹਣੁ–ਬਚਨ।੪।੮।

ਰਾਮਕਲੀ ਮਹਲਾ ੧ ॥ ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ,ਕਵਣੁ ਬੁਝੈ ਬਿਧਿ ਜਾਣੈ ॥ ਉਤਭੁਜ ਚਲਤ ਆਪਿ ਕਰਿ ਚੀਨੈ, ਆਪੇ ਤਤੁ ਪਛਾਣੈ ॥੧॥ (ਹੇ ਭਾਈ! ਜਿਵੇਂ) ਸਾਗਰ ਵਿਚ ਬੂੰਦਾਂ ਹਨ ਅਤੇ ਬੂੰਦਾਂ ਵਿਚ ਸਾਗਰ ਸਮਾਇਆ ਹੁੰਦਾ ਹੈ (ਤਿਵੇਂ ਸਾਰੇ ਜੀਵ ਜੰਤ ਪ੍ਰਮਾਤਮਾ ਵਿਚ ਵਸਦੇ ਹਨ ਅਤੇ ਸਾਰੇ ਜੀਵਾਂ ਵਿਚ ਪ੍ਰਮਾਤਮਾ ਵਸਦਾ ਹੈ), ਇਸ ਜੀਵਨ ਜੁਗਤੀ ਨੂੰ ਕੌਣ ਸਮਝ ਸਕਦਾ ਹੈ? ਕੋਈ ਵਿਰਲਾ ਮਨੁੱਖ ਹੀ (ਗੁਰੂ ਦੁਆਰਾ) ਜਾਣਦਾ ਹੈ।ਉਤਭੁਜ (ਆਦਿ ਚਾਰ ਖਾਣੀਆਂ ਰਾਹੀਂ) ਜਗਤ ਉਤਪਤੀ ਦਾ ਕੌਤਕ ਕਰਕੇ ਪ੍ਰਭੂ ਆਪ ਹੀ ਦੇਖ ਰਿਹਾ ਹੈ ਅਤੇ ਆਪ ਹੀ (ਜਗਤ ਰਚਨਾ ਦੀ) ਅਸਲੀਅਤ ਨੂੰ ਸਮਝਦਾ ਹੈ।੧।

ਅੰਗ ੮੭੯ = ਐਸਾ ਗਿਆਨੁ ਬੀਚਾਰੈ ਕੋਈ ॥ ਤਿਸ ਤੇ ਮੁਕਤਿ, ਪਰਮਗਤਿ ਹੋਈ ॥੧॥ਰਹਾਉ॥ ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ,ਉਸਨ ਸੀਤ ਬਿਧਿ ਸੋਈ ॥ ਤਾ ਕੀ ਗਤਿ ਮਿਤਿ ਅਵਰੁ ਨ ਜਾਣੈ, ਗੁਰ ਬਿਨੁ ਸਮਝ ਨ ਹੋਈ ॥੨॥ ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ, ਬੂਝਹੁ ਬ੍ਰਹਮ ਗਿਆਨੀ ॥ ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ, ਗੁਰਮੁਖਿ ਅਕਥ ਕਹਾਨੀ ॥੩॥ ਮਨ ਮਹਿ ਜੋਤਿ ਜੋਤਿ ਮਹਿ ਮਨੂਆ, ਪੰਚ ਮਿਲੇ ਗੁਰ ਭਾਈ ॥ ਨਾਨਕ ਤਿਨ ਕੈ ਸਦ ਬਲਿਹਾਰੀ, ਜਿਨ ਏਕ ਸਬਦਿ ਲਿਵ ਲਾਈ ॥੪॥੯॥ ਇਹੋ ਜਿਹੇ ਗਿਆਨ ਨੂੰ ਕੋਈ ਵਿਰਲਾ ਮਨੁੱਖ ਹੀ ਵਿਚਾਰਦਾ ਹੈ।ਉਸ (ਗਿਆਨ) ਤੋਂ ਮਨੁੱਖ ਨੂੰ ਦੁਖਾਂ ਤੋਂ ਮੁਕਤੀ ਅਤੇ ਉਚੀ ਆਤਮਕ ਅਵਸਥਾ ਪ੍ਰਾਪਤ ਹੁੰਦੀ ਹੈ।੧।ਰਹਾਉ।ਦਿਨ ਦੇ ਚਾਨਣ ਵਿਚ ਰਾਤ ਦੇ ਹਨ੍ਹੇਰੇ ਦਾ ਅੰਸ਼ ਹੈ ਅਤੇ ਰਾਤ ਦੇ ਹਨ੍ਹੇਰੇ ਵਿਚ ਦਿਨ ਵਾਲਾ ਚਾਨਣ (ਭਾਵੇਂ ਥੋੜਾ) ਹੈ, ਉਸੇ ਤਰੀਕੇ ਨਾਲ ਗਰਮੀ ਵਿਚ ਠੰਢ ਅਤੇ ਠੰਢ ਵਿਚ ਗਰਮੀ ਸਮਾਈ ਹੁੰਦੀ ਹੈ।ਉਸ ਪ੍ਰਭੂ ਦੀ ਹਾਲਤ ਅਤੇ ਅੰਦਾਜਾ ਹੋਰ ਦੂਜਾ ਕੋਈ ਨਹੀਂ ਜਾਣਦਾ, ਗੁਰੂ ਤੋਂ ਬਿਨਾ (ਉਸ ਦੀ ਖੇਡ ਦੀ) ਸਮਝ ਪ੍ਰਾਪਤ ਨਹੀਂ ਹੁੰਦੀ।੨।ਪੁਰਖ ਦੇ ਖ਼ੂਨ ਵਿਚ ਇਸਤ੍ਰੀ ਦਾ ਅੰਸ਼ ਅਤੇ ਇਸਤ੍ਰੀ ਵਿਚ ਪੁਰਖ ਦੇ ਖ਼ੂਨ ਦੀ ਅੰਸ਼ ਹੁੰਦੀ ਹੈ; ਇਸਤ੍ਰੀ ਦੇ ਪੇਟ ਵਿਚੋਂ ਪੁਰਖ ਪੈਦਾ ਹੁੰਦਾ ਹੈ, ਹੇ ਬ੍ਰਹਮ ਗਿਆਨੀਓ! (ਇਸ ਭੇਦ ਨੂੰ) ਸਮਝੋ।(ਪ੍ਰਭੂ ਨਾਲ ਮਿਲਣ ਦਾ ਤਰੀਕਾ ਦਸਦੇ ਹਨ, ਜਿਸ ਮਨੁੱਖ ਦਾ) ਸ਼ਬਦ ਕੀਰਤਨ ਦੀ ਧੁਨੀ ਵਿਚ ਧਿਆਨ ਜੁੜ ਜਾਂਦਾ ਹੈ, (ਉਹ) ਧਿਆਨ ਵਿਚ ਪ੍ਰਭੂ ਨੂੰ ਜਾਣ ਲੈਂਦਾ ਹੈ, (ਇਹ) ਨਾ ਬਿਆਨ ਹੋਣ ਵਾਲੀ ਕਥਾ ਗੁਰੂ ਰਾਹੀਂ ਪ੍ਰਾਪਤ ਹੁੰਦੀ ਹੈ।੩।ਨਾਨਕ ਉਨ੍ਹਾਂ ਗੁਰਮੁਖਾਂ ਦੇ ਸਦਾ ਬਲਿਹਾਰ ਜਾਂਦਾ ਹੈ, ਜਿਨ੍ਹਾਂ ਨੇ ਗੁਰੂ ਦੇ ਇਕ ਸ਼ਬਦ ਵਿਚ ਲਿਵ ਲਾਈ ਹੋਈ ਹੈ।(ਉਨ੍ਹਾਂ ਦੇ) ਮਨ ਵਿਚ ਜੋਤੀ ਸਰੂਪ ਪ੍ਰਭੂ ਪ੍ਰਗਟ ਹੈ ਅਤੇ ਜੋਤ ਵਿਚ (ਉਨ੍ਹਾਂ ਦਾ) ਮਨ ਲੀਨ ਰਹਿੰਦਾ ਹੈ, (ਉਨ੍ਹਾਂ ਦੇ) ਪੰਜੇ ਗਿਆਨ ਇੰਦ੍ਰੇ ਮਿਲ ਕੇ ਗੁਰ ਭਾਈਆਂ ਵਾਂਗ ਇਕ ਸੁਰ ਹੋ ਜਾਂਦੇ ਹਨ (ਗਿਆਨ ਇੰਦ੍ਰੇ ਵੀ ਇਕੋ ਗੁਰੂ ਵਾਲੇ ਹੋ ਕੇ ਭਟਕਣੋਂ ਰੁਕ ਜਾਂਦੇ ਹਨ)।੪।੯।

ਪਦਾਰਥ = ਸਾਗਰ ਮਹਿ–ਸਮੁੰਦਰ ਵਿਚ।ਕਵਣੁ–ਕੌਣ; ਕੋਈ।ਬੁਝੈ–ਸਮਝਦਾ ਹੈ।ਬਿਧਿ–ਜੁਗਤੀ।ਉਤਭੁਜ–ਉਤਭੁਜ ਆਦਿ ਚਾਰ ਖਾਣੀਆਂ ਰਾਹੀਂ।ਚਲਤ–ਕੌਤਕ; ਤਮਾਸ਼ਾ।ਕਰਿ–ਕਰਕੇ।ਚੀਨੈ–ਦੇਖਦਾ ਹੈ; ਜਾਣਦਾ ਹੈ।ਤਤੁ–ਅਸਲੀਅਤ ਨੂੰ।੧।ਐਸਾ–ਇਹੋ ਜਿਹਾ।ਕੋਈ–ਕੋਈ ਵਿਰਲਾ ਮਨੁੱਖ।ਤਿਸ ਤੇ–ਉਸ (ਗਿਆਨ) ਤੋਂ।ਮੁਕਤਿ–(ਦੁੱਖਾਂ ਤੋਂ) ਛੁਟਕਾਰਾ।ਪਰਮਗਤਿ–ਉਚੀ ਆਤਮਕ ਅਵਸਥਾ।੧।ਰਹਾਉ।ਰੈਣਿ–ਰਾਤ।ਦਿਨੀਅਰੁ–ਦਿਨ; ਸੂਰਜ।ਉਸਨ–ਗਰਮੀ।ਸੀਤ–ਠੰਢ।ਬਿਧਿ ਸੋਈ–ਉਸੇ ਤਰੀਕੇ ਨਾਲ।ਤਾ ਕੀ–ਉਸ ਦੀ।ਗਤਿ ਮਿਤਿ–ਹਾਲਤ ਤੇ ਅੰਦਾਜਾ; ਗਿਆਨ ਅਤੇ ਮਰਿਆਦਾ।ਅਵਰੁ–ਹੋਰ ਦੂਜਾ।੨।ਨਾਰਿ–ਇਸਤ੍ਰੀ। ਬੂਝਹੁ–ਸਮਝੋ।ਬ੍ਰਹਮ ਗਿਆਨੀ–ਹੇ ਬ੍ਰਹਮ ਦੇ ਗਿਆਨ ਵਾਲੇ ਪੁਰਖੋ!।ਧੁਨਿ–ਸ਼ਬਦ ਕੀਰਤਨ ਦੀ ਧੁਨੀ।ਗੁਰਮੁਖਿ–ਗੁਰੂ ਰਾਹੀਂ। ਅਕਥ ਕਹਾਨੀ (ਅਕੱਥ ਪੜ੍ਹੋ)–ਬਿਆਨ ਨਾ ਹੋ ਸਕਣ ਵਾਲੀ ਕਥਾ।੩।ਜੋਤਿ–ਜੋਤੀ ਸਰੂਪ ਪ੍ਰਭੂ।ਮਨੂਆ–ਮਨ।ਪੰਚ–ਪੰਜ ਗਿਆਨ ਇੰਦ੍ਰੇ (ਕੰਨ, ਤੁਚਾ, ਅੱਖਾਂ, ਜੀਭ ਤੇ ਨੱਕ)।ਗੁਰ ਭਾਈ–ਗੁਰ ਭਾਈਆਂ ਵਾਂਗ ਇਕ ਸੁਰ ਹੋਏ ਹਨ।ਤਿਨ ਕੈ–ਉਨ੍ਹਾਂ ਦੇ ।ਸਦ–ਸਦਾ।ਜਿਨ–ਜਿਨ੍ਹਾਂ ਨੇ।ਏਕ ਸਬਦਿ–ਗੁਰੂ ਦੇ ਇਕ ਸ਼ਬਦ ਵਿਚ।ਲਿਵ ਲਾਈ–ਸੁਰਤ ਜੋੜੀ ਹੈ।੪।੯।

ਵਿਆਖਿਆ = ਇਸ ਸ਼ਬਦ ਅੰਦਰ {ਸਭੁ ਗੋਬਿੰਦੁ ਹੈ ਸਭੁ ਗੋਬਿੰਦ ਹੈ ਗੋਬਿੰਦ ਬਿਨੁ ਨਹੀ ਕੋਈ ੪੮੫} ਅਤੇ {ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ੧੩੮੧} ਵਾਲੇ ਖਿਆਲ ਨੂੰ ਮਿਸਾਲਾਂ ਦੇ ਕੇ ਦ੍ਰਿੜਤਾ ਨਾਲ ਦਰਸਾਇਆ ਹੈ।ਪ੍ਰਮਾਤਮਾ ਨੇ ਆਪਣਾ ਆਪ ਸਭ ਵਿਚ ਧਰਿਆ ਹੈ, ਕਿਸੇ ਵਿਚ ਉਸ ਦਾ ਪ੍ਰਕਾਸ਼ ਘਟ ਹੈ ਅਤੇ ਕਿਸੇ ਵਿਚ ਬਹੁਤਾ ਹੈ।ਪਰ ਗੁਰ ਸ਼ਬਦ ਵਿਚ

ਸਭ ਤੋਂ ਵਧੇਰੇ ਹੈ, ਜਿਸ ਦੁਆਰਾ ਇਕਾਗਰ ਚਿਤ ਹੋ ਕੇ ਪ੍ਰਮਾਤਮਾ ਨਾਲ ਛੇਤੀ ਮੇਲ ਹੋ ਸਕਦਾ ਹੈ।

ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ।ਏਕਹਿ ਆਪਿ ਨਹੀ ਕਛੁ ਭਰਮੁ। (੨੮੭)

ਰਾਮਕਲੀ ਮਹਲਾ ੧ ॥ ਜਾ ਹਰਿ ਪ੍ਰਭਿ ਕਿਰਪਾ ਧਾਰੀ ॥ ਤਾ ਹਉਮੈ ਵਿਚਹੁ ਮਾਰੀ ॥ ਸੋ ਸੇਵਕਿ ਰਾਮ ਪਿਆਰੀ ॥ ਜੋ ਗੁਰ ਸਬਦੀ ਬੀਚਾਰੀ ॥੧॥ ਸੋ ਹਰਿ ਜਨੁ ਹਰਿ ਪ੍ਰਭ ਭਾਵੈ ॥ ਅਹਿਨਿਸਿ ਭਗਤਿ ਕਰੇ ਦਿਨੁ ਰਾਤੀ, ਲਾਜ ਛੋਡਿ ਹਰਿ ਕੇ ਗੁਣ ਗਾਵੈ ॥੧॥ਰਹਾਉ॥ ਧੁਨਿ ਵਾਜੇ ਅਨਹਦ ਘੋਰਾ ॥ ਮਨੁ ਮਾਨਿਆ ਹਰਿ ਰਸਿ ਮੋਰਾ ॥ ਗੁਰ ਪੂਰੈ ਸਚੁ ਸਮਾਇਆ ॥ ਗੁਰੁ ਆਦਿ ਪੁਰਖੁ ਹਰਿ ਪਾਇਆ ॥੨॥ ਸਭਿ ਨਾਦ ਬੇਦ ਗੁਰਬਾਣੀ ॥ ਮਨੁ ਰਾਤਾ ਸਾਰਿੰਗਪਾਣੀ ॥ ਤਹ ਤੀਰਥ ਵਰਤ ਤਪ ਸਾਰੇ ॥ ਗੁਰ ਮਿਲਿਆ ਹਰਿ ਨਿਸਤਾਰੇ ॥੩॥ ਜਹ ਆਪੁ ਗਇਆ, ਭਉ ਭਾਗਾ ॥ ਗੁਰ ਚਰਣੀ ਸੇਵਕੁ ਲਾਗਾ ॥ ਗੁਰਿ ਸਤਿਗੁਰਿ ਭਰਮੁ ਚੁਕਾਇਆ ॥ ਕਹੁ ਨਾਨਕ ਸਬਦਿ ਮਿਲਾਇਆ ॥੪॥੧੦॥ (ਹੇ ਭਾਈ!) ਜਦੋਂ ਹਰੀ ਪ੍ਰਭੂ ਨੇ ਕ੍ਰਿਪਾ ਕੀਤੀ।ਤਦੋਂ (ਮਨੁੱਖ ਨੇ ਅਪਣੇ) ਮਨ ਵਿਚੋਂ ਹਉਮੈ ਮਾਰ ਦਿਤੀ।ਜਿਹੜੀ ਦਾਸੀ ਗੁਰੂ ਦੇ ਸ਼ਬਦ ਵਿਚ ਜੁੜ ਕੇ ਵਿਚਾਰਵਾਨ ਹੋਈ ਹੈ, ਉਹ ਦਾਸੀ ਰਾਮ ਦੀ ਪਿਆਰੀ ਹੈ।੧।ਹਰੀ ਦਾ ਉਹ ਸੇਵਕ ਹਰੀ ਪ੍ਰਭੂ ਨੂੰ ਚੰਗਾ ਲਗਦਾ ਹੈ।ਜੋ ਦਿਨ ਰਾਤ ਭਗਤੀ ਕਰਦਾ ਹੈ ਅਤੇ ਲੋਕ ਲਾਜ ਛਡ ਕੇ ਹਰੀ ਦੇ ਗੁਣ ਗਾਉਂਦਾ ਹੈ।੧।ਰਹਾਉ।(ਹੇ ਭਾਈ! ਮੇਰੇ ਅੰਦਰ) ਸ਼ਬਦ ਦੀ ਇਕ ਰਸ ਧੁਨੀ ਦੀਆਂ ਗੂੰਜਾਂ ਵਜਣ ਲਗ ਪਈਆਂ ਹਨ।(ਜਿਸ ਨੂੰ ਸੁਣ ਕੇ) ਮੇਰਾ ਮਨ ਹਰੀ ਦੇ ਨਾਮ ਰਸ ਵਿਚ ਪਤੀਜ ਗਿਆ ਹੈ।ਪੂਰੇ ਗੁਰੂ ਦੁਆਰਾ ਮੇਰੇ ਹਿਰਦੇ ਅੰਦਰ ਸਚ ਰੂਪ ਪ੍ਰਭੂ ਸਮਾ ਗਿਆ ਹੈ।(ਇਸ ਤਰ੍ਹਾਂ) ਮੈਂ ਆਦਿ ਪੁਰਖ ਹਰੀ ਗੁਰੂ ਨੂੰ ਪਾ ਲਿਆ ਹੈ।੨।(ਹੇ ਭਾਈ! ਮੇਰੇ ਲਈ) ਸਾਰੇ ਨਾਦ ਤੇ ਬੇਦ ਗੁਰਬਾਣੀ ਹੀ ਹੈ (ਗੁਰਬਾਣੀ ਵਿਚ ਹੀ ਸਾਰੇ ਬੇਦ ਤੇ ਨਾਦ ਆ ਜਾਂਦੇ ਹਨ।ਗੁਰਬਾਣੀ ਰਾਹੀਂ ਮੇਰਾ) ਮਨ ਪ੍ਰਮੇਸ਼ਰ ਵਿਚ ਰੰਗਿਆ ਗਿਆ ਹੈ।ਉਥੇ (ਗੁਰਬਾਣੀ ਪੜ੍ਹਨ ਨਾਲ ਪ੍ਰਾਪਤ ਹੋਈ ਉਚੀ ਆਤਮਕ ਅਵਸਥਾ ਵਿਚ) ਸਾਰੇ ਤੀਰਥ, ਵਰਤ ਅਤੇ ਤਪ ਆਦਿ ਦੇ ਫਲ ਮਿਲ ਜਾਂਦੇ ਹਨ (ਜੋ ਮਨੁੱਖ ਗੁਰਬਾਣੀ ਪੜ੍ਹਦਾ ਹੈ, ਉਸ ਨੂੰ ਨਾਦ ਬੇਦ, ਤੀਰਥ, ਵਰਤ ਤੇ ਤਪ ਆਦਿ ਦੀ ਲੋੜ ਨਹੀਂ, ਕਿਉਂਕਿ ਇਨ੍ਹਾਂ ਸਭਨਾਂ ਨਾਲੋਂ ਗੁਰਬਾਣੀ ਬਹੁਤ ਉਚੀ ਹੈ।ਜਿਸ ਮਨੁੱਖ ਨੂੰ) ਗੁਰੂ ਮਿਲਿਆ ਹੈ, (ਉਸ ਨੂੰ ਭਵਜਲ ਤੋਂ) ਹਰੀ ਨੇ ਤਾਰ ਦਿਤਾ ਹੈ।੩।(ਹੇ ਭਾਈ!) ਜਿਸ ਹਿਰਦੇ ਵਿਚੋਂ ਆਪਾ ਭਾਵ ਦੂਰ ਹੋਇਆ ਹੈ, (ਉਸ ਵਿਚੋਂ ਜਨਮ ਮਰਨ ਦਾ) ਡਰ ਦੌੜ ਗਿਆ ਹੈ।ਉਹ ਸੇਵਕ ਗੁਰੂ ਦੇ ਚਰਨੀਂ ਲਗ ਗਿਆ ਹੈ।ਪੂਜਨੀਕ ਸਤਿਗੁਰੂ ਨੇ (ਉਸ ਦਾ) ਭਰਮ ਦੂਰ ਕਰ ਦਿਤਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਨੂੰ ਗੁਰੂ ਨੇ) ਸ਼ਬਦ ਦੁਆਰਾ ਅਪਣੇ ਨਾਲ ਮਿਲਾ ਲਿਆ ਹੈ।੪।੧੦।

ਪਦਾਰਥ = ਜਾ–ਜਦੋਂ।ਹਰਿ ਪ੍ਰਭਿ–ਹਰੀ ਪ੍ਰਭੂ ਨੇ।ਧਾਰੀ–ਕੀਤੀ।ਤਾ–ਤਦੋਂ।ਵਿਚਹੁ–ਮਨ ਵਿਚੋਂ।ਸੋ ਸੇਵਕਿ–ਉਹ ਦਾਸੀ।ਰਾਮ –ਸਰਬ ਵਿਆਪਕ ਪ੍ਰਭੂ।ਗੁਰ ਸਬਦੀ–ਗੁਰੂ ਦੇ ਸ਼ਬਦ ਵਿਚ ਜੁੜ ਕੇ।ਬੀਚਾਰੀ–ਵਿਚਾਰਵਾਨ।੧।ਹਰਿ ਜਨੁ–ਹਰੀ ਦਾ ਸੇਵਕ। ਪ੍ਰਭ ਭਾਵੈ–ਪ੍ਰਭੂ ਨੂੰ ਚੰਗਾ ਲਗਦਾ ਹੈ।ਅਹਿ–ਦਿਨ।ਨਿਸਿ–ਰਾਤ।ਕਰੇ–ਕਰਦਾ ਹੈ।ਲਾਜ–ਲੋਕ ਲਾਜ।੧।ਰਹਾਉ।ਧੁਨਿ ਘੋਰਾ– ਮਿੱਠੀ ਸੁਰ ਦੀਆਂ ਗੂੰਜਾਂ।ਅਨਹਦ–ਇਕ ਰਸ; ਲਗਾਤਾਰ।ਮਨੁ ਮਾਨਿਆ–ਮਨ ਪਤੀਜ ਗਿਆ; ਮਨ ਵਿਸ਼ਵਾਸ ਵਾਲਾ ਹੋ ਗਿਆ। ਰਸਿ–ਰਸ ਵਿਚ।ਮੋਰਾ–ਮੇਰਾ।ਗੁਰ ਪੂਰੈ–ਪੂਰੇ ਗੁਰੂ ਰਾਹੀਂ।ਸਮਾਇਆ–ਵਸ ਗਿਆ।੨।ਨਾਦ–ਜੋਗੀਆਂ ਦੇ ਸਿੰਗੀ ਆਦਿ ਦੇ ਵਾਜੇ।ਬੇਦ–ਚਾਰ ਬੇਦ।ਰਾਤਾ–ਰੰਗਿਆ ਗਿਆ।ਸਾਰਿੰਗਪਾਣੀ–ਪ੍ਰਭੂ।ਤਹ–ਉਥੇ (ਉਚੀ ਆਤਮਕ ਅਵਸਥਾ ਵਿਚ)।ਨਿਸਤਾਰੇ– ਸੰਸਾਰ ਸਮੁੰਦਰ ਤੋਂ ਤਾਰ ਦਿਤੇ।੩।ਜਹ–ਜਿਸ (ਹਿਰਦੇ ਵਿਚੋਂ)।ਆਪੁ–ਆਪਾ ਭਾਵ (ਹੰਕਾਰ)।ਭਉ ਭਾਗਾ–ਡਰ ਡੌੜ ਗਿਆ। ਗੁਰਿ ਸਤਿਗੁਰਿ–ਪੂਜਨੀਕ ਸਤਿਗੁਰੂ ਨੇ।ਚੁਕਾਇਆ–ਦੂਰ ਕਰ ਦਿਤਾ।ਸਬਦਿ–ਸ਼ਬਦ ਰਾਹੀਂ।੪।੧੦।

ਰਾਮਕਲੀ ਮਹਲਾ ੧ ॥ ਛਾਦਨੁ ਭੋਜਨੁ ਮਾਗਤੁ ਭਾਗੈ ॥ ਖੁਧਿਆ ਦੁਸਟ ਜਲੈ ਦੁਖੁ ਆਗੈ ॥ ਗੁਰਮਤਿ ਨਹੀ ਲੀਨੀ, ਦੁਰਮਤਿ ਪਤਿ ਖੋਈ ॥ ਗੁਰਮਤਿ ਭਗਤਿ ਪਾਵੈ ਜਨੁ ਕੋਈ ॥੧॥ ਜੋਗੀ ਜੁਗਤਿ, ਸਹਜ ਘਰਿ ਵਾਸੈ ॥ ਏਕ ਦ੍ਰਿਸਟਿ ਏਕੋ ਕਰਿ ਦੇਖਿਆ, ਭੀਖਿਆ ਭਾਇ ਸਬਦਿ ਤ੍ਰਿਪਤਾਸੈ ॥੧॥ਰਹਾਉ॥ ਪੰਚ ਬੈਲ ਗਡੀਆ ਦੇਹ ਧਾਰੀ ॥ ਰਾਮ ਕਲਾ ਨਿਬਹੈ ਪਤਿ ਸਾਰੀ ॥ ਧਰ ਤੂਟੀ ਗਾਡੋ ਸਿਰ ਭਾਰਿ ॥ ਲਕਰੀ ਬਿਖਰਿ ਜਰੀ ਮੰਝ ਭਾਰਿ ॥੨॥ ਗੁਰ ਕਾ ਸਬਦੁ ਵੀਚਾਰਿ ਜੋਗੀ ॥ ਦੁਖੁ ਸੁਖੁ ਸਮ ਕਰਣਾ, ਸੋਗ ਬਿਓਗੀ ॥ ਭੁਗਤਿ ਨਾਮੁ ,ਗੁਰ ਸਬਦਿ ਬੀਚਾਰੀ ॥ ਅਸਥਿਰੁ ਕੰਧੁ ,ਜਪੈ ਨਿਰੰਕਾਰੀ ॥੩॥ ਸਹਜ ਜਗੋਟਾ, ਬੰਧਨ ਤੇ ਛੂਟਾ ॥ ਕਾਮੁ ਕ੍ਰੋਧੁ ਗੁਰ ਸਬਦੀ ਲੂਟਾ ॥ ਮਨ ਮਹਿ ਮੁੰਦ੍ਰਾ, ਹਰਿ ਗੁਰ ਸਰਣਾ ॥ ਨਾਨਕ ਰਾਮ ਭਗਤਿ ਜਨ ਤਰਣਾ ॥੪॥੧੧॥ (ਹੇ ਜੋਗੀ! ਤੂੰ) ਕਪੜਾ ਤੇ ਭੋਜਨ ਮੰਗਦਾ ਹੋਇਆ ਭੱਜਾ ਫਿਰਦਾ ਹੈਂ।(ਇਥੇ ਤੂੰ) ਭੈੜੀ ਭੁੱਖ ਵਿਚ ਸੜਦਾ ਹੈਂ ਅਤੇ ਅੱਗੇ ਜਾ ਕੇ

(ਜਨਮ ਮਰਨ ਦਾ) ਦੁੱਖ ਸਹੇਂਗਾ। ਤੈਂ ਗੁਰੂ ਦੀ ਸਿੱਖਿਆ ਨਹੀਂ ਲਈ, ਖੋਟੀ ਮੱਤ ਕਰਕੇ ਤੈਂ ਅਪਣੀ ਇੱਜਤ ਗੁਆ ਲਈ ਹੈ। ਗੁਰੂ ਦੀ ਸਿੱਖਿਆ ਲੈ ਕੇ ਕੋਈ ਵਿਰਲਾ ਮਨੁੱਖ ਪ੍ਰਭੂ ਦੀ ਭਗਤੀ ਪ੍ਰਾਪਤ ਕਰਦਾ ਹੈ।੧। ਰੱਬ ਨਾਲ ਜੁੜੇ ਜੋਗੀ ਦੀ ਜੁਗਤੀ ਇਹ ਹੈ ਕਿ ਉਹ ਸਹਿਜ ਅਵਸਥਾ ਵਿਚ ਵਸਦਾ ਹੈ। (ਉਸ ਨੇ) ਇਕੋ ਨਜਰ ਨਾਲ (ਸਾਰੇ ਜੀਵਾਂ ਵਿਚ) ਇਕ ਪ੍ਰਭੂ ਨੂੰ ਵਿਆਪਕ ਕਰ ਕੇ ਦੇਖਿਆ ਹੈ, (ਜਿਸ ਕਰਕੇ ਉਹ) ਗੁਰੂ ਦੇ ਸ਼ਬਦ ਵਿਚ ਜੁੜ ਕੇ ਪ੍ਰੇਮ ਦੀ ਭਿੱਖਆ ਨਾਲ ਰੱਜਿਆ ਰਹਿੰਦਾ ਹੈ।੧। ਰਹਾਉ। ਪੰਜ ਗਿਆਨ ਇੰਦ੍ਰੇ ਬਲਦ ਹਨ, ਜੋ ਸਰੀਰ ਰੂਪ ਗੱਡੇ ਨੂੰ ਚੁਕਦੇ (ਚਲਾਉਂਦੇ) ਹਨ। (ਸਰੀਰ ਦੇ ਅੰਦਰ ਜੋ) ਪ੍ਰਭੂ ਦੀ ਸ਼ਕਤੀ ਹੈ ,(ਉਸ ਕਰਕੇ ਇਸ ਦੀ) ਸਾਰੀ ਇੱਜਤ ਨਿਭਦੀ ਹੈ (ਪ੍ਰਭੂ ਦੀ ਸੱਤਾ ਕਰਕੇ ਸਰੀਰ ਤੁਰਿਆ ਫਿਰਦਾ ਹੈ। ਜਦ) ਸਰੀਰ ਰੂਪ ਗੱਡੇ ਦਾ ਪ੍ਰਾਣ ਰੂਪ ਧੁਰਾ ਟੁੱਟ ਜਾਂਦਾ ਹੈ, ਤਾਂ ਸਰੀਰ ਰੂਪ ਗੱਡਾ ਸਿਰ ਪਰਨੇ ਡਿਗ ਪੈਂਦਾ ਹੈ। (ਗੱਡੇ ਦੀਆਂ) ਲੱਕੜਾਂ ਖਿਲਰ ਕੇ ਅਪਣੇ ਵਿਚਲੇ ਭਾਰ ਨਾਲ ਗਲ ਸੜ ਜਾਂਦੀਆਂ ਹਨ (ਜਦ ਸਰੀਰ ਚਿਖਾ ਵਿਚ ਜਲ ਜਾਂਦਾ ਹੈ ਤਾਂ ਹੱਡੀਆਂ ਖਿਲਰ ਜਾਂਦੀਆਂ ਹਨ)।੨। ਹੇ ਜੋਗੀ ! ਤੂੰ ਗੁਰੂ ਦੇ ਸ਼ਬਦ ਨੂੰ ਵਿਚਾਰਿਆ ਕਰ। ਦੁਖ, ਸੁਖ, ਸੋਗ ਤੇ ਵਿਜੋਗ ਨੂੰ ਇਕ ਬਰਾਬਰ ਸਮਝ। ਗੁਰੂ ਦੇ ਸ਼ਬਦ ਦੁਆਰਾ ਵਿਚਾਰ ਕਰਕੇ ਨਾਮ ਰੂਪ ਭੋਜਨ ਛਕਿਆ ਕਰ। ਜੋ ਮਨੁੱਖ ਨਿਰੰਕਾਰ ਦਾ ਨਾਮ ਜਪਦਾ ਹੈ, ਉਸ ਦਾ ਸਰੀਰ ਕਾਇਮ ਰਹਿੰਦਾ ਹੈ (ਮੁਕਤ ਹੋ ਜਾਂਦਾ ਹੈ)।੩। (ਜਿਸ ਜੋਗੀ ਨੇ ਅਪਣੇ ਲੱਕ ਨਾਲ) ਸਹਿਜ ਦਾ ਲੰਗੋਟ ਬੰਨ੍ਹਿਆ ਹੈ, (ਉਹ) ਬੰਧਨ ਤੋਂ ਛੁਟ ਗਿਆ ਹੈ। (ਉਸ ਨੇ) ਗੁਰੂ ਦੇ ਸ਼ਬਦ ਦੁਆਰਾ ਕਾਮ ਕ੍ਰੋਧ ਨੂੰ ਲੁੱਟ ਲਿਆ ਹੈ (ਵਿਕਾਰਾਂ ਨੂੰ ਕਾਬੂ ਕੀਤਾ ਹੈ। ਜਿਹੜਾ ਜੋਗੀ) ਹਰੀ ਗੁਰੂ ਦੀ ਸਰਣ ਵਿਚ ਪਿਆ ਹੈ, (ਉਸ ਨੇ ਕੰਨਾਂ ਵਿਚ ਮੁੰਦਰਾਂ ਪਹਿਨਣ ਦੀ ਥਾਂ) ਮਨ ਵਿਚ ਮੁੰਦਰਾਂ ਪਹਿਨੀਆਂ ਹਨ (ਮਨ ਨੂੰ ਵਸ ਵਿਚ ਕੀਤਾ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦੀ ਭਗਤੀ ਕਰਕੇ ਪੁਰਖਾਂ ਦਾ (ਭਵਜਲ ਤੋਂ) ਤਰਨਾ ਹੁੰਦਾ ਹੈ।੪।੧੧।

ਪਦਾਰਥ = ਛਾਦਨੁ–ਕਪੜਾ। ਮਾਗਤੁ–ਮੰਗਦਾ ਹੋਇਆ। ਭਾਗੈ–ਦੌੜਿਆ ਫਿਰਦਾ ਹੈ। ਖੁਧਿਆ–ਭੁੱਖ। ਦੁਸਟ–ਭੈੜੀ। ਜਲੈ–ਸੜਦਾ ਹੈ। ਆਗੈ–ਅੱਗੇ (ਪ੍ਰਲੋਕ ਵਿਚ)। ਗੁਰਮਤਿ–ਗੁਰੂ ਦੀ ਸਿੱਖਿਆ। ਦੁਰਮਤਿ–ਭੈੜੀ ਸਿੱਖਿਆ। ਪਤਿ–ਇੱਜਤ। ਖੋਈ–ਗਵਾ ਲਈ। ਜਨੁ ਕੋਈ–ਕੋਈ ਵਿਰਲਾ ਮਨੁੱਖ।੧। ਜੋਗੀ ਜੁਗਤਿ–(ਰੱਬ ਨਾਲ ਜੁੜੇ) ਜੋਗੀ ਦੀ ਰਹਿਤ। ਸਹਜਿ ਘਰਿ–ਸਹਿਜ ਅਵਸਥਾ ਵਿਚ; ਸ਼ਾਂਤੀ ਦੇ ਘਰ ਵਿਚ। ਵਾਸੈ–ਵਸਦਾ; ਟਿਕਦਾ ਹੈ। ਏਕ ਦ੍ਰਿਸਟਿ–ਇਕ ਨਜਰ ਨਾਲ। ਏਕ ਕਰਿ–ਇਕ ਪ੍ਰਭੂ ਨੂੰ ਵਿਆਪਕ ਕਰਕੇ। ਭੀਖਿਆ ਭਾਇ–ਪ੍ਰੇਮ ਦੀ ਭਿੱਖਿਆ ਨਾਲ। ਸਬਦਿ–ਗੁਰੂ ਦੇ ਸ਼ਬਦ ਵਿਚ ਜੁੜ ਕੇ। ਤ੍ਰਿਪਤਾਸੈ–ਰੱਜਦਾ ਹੈ।੧। ਰਹਾਉ। ਪੰਚ ਬੈਲ–ਪੰਜ ਗਿਆਨ ਇੰਦ੍ਰੇ (ਕੰਨ, ਖਲੜੀ, ਅੱਖ, ਜੀਭ ਅਤੇ ਨੱਕ); ਪੰਜ ਪ੍ਰਾਣ, ਅਪਾਨ, ਉਦਾਨ, ਵਿਆਨ ਅਤੇ ਸਮਾਨ ਰੂਪ ਬਲਦ। ਗਡੀਆ ਦੇਹ–ਸਰੀਰ ਰੂਪ ਗੱਡਾ। ਧਾਰੀ–ਚਲਾ ਰਹੇ ਹਨ; ਚੁੱਕਦੇ ਹਨ। ਰਾਮ ਕਲਾ–ਰੱਬੀ ਤਾਕਤ। ਨਿਬਹੈ–ਕਾਇਮ ਰਹਿੰਦੀ ਹੈ। ਪਤਿ ਸਾਰੀ–ਸਾਰੀ ਇੱਜਤ; ਸਾਰਾ ਆਦਰ। ਧਰ–ਧੁਰਾ; ਆਸਰਾ। ਗਾਡੋ–ਗੱਡਾ। ਸਿਰ ਭਾਰਿ–ਸਿਰ ਪਰਨੇ (ਡਿਗ ਪੈਂਦਾ ਹੈ)। ਬਿਖਰਿ–ਖਿਲਰ ਕੇ। ਜਰੀ–ਗਲ ਸੜ ਜਾਂਦਾ ਹੈ। ਮੰਝਿ ਭਾਰਿ–ਗੱਡੇ ਦੇ ਵਿਚਲੇ ਭਾਰ ਨਾਲ।੨। ਜੋਗੀ–ਹੇ ਜੋਗੀ !। ਸਮ ਕਰਣਾ–ਇਕ ਬਰਾਬਰ ਸਮਝ। ਸੋਗ–ਗਮ। ਬਿਓਗੀ–ਵਿਜੋਗ (ਪਦਾਰਥਾਂ ਤੇ ਸਨੇਹੀਆਂ ਦਾ ਵਿਛੋੜਾ)। ਭੁਗਤਿ–ਭੋਜਨ। ਅਸਥਿਰੁ –ਸਦਾ ਕਾਇਮ; ਸਥਿਰ; ਜਨਮ ਮਰਨ ਤੋਂ ਰਹਿਤ। ਕੰਧੁ–ਸਰੀਰ।੩। ਜਗੋਟਾ–ਲੰਗੋਟ। ਤੇ–ਤੋਂ। ਛੂਟਾ–ਛੁਟ ਗਿਆ। ਲੂਟਾ–ਲੁੱਟ ਲਿਆ। ਮਨ ਮਹਿ–ਮਨ ਵਿਚ। ਜਨ ਤਰਣਾ–ਮਨੁੱਖਾਂ ਦਾ ਤਰਨਾ ਹੁੰਦਾ ਹੈ।੪।੧੧।

ਅੰਗ ੮੮੦ = ੧ੳ ਸਿਤਿਗੁਰ ਪ੍ਰਸਾਦਿ ॥ ਰਾਮਕਲੀ ਮਹਲਾ ੩ ਘਰੁ ੧ ॥ ਸਤਜੁਗਿ ਸਚੁ ਕਹੈ ਸਭੁ ਕੋਈ ॥ ਘਰਿ ਘਰਿ ਭਗਤਿ, ਗੁਰਮੁਖਿ ਹੋਈ ॥ ਸਤਜੁਗਿ ਧਰਮੁ ਪੈਰ ਹੈ ਚਾਰਿ ॥ ਗੁਰਮੁਖਿ ਬੂਝੈ ਕੋ ਬੀਚਾਰਿ ॥੧॥ ਜੁਗ ਚਾਰੇ, ਨਾਮਿ ਵਡਿਆਈ ਹੋਈ ॥ ਜਿ ਨਾਮਿ ਲਾਗੈ ਸੋ ਮੁਕਤਿ ਹੋਵੈ, ਗੁਰ ਬਿਨੁ ਨਾਮੁ ਨ ਪਾਵੈ ਕੋਈ ॥੧॥ਰਹਾਉ॥ ਤ੍ਰੇਤੈ ਇਕ ਕਲ ਕੀਨੀ ਦੂਰਿ ॥ ਪਾਖੰਡੁ ਵਰਤਿਆ, ਹਰਿ ਜਾਣਨਿ ਦੂਰਿ ॥ ਗੁਰਮੁਖਿ ਬੂਝੈ ਸੋਝੀ ਹੋਈ ॥ ਅੰਤਰਿ ਨਾਮੁ ਵਸੈ, ਸੁਖੁ ਹੋਈ ॥੨॥ ਦੁਆਪੁਰਿ ਦੂਜੈ ਦੁਬਿਧਾ ਹੋਇ ॥ ਭਰਮਿ ਭੁਲਾਨੇ, ਜਾਣਹਿ ਦੋਇ ॥ ਦੁਆਪੁਰਿ ਧਰਮਿ ਦੁਇ ਪੈਰ ਰਖਾਏ ॥ ਗੁਰਮੁਖਿ ਹੋਵੈ, ਤ ਨਾਮੁ ਦ੍ਰਿੜਾਏ ॥੩॥ ਕਲਜੁਗਿ ਧਰਮ ਕਲਾ ਇਕ ਰਹਾਏ ॥ ਇਕ ਪੈਰਿ ਚਲੈ, ਮਾਇਆ ਮੋਹੁ ਵਧਾਏ ॥ ਮਾਇਆ ਮੋਹੁ ਅਤਿ ਗੁਬਾਰੁ ॥ ਸਤਗੁਰੁ ਭੇਟੈ, ਨਾਮਿ ਉਧਾਰੁ ॥੪॥ ਸਭ ਜੁਗ ਮਹਿ, ਸਾਚਾ ਏਕੋ ਸੋਈ ॥ ਸਭ ਮਹਿ ਸਚੁ ,ਦੂਜਾ ਨਹੀ ਕੋਈ ॥ ਸਾਚੀ ਕੀਰਤਿ ਸਚੁ ਸੁਖੁ ਹੋਈ ॥ ਗੁਰਮੁਖਿ ਨਾਮੁ ਵਖਾਣੈ ਕੋਈ ॥੫॥ ਸਭ ਜੁਗ ਮਹਿ, ਨਾਮੁ ਊਤਮੁ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਹਰਿ ਨਾਮੁ ਧਿਆਏ, ਭਗਤੁ ਜਨੁ ਸੋਈ ॥ ਨਾਨਕ ਜੁਗਿ ਜੁਗਿ, ਨਾਮਿ ਵਡਿਆਈ ਹੋਈ ॥੬॥੧॥ (ਹੇ ਭਾਈ !) ਸਤਜੁਗ ਵਿਚ

ਸਭ ਕੋਈ (ਹਰੇਕ ਜੀਵ) ਸੱਚ ਬੋਲਦਾ ਦਸਿਆ ਜਾਂਦਾ ਹੈ। ਹਰੇਕ ਘਰ ਵਿਚ ਗੁਰੂ ਦੁਆਰਾ ਹਰੀ ਦੀ ਭਗਤੀ ਹੁੰਦੀ ਸੀ। ਸਤਜੁਗ ਵਿਚ ਧਰਮ ਰੂਪ ਬਲਦ ਦੇ ਚਾਰ ਪੈਰ ਹੈ ਸਨ। ਕੋਈ ਵਿਰਲਾ ਮਨੁੱਖ ਗੁਰੂ ਦੀ ਸ਼ਰਣ ਵਿਚ ਪੈ ਕੇ (ਇਸ ਅਸਲੀਅਤ ਨੂੰ) ਵਿਚਾਰ ਕੇ ਸਮਝਦਾ ਹੈ।੧। (ਹੇ ਭਾਈ!) ਚਾਰੇ ਜੁਗਾਂ ਵਿਚ ਪ੍ਰਭੂ ਦੇ ਨਾਮ ਵਿਚ ਜੁੜ ਕੇ ਵਡਿਆਈ ਪ੍ਰਾਪਤ ਹੁੰਦੀ ਹੈ। ਜਿਹੜਾ ਮਨੁੱਖ ਪ੍ਰਭੂ ਦੇ ਨਾਮ ਸਿਮਰਨ ਵਿਚ ਲਗਦਾ ਹੈ, ਉਹ ਮੁਕਤ ਹੁੰਦਾ ਹੈ, (ਪਰ) ਗੁਰੂ ਤੋਂ ਬਿਨਾਂ ਕੋਈ ਵੀ ਮਨੁੱਖ ਨਾਮ ਪ੍ਰਾਪਤ ਨਹੀਂ ਕਰ ਸਕਦਾ।੧। ਰਹਾਉ। ਤ੍ਰੇਤੇ ਜੁਗ ਵਿਚ ਧਰਮ ਦੀ ਇਕ ਕਲਾ ਦੂਰ ਕਰ ਦਿਤੀ ਗਈ। (ਸੰਸਾਰ ਵਿਚ ਸਾਰੇ ਪਾਸੇ) ਪਖੰਡ ਵਰਤ ਗਿਆ ਅਤੇ (ਲੋਕ ਅਪਣੇ ਤੋਂ) ਹਰੀ ਨੂੰ ਦੂਰ ਜਾਨਣ ਲਗ ਪਏ ਸਨ (ਬਹੁਤ ਲੋਕ ਜੱਗ ਆਦਿ ਕਰਮ ਕਰਨ ਨੂੰ ਹੀ ਧਰਮ ਸਮਝਣ ਲਗ ਪਏ ਸਨ। ਤ੍ਰੇਤੇ ਜੁਗ ਵਿਚ ਵੀ ਜਿਹੜਾ ਮਨੁੱਖ) ਗੁਰੂ ਦੀ ਸਰਣ ਵਿਚ ਪੈ ਕੇ ਗਿਆਨ ਨੂੰ ਸਮਝ ਲੈਂਦਾ ਸੀ, ਉਸ ਨੂੰ ਸੋਝੀ ਪ੍ਰਾਪਤ ਹੁੰਦੀ ਸੀ। (ਜਿਸ ਦੇ) ਹਿਰਦੇ ਅੰਦਰ ਨਾਮ ਵਸਦਾ ਸੀ, (ਉਸ ਨੂੰ) ਸੁਖ ਹੁੰਦਾ ਸੀ।੨। ਦੁਆਪਰ ਜੁਗ ਵਿਚ ਦੂਜੇ ਭਾਵ ਕਰਕੇ ਦੁਬਿਧਾ ਪੈਦਾ ਹੋ ਗਈ ਸੀ। ਭਰਮ ਵਿਚ ਭੁੱਲੇ ਹੋਏ ਲੋਕ ਦੂਜੇ ਭਾਵ ਨੂੰ ਹੀ ਜਾਣਦੇ ਸਨ (ਲੋਕਾਂ ਵਿਚ ਵੈਰ ਵਿਰੋਧ ਵਧ ਗਏ, ਆਪਸੀ ਸੰਮਤੀ ਨਾ ਰਹੀ)। ਦੁਆਪਰ ਜੁਗ ਵਿਚ ਧਰਮ ਨੇ ਦੋ ਪੈਰ ਰੱਖੇ ਹੋਏ ਸਨ (ਧਰਮ ਦੀ ਸ਼ਕਤੀ ਅੱਧੀ ਰਹਿ ਗਈ ਸੀ। ਲੋਕ ਮੂਰਤੀ ਪੂਜਾ, ਦਾਨ ਅਤੇ ਤਪ ਕਰਨ ਨੂੰ ਹੀ ਧਰਮ ਜਾਨਣ ਲਗ ਪਏ ਸਨ ਅਤੇ ਜੇ ਕੋਈ) ਗੁਰਮੁਖ ਹੋਵੇ, ਤਾਂ ਉਹ ਨਾਮ ਦ੍ਰਿੜ ਕਰਵਾਏ; (ਉਸ ਜੁਗ ਵਿਚ ਵੀ ਜੋ) ਗੁਰਮੁਖ ਹੋਏ ਹਨ, (ਉਨ੍ਹਾਂ ਨੂੰ) ਗੁਰੂ ਨਾਮ ਦ੍ਰਿੜ ਕਰਾਉਂਦਾ ਸੀ (ਫ. ਸ.)।੩। ਕਲਜੁਗ ਵਿਚ ਧਰਮ ਦੀ ਇਕ ਕਲਾ ਰਹਿ ਗਈ (ਧਰਮ ਸਿਰਫ ਇਕ ਹਿੱਸਾ ਰਹਿ ਗਿਆ, ਤਿੰਨ ਹਿੱਸੇ ਧਰਮ ਅਲੋਪ ਹੋ ਗਿਆ)। ਧਰਮ ਰੂਪ ਬਲਦ ਇਕ ਪੈਰ ਨਾਲ ਚਲ ਰਿਹਾ ਹੈ, (ਜੀਵ) ਮਾਇਆ ਦਾ ਮੋਹ ਵਧਾ ਰਹੇ ਹਨ। (ਜੀਵਾਂ ਦੇ ਮਨਾਂ ਵਿਚ) ਮਾਇਆ ਦਾ ਮੋਹ ਰੂਪ ਘੁੱਪ ਹਨ੍ਹੇਰਾ ਬਣਿਆ ਹੋਇਆ ਹੈ। (ਪਰ ਜੋ ਮਨੁੱਖ) ਸਤਿਗੁਰੂ ਨੂੰ ਮਿਲਦਾ ਹੈ, (ਉਸ ਦਾ) ਨਾਮ ਰਾਹੀਂ ਉਧਾਰ ਹੋ ਜਾਂਦਾ ਹੈ।੪। (ਹੇ ਭਾਈ!) ਸਾਰੇ ਜੁਗਾਂ ਵਿਚ ਉਹ ਇਕੋ ਹੀ ਸੱਚਾ ਪ੍ਰਭੂ ਵਰਤ ਰਿਹਾ ਹੈ। ਸਾਰੇ ਜੀਵਾਂ ਵਿਚ ਸੱਚਾ ਪ੍ਰਭੂ ਵਸਦਾ ਹੈ, (ਉਸ ਤੋਂ ਬਿਨਾ) ਦੂਜਾ ਕੋਈ ਨਹੀਂ ਹੈ। (ਪ੍ਰਭੂ ਦੀ) ਸੱਚੀ ਸਿਫਤ ਸਲਾਹ ਕਰਨ ਨਾਲ ਸੱਚਾ ਸੁਖ ਪ੍ਰਾਪਤ ਹੁੰਦਾ ਹੈ। ਗੁਰੂ ਦੀ ਸ਼ਰਣ ਵਿਚ ਪੈ ਕੇ ਕੋਈ ਵਿਰਲਾ ਮਨੁੱਖ ਪ੍ਰਭੂ ਦਾ ਨਾਮ ਜਪਦਾ ਹੈ।੫। ਸਾਰੇ ਜੁਗਾਂ ਵਿਚ (ਸਾਰੇ ਧਾਰਮਕ ਕਰਮਾਂ ਨਾਲੋਂ) ਪ੍ਰਭੂ ਦਾ ਨਾਮ ਉਤਮ ਹੁੰਦਾ ਆਇਆ ਹੈ। (ਪਰ ਇਸ ਗੱਲ ਨੂੰ) ਕੋਈ ਵਿਰਲਾ ਮਨੁੱਖ ਗੁਰੂ ਦੀ ਸ਼ਰਣ ਵਿਚ ਪੈ ਕੇ ਸਮਝਦਾ ਹੈ। (ਸਾਰੇ ਜੁਗਾਂ ਵਿਚ) ਉਹ ਮਨੁੱਖ ਹੀ ਪ੍ਰਭੂ ਦਾ ਭਗਤ ਹੈ, ਜੋ ਪ੍ਰਭੂ ਦਾ ਨਾਮ ਜਪਦਾ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਹਰੇਕ ਜੁਗ ਵਿਚ (ਮਨੁੱਖ ਨੂੰ) ਨਾਮ ਸਿਮਰਨ ਰਾਹੀਂ ਹੀ ਵਡਿਆਈ ਪ੍ਰਾਪਤ ਹੁੰਦੀ ਆਈ ਹੈ।੬।੧।

ਪਦਾਰਥ = ਸਤਜੁਗਿ–ਸਤਜੁਗ ਵਿਚ। ਕਹੈ–ਕਹਿੰਦਾ (ਬੋਲਦਾ) ਸੀ। ਸਭੁ ਕੋਈ–ਸਭ ਕੋਈ (ਹਰੇਕ) ਜੀਵ। ਘਰਿ ਘਰਿ–ਹਰੇਕ ਘਰ ਵਿਚ। ਗੁਰਮੁਖਿ–ਗੁਰੂ ਦੀ ਸ਼ਰਣ ਵਿਚ ਪੈ ਕੇ। ਪੈਰ ਚਾਰਿ–ਚਾਰ ਪੈਰ। ਕੋ–ਕੋਈ (ਵਿਰਲਾ ਮਨੁੱਖ)। ਬੀਚਾਰਿ–ਵਿਚਾਰ ਕੇ। ੧। ਜੁਗ ਚਾਰੇ–ਚੌਹਾਂ ਜੁਗਾਂ ਵਿਚ। ਨਾਮਿ–ਨਾਮ ਵਿਚ ਜੁੜ ਕੇ। ਜਿ–ਜਿਹੜਾ। ਲਾਗੈ–ਲਗਦਾ ਹੈ। ਸੋ–ਉਹ। ਨ ਪਾਵੈ–ਪ੍ਰਾਪਤ ਨਹੀਂ ਕਰ ਸਕਦਾ।੧। ਰਹਾਉ। ਤ੍ਰੇਤੈ–ਤ੍ਰੇਤੇ ਜੁਗ ਵਿਚ। ਕਲ–ਭਾਗ (ਹਿੱਸਾ); ਅੰਸ। ਕੀਨੀ ਦੂਰਿ–ਦੂਰ ਕਰ ਦਿਤੀ। ਬੂਝੈ–ਸਮਝਦਾ ਹੈ। ਸੋਝੀ–ਸਮਝ। ਅੰਤਰਿ–ਹਿਰਦੇ ਅੰਦਰ।੨। ਦੁਆਪੁਰਿ–ਦੁਆਪਰ ਜੁਗ ਵਿਚ। ਦੂਜੈ–ਦੂਜੇ ਭਾਵ ਕਰਕੇ। ਦੁਬਿਧਾ–ਦੁਚਿੱਤਾਪਣ (ਚਿੱਤ ਦਾ ਦੋ ਪਾਸੇ ਹੋਣਾ)। ਭਰਮਿ ਭੁਲਾਨੇ–ਭਰਮ ਵਿਚ ਭੁੱਲੇ (ਕੁਰਾਹੇ ਪਏ) ਹੋਏ। ਜਾਣਹਿ–ਜਾਣਦੇ ਸਨ। ਦੋਇ–ਦੂਜੇ ਭਾਵ ਨੂੰ। ਧਰਮਿ–ਧਰਮ ਨੇ। ਦੁਇ–ਦੋ। ਤ–ਤਾਂ; ਤਦ। ਦ੍ਰਿੜਾਏ–ਹਿਰਦੇ ਵਿਚ ਪੱਕੀ ਤਰ੍ਹਾਂ ਟਿਕਾਵੇ।੩। ਕਲਜੁਗਿ–ਕਲਜੁਗ ਵਿਚ। ਇਕ ਪੈਰਿ–ਇਕ ਪੈਰ ਨਾਲ। ਚਲੈ–ਚਲਦਾ ਹੈ। ਅਤਿ ਗੁਬਾਰੁ–ਘੁੱਪ ਹਨ੍ਹੇਰਾ। ਭੇਟੈ–ਮਿਲਦਾ ਹੈ। ਨਾਮਿ–ਨਾਮ ਰਾਹੀਂ। ਉਧਾਰੁ–ਮੁਕਤੀ; ਪਾਰ ਉਤਾਰਾ।੪। ਸਭ ਜੁਗ ਮਹਿ–ਸਾਰੇ ਜੁਗਾਂ ਵਿਚ। ਏਕੋ ਸੋਈ–ਉਹ ਇਕੋ ਪ੍ਰਭੂ ਹੀ। ਕੀਰਤਿ–ਸਿਫਤ ਸਲਾਹ। ਵਖਾਣੈ–ਉਚਾਰਦਾ (ਜਪਦਾ) ਹੈ।੫। ਧਿਆਏ–ਸਿਮਰਦਾ ਹੈ। ਜਨੁ–ਮਨੁੱਖ। ਜੁਗਿ ਜੁਗਿ–ਹਰੇਕ ਜੁਗ ਵਿਚ।੬।੧।

ਰਾਮਕਲੀ ਮਹਲਾ ੪ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਜੇ ਵਡਭਾਗ ਹੋਵੈ ਵਡਭਾਗੀ, ਤਾ ਹਰਿ ਹਰਿ ਨਾਮੁ ਧਿਆਵੈ ॥ ਨਾਮੁ ਜਪਤ ਨਾਮੇ ਸੁਖੁ ਪਾਵੈ, ਹਰਿ ਨਾਮੇ ਨਾਮਿ ਸਮਾਵੈ ॥੧॥ ਗੁਰਮੁਖਿ ਭਗਤਿ ਕਰਹੁ ਸਦ ਪ੍ਰਾਣੀ ॥ ਹਿਰਦੈ ਪ੍ਰਗਾਸੁ ਹੋਵੈ ਲਿਵ ਲਾਗੈ, ਗੁਰਮਤਿ ਹਰਿ ਹਰਿ ਨਾਮਿ ਸਮਾਣੀ ॥੧॥ਰਹਾਉ॥ ਹੀਰਾ ਰਤਨ ਜਵੇਹਰ ਮਾਣਕ, ਬਹੁ ਸਾਗਰ ਭਰਪੂਰੁ ਕੀਆ ॥ ਜਿਸੁ ਵਡਭਾਗੁ ਹੋਵੈ ਵਡ ਮਸਤਕਿ, ਤਿਨਿ ਗੁਰਮਤਿ ਕਢਿ ਕਢਿ ਲੀਆ ॥੨॥ ਰਤਨੁ ਜਵੇਹਰੁ ਲਾਲੁ ਹਰਿ ਨਾਮਾ, ਗੁਰਿ ਕਾਢਿ

ਤਲੀ ਦਿਖਲਾਇਆ ॥ ਭਾਗਹੀਣ ਮਨਮੁਖਿ ਨਹੀ ਲੀਆ, ਤ੍ਰਿਣ ਓਲੈ ਲਾਖੁ ਛਪਾਇਆ ॥੩॥ ਮਸਤਕਿ ਭਾਗੁ ਹੋਵੈ ਧੁਰਿ ਲਿਖਿਆ ,ਤਾ ਸਤਗੁਰੁ ਸੇਵਾ ਲਾਏ ॥ ਨਾਨਕ ਰਤਨ ਜਵੇਹਰ ਪਾਵੈ, ਧਨੁ ਧਨੁ ਗੁਰਮਤਿ ਹਰਿ ਪਾਏ ॥੪॥੧॥ (ਹੇ ਭਾਈ!) ਜੇ ਕਿਸੇ ਮਨੁੱਖ ਦੇ ਵੱਡੇ ਭਾਗ ਹੋਣ, ਤਾਂ ਉਹ ਵੱਡੇ ਭਾਗਾਂ ਵਾਲਾ ਮਨੁੱਖ ਪ੍ਰਭੂ ਦਾ ਨਾਮ ਧਿਆਉਂਦਾ ਹੈ। ਉਹ ਨਾਮ ਜਪਦਿਆਂ ਨਾਮ ਰਾਹੀਂ ਸੁਖ ਪਾਉਂਦਾ ਹੈ ਅਤੇ ਹਰੀ ਦੇ ਨਾਮ ਦੁਆਰਾ ਨਾਮ ਵਿਚ ਸਮਾ ਜਾਂਦਾ ਹੈ।੧। ਹੇ ਪ੍ਰਾਣੀ! ਗੁਰੂ ਦੀ ਸਰਣ ਵਿਚ ਪੈ ਕੇ ਸਦਾ ਪ੍ਰਭੂ ਦੀ ਭਗਤੀ ਕਰਿਆ ਕਰੋ। ਗੁਰੂ ਦੀ ਸਿਖਿਆ ਨਾਲ (ਪ੍ਰਭੂ ਵਿਚ) ਲਿਵ ਲਗ ਜਾਂਦੀ ਹੈ, ਹਿਰਦੇ ਵਿਚ ਗਿਆਨ ਦਾ ਚਾਨਣ ਹੋ ਜਾਂਦਾ ਹੈ ਅਤੇ ਹਰੀ ਦੇ ਨਾਮ ਵਿਚ ਲੀਨਤਾ ਹੋ ਜਾਂਦੀ ਹੈ।੧।ਰਹਾਉ।(ਹੇ ਭਾਈ! ਪ੍ਰਭੂ ਦੇ ਗੁਣ ਮਾਨੋ) ਹੀਰੇ, ਰਤਨ, ਜਵਾਹਰ ਤੇ ਲਾਲ ਹਨ, (ਪ੍ਰਭੂ ਨੇ ਇਨ੍ਹਾਂ ਗੁਣਾਂ ਨਾਲ) ਮਨੁੱਖ ਦਾ ਹਿਰਦਾ ਰੂਪ ਸਮੁੰਦਰ ਬਹੁਤ ਭਰਪੂਰ ਕੀਤਾ ਹੋਇਆ ਹੈ; ਹੀਰਾ, ਰਤਨ, ਜਵਾਹਰ ਤੇ ਮਾਣਕ ਰੂਪ ਗੁਣਾਂ ਨਾਲ ਸਤਿਗੁਰੂ ਰੂਪ ਸਮੁੰਦਰ ਨੂੰ (ਪ੍ਰਭੂ ਨੇ) ਭਰਪੂਰ ਕੀਤਾ ਹੋਇਆ ਹੈ (ਸੰ.ਸ.; ਫ.ਸ.)। ਜਿਸ ਮਨੁੱਖ ਦੇ ਮੱਥੇ ਉਤੇ ਵੱਡੇ ਤੋਂ ਵੱਡਾ ਭਾਗ ਹੁੰਦਾ ਹੈ, ਉਸ ਨੇ ਗੁਰੂ ਦੀ ਸਿੱਖਿਆ ਨਾਲ (ਇਨ੍ਹਾਂ ਰਤਨਾਂ ਨੂੰ) ਕੱਢ ਲਿਆ ਹੈ।੨।(ਹੇ ਭਾਈ!) ਹਰੀ ਦਾ ਨਾਮ ਰਤਨ ਜਵਾਹਰ ਤੇ ਲਾਲ ਨਾਲੋਂ ਵੀ ਵਧ ਅਮੋਲਕ ਹੈ, ਗੁਰੂ ਨੇ (ਉਹ) ਕਢ ਕੇ ਤਲੀ ਉਤੇ ਰੱਖ ਕੇ (ਪ੍ਰਗਟ ਕਰਕੇ) ਦਿਖਾ ਦਿਤਾ ਹੈ। ਭਾਗਹੀਣ ਮਨਮੁਖ (ਨਾਮ ਰੂਪ ਰਤਨ) ਲੈ ਨਹੀਂ ਸਕਿਆ, ਉਹ ਲੱਖਾਂ ਕੀਮਤਾਂ ਵਾਲਾ ਲਾਲ (ਹਰੀ ਨਾਮ ਸਾਡੇ) ਤੁੱਛ ਸਰੀਰ ਅੰਦਰ ਹੀ ਲੁਕਿਆ ਪਿਆ ਹੈ (ਸ਼ਬਦਾਰਥ); ਲੱਖਾਂ ਕੀਮਤਾਂ ਵਾਲਾ ਅਮੋਲਕ ਨਾਮ (ਮਨਮੁਖ ਨੇ ਵਿਸ਼ੇ ਵਿਕਾਰਾਂ ਰੂਪ) ਕੱਖਾਂ ਦੇ ਓਲ੍ਹੇ ਛੁਪਾ ਰੱਖਿਆ ਹੈ (ਗੁਰੂ ਦੀ ਸਰਣ ਵਿਚ ਪੈ ਕੇ ਪ੍ਰਾਪਤ ਨਹੀਂ ਕੀਤਾ)।੩। ਧੁਰ ਰੱਬ ਦੀ ਹਜ਼ੂਰੀ ਤੋਂ (ਜਿਸ ਮਨੁੱਖ ਦੇ) ਮੱਥੇ ਉਤੇ ਲਿਖਿਆ ਹੋਵੇ, ਤਾਂ (ਉਸ ਨੂੰ) ਸਤਿਗੁਰੂ ਅਪਣੀ ਸੇਵਾ ਵਿਚ ਲਾਉਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਮਨੁੱਖ ਅਪਣੇ ਹਿਰਦੇ ਵਿਚੋਂ ਹੀ) ਨਾਮ ਰੂਪ ਰਤਨ ਜਵਾਹਰ ਪਾ ਲੈਂਦਾ ਹੈ, (ਉਹ ਮਨੁੱਖ) ਧੰਨਤਾ ਦੇ ਜੋਗ ਹੈ, ਜੋ ਗੁਰੂ ਦੀ ਸਿਖਿਆ ਲੈ ਕੇ ਹਰੀ ਦਾ ਮਿਲਾਪ ਪ੍ਰਾਪਤ ਕਰਦਾ ਹੈ।੪।੧।

ਪਦਾਰਥ = ਹੋਵਹਿ–ਹੋਣ। ਵਡਭਾਗੀ–ਵੱਡੇ ਭਾਗਾਂ ਵਾਲਾ ਮਨੁੱਖ। ਤਾ–ਤਾਂ; ਤਦ। ਧਿਆਵੈ–ਧਿਆਉਂਦਾ ਹੈ। ਜਪਤ–ਜਪਦਿਆਂ। ਨਾਮੇ–ਨਾਮ ਰਾਹੀਂ। ਨਾਮਿ–ਨਾਮ ਵਿਚ। ਸਮਾਵੈ–ਲੀਨਤਾ ਹੋ ਜਾਂਦੀ ਹੈ।੧। ਗੁਰਮੁਖਿ–ਗੁਰੂ ਦੀ ਸ਼ਰਨ ਪੈ ਕੇ। ਕਰਹੁ–ਕਰਿਆ ਕਰੋ। ਪ੍ਰਾਣੀ–ਹੇ ਪ੍ਰਾਣੀ!। ਹਿਰਦੈ–ਹਿਰਦੇ ਵਿਚ। ਲਿਵ ਲਾਗੈ–ਸੁਰਤ ਜੁੜ ਜਾਂਦੀ ਹੈ। ਗੁਰਮਤਿ–ਗੁਰੂ ਦੀ ਸਿਖਿਆ ਨਾਲ। ਸਮਾਣੀ –ਲੀਨਤਾ।੧। ਰਹਾਉ। ਮਾਣਕ–ਲਾਲ (ਕੀਮਤੀ ਰਤਨ)। ਬਹੁ–ਬਹੁਤ। ਸਾਗਰ–ਹਿਰਦਾ ਰੂਪ ਸਮੁੰਦਰ। ਭਰਪੂਰੁ ਕੀਆ–ਪਰੀ ਪੂਰਨ ਕੀਤਾ ਹੋਇਆ ਹੈ। ਮਸਤਕਿ–ਮੱਥੇ ਉਤੇ। ਤਿਨਿ–ਉਸ ਨੇ। ਕਢਿ ਲੀਆ–ਕੱਢ ਲਿਆ ਹੈ।੨। ਗੁਰਿ–ਗੁਰੂ ਨੇ। ਕਾਢਿ–ਕੱਢ ਕੇ। ਤਲੀ–ਹਥੇਲੀ। ਮਨਮੁਖਿ–ਅਪਣੇ ਮਨ ਅਨੁਸਾਰ ਚੱਲਣ ਵਾਲਾ ਮਨੁੱਖ। ਤ੍ਰਿਣ–ਘਾਹ; ਤੁੱਛ। ਲਾਖੁ–ਲੱਖਾਂ ਦੀ ਕੀਮਤ ਵਾਲਾ।੩ । ਧੁਰਿ–ਧੁਰ (ਰੱਬ ਦੀ ਹਜ਼ੂਰੀ) ਤੋਂ। ਸੇਵਾ–ਸੇਵਾ ਵਿਚ। ਲਾਏ–ਲਾਉਂਦਾ ਹੈ। ਪਾਵੈ–ਪਾ ਲੈਂਦਾ ਹੈ। ਧਨੁ–ਧੰਨਤਾ ਦੇ ਜੋਗ।੪।੧।

ਰਾਮਕਲੀ ਮਹਲਾ ੪ ॥ ਰਾਮ ਜਨਾ ਮਿਲਿ ਭਇਆ ਅਨੰਦਾ, ਹਰਿ ਨੀਕੀ ਕਥਾ ਸੁਨਾਇ ॥ ਦੁਰਮਤਿ ਮੈਲੁ ਗਈ ਸਭ ਨੀਕਲਿ, ਸਤਸੰਗਤਿ ਮਿਲਿ ਬੁਧਿ ਪਾਇ ॥੧॥ (ਹੇ ਭਾਈ!) ਪ੍ਰਭੂ ਦੇ ਸੰਤਾਂ ਨੂੰ ਮਿਲ ਕੇ (ਸ੍ਰੋਤਿਆਂ ਦੇ ਮਨ ਵਿਚ) ਅਨੰਦ ਪ੍ਰਾਪਤ ਹੋਇਆ ਹੈ, (ਕਿਉਂਕਿ ਸੰਤ) ਪ੍ਰਮਾਤਮਾ ਦੀ ਸੁੰਦਰ ਕਥਾ ਸੁਣਾਉਂਦੇ ਹਨ।(ਸੰਤਾਂ ਦੀ) ਸਤਸੰਗਤ ਵਿਚ ਮਿਲ ਕੇ (ਸ੍ਰੋਤਿਆਂ ਨੂੰ) ਸ੍ਰੇਸਟ ਬੁੱਧੀ ਪ੍ਰਾਪਤ ਹੋਈ ਹੈ, (ਜਿਸ ਕਰਕੇ ਸ੍ਰੋਤਿਆਂ ਦੀ) ਖੋਟੀ ਮੱਤ ਵਾਲੀ ਸਾਰੀ ਮੈਲ (ਮਨ ਵਿਚੋਂ) ਨਿਕਲ ਗਈ ਹੈ।੧।

ਅੰਗ ੮੮੧ = ਰਾਮ ਜਨ, ਗੁਰਮਤਿ ਰਾਮੁ ਬੋਲਾਇ ॥ ਜੋ ਜੋ ਸੁਣੈ ਕਹੈ ਸੋ ਮੁਕਤਾ, ਰਾਮ ਜਪਤ ਸੋਹਾਇ ॥੧॥ਰਹਾਉ॥ ਜੇ ਵਡਭਾਗ ਹੋਵਹਿ ਮੁਖਿ ਮਸਤਕਿ, ਹਰਿ ਰਾਮ ਜਨਾ ਭੇਟਾਇ ॥ ਦਰਸਨੁ ਸੰਤ ਦੇਹੁ ਕਰਿ ਕਿਰਪਾ, ਸਭੁ ਦਾਲਦੁ ਦੁਖੁ ਲਹਿ ਜਾਇ ॥੨॥ ਹਰਿ ਕੇ ਲੋਗ ਰਾਮ ਜਨ ਨੀਕੇ, ਭਾਗ ਹੀਣ ਨ ਸੁਖਾਇ ॥ ਜਿਉ ਜਿਉ ਰਾਮ ਕਹਹਿ ਜਨ ਊਚੇ, ਨਰ ਨਿੰਦਕ ਡੰਸੁ ਲਗਾਇ ॥੩॥ ਧ੍ਰਿਗੁ ਧ੍ਰਿਗੁ ਨਰ ਨਿੰਦਕ, ਜਿਨ ਜਨ ਨਹੀ ਭਾਏ, ਹਰਿ ਕੇ ਸਖਾ ਸਖਾਇ ॥ ਸੇ ਹਰਿ ਕੇ ਚੋਰ ਵੇਮੁਖ ਮੁਖ ਕਾਲੇ, ਜਿਨ ਗੁਰ ਕੀ ਪੈਜ ਨ ਭਾਏ ॥੪॥ ਦਇਆ ਦਇਆ ਕਰਿ ਰਾਖਹੁ ਹਰਿ ਜੀਉ ,ਹਮ ਦੀਨ ਤੇਰੀ ਸਰਣਾਇ ॥ ਹਮ ਬਾਰਿਕ ਤੁਮ ਪਿਤਾ ਪ੍ਰਭ ਮੇਰੇ, ਜਨ ਨਾਨਕ ਬਖਸਿ ਮਿਲਾਇ ॥੫॥੨॥ (ਹੇ ਭਾਈ!) ਪ੍ਰਭੂ ਦੇ ਸੰਤ ਜਨ ਗੁਰੂ ਦੀ ਸਿੱਖਿਆ ਲੈ ਕੇ ਰਾਮ ਨਾਮ (ਪ੍ਰਭੂ ਦਾ ਨਾਮ ਸੰਗਤ ਨੂੰ) ਜਪਾਉਂਦੇ ਹਨ। ਜੋ ਜੋ ਮਨੁੱਖ (ਸੰਤਾਂ ਦੇ ਬਚਨ) ਸੁਣਦਾ ਹੈ ਅਤੇ ਨਾਮ ਉਚਾਰਦਾ ਹੈ, ਉਹ ਪ੍ਰਭੂ ਦਾ ਨਾਮ ਜਪਦਿਆਂ ਮੁਕਤ ਹੋ ਜਾਂਦਾ ਹੈ ਅਤੇ ਸੋਹਣੇ ਜੀਵਨ ਵਾਲਾ ਬਣ ਜਾਂਦਾ ਹੈ।੧। ਰਹਾਉ।(ਹੇ ਭਾਈ!) ਜੇ ਮਨੁੱਖ ਦੇ ਮੂੰਹ ਮੱਥੇ ਉਤੇ

ਵੱਡੇ ਭਾਗ ਹੋਣ, ਤਾਂ ਹਰੀ (ਉਸ ਨੂੰ ਅਪਨੇ) ਸੰਤਾਂ ਨਾਲ ਮੇਲ ਕਰਾਉਂਦਾ ਹੈ। ਹੇ ਪ੍ਰਭੂ! ਸਾਨੂੰ ਕ੍ਰਿਪਾ ਕਰਕੇ ਸੰਤਾਂ ਦਾ ਦਰਸ਼ਨ ਬਖਸ਼ ਦੇਹ, (ਜਿਸ ਨਾਲ) ਸਾਰੀ ਦਲਿਦ੍ਰਤਾ ਤੇ ਦੁਖ ਲਹਿ ਜਾਵੇ।੨।(ਹੇ ਭਾਈ!) ਹਰੀ ਦੇ ਲੋਕ ਸੰਤ ਜਨ ਚੰਗੇ ਹੁੰਦੇ ਹਨ, (ਪਰ ਉਹ) ਭਾਗ ਹੀਣ ਲੋਕਾਂ ਨੂੰ ਚੰਗੇ ਨਹੀਂ ਲਗਦੇ। ਜਿਵੇਂ ਜਿਵੇਂ ਉਹ ਸੰਤ ਜਨ ਉਚੀ ਉਚੀ ਪ੍ਰਭੂ ਦਾ ਨਾਮ ਉਚਾਰਦੇ ਹਨ, ਨਿੰਦਕ ਮਨੁੱਖਾਂ ਨੂੰ ਸੱਪ ਦੇ ਡੰਗ ਵਾਂਗ ਲਗਦਾ ਹੈ (ਹਰੀ ਦਾ ਨਾਮ ਸੁਣ ਕੇ ਦੁਖੀ ਹੁੰਦੇ ਹਨ)।੩। ਨਿੰਦਕ ਮਨੁੱਖ ਫਿਟਕਾਰ ਯੋਗ ਹਨ, (ਉਨ੍ਹਾਂ ਦੇ ਕਰਮ ਵੀ) ਫਿਟਕਾਰ ਯੋਗ ਹਨ, ਜਿਨ੍ਹਾਂ ਨੂੰ ਸੰਤ ਜਨ ਚੰਗੇ ਨਹੀਂ ਲਗਦੇ, ਜੋ ਹਰੀ ਦੇ ਮਿਤ੍ਰ ਅਤੇ ਸਾਥੀ ਹਨ; (ਦਾਸਾਂ ਦੇ) ਸਹਾਈ ਹਨ। ਉਹ ਹਰੀ ਦੇ ਚੋਰ ਹਨ {ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ ੧੩੨੮}, ਜਿਨ੍ਹਾਂ ਨੂੰ ਗੁਰੂ ਦੀ ਵਡਿਆਈ ਚੰਗੀ ਨਹੀਂ ਲਗਦੀ, (ਉਨ੍ਹਾਂ) ਬੇਮੁਖਾਂ ਦੇ ਮੂੰਹ ਕਾਲੇ (ਬਦਸ਼ਕਲ) ਹਨ।੪। ਹੇ ਹਰਿ ਜੀਓ! ਅਸੀਂ ਗਰੀਬ ਤੇਰੀ ਸ਼ਰਣ ਵਿਚ ਆਏ ਹਾਂ, (ਸਾਡੇ ਉਤੇ) ਦਇਆ ਕਰੋ, ਦਇਆ ਕਰਕੇ ਸਾਡੀ ਰੱਖਿਆ ਕਰੋ। ਦਾਸ ਨਾਨਕ ਆਖਦਾ ਹੈ ਕਿ ਹੇ ਪ੍ਰਭੂ! ਅਸੀਂ ਤੇਰੇ ਬੱਚੇ ਹਾਂ, ਤੂੰ ਸਾਡਾ ਪਿਤਾ ਹੈਂ, ਬਖਸ਼ਿਸ਼ ਕਰਕੇ (ਸਾਨੂੰ ਅਪਨੇ ਨਾਲ) ਮਿਲਾ ਲੈ।੫।੨।

ਪਦਾਰਥ = ਰਾਮ ਜਨਾ–ਪ੍ਰਭੂ ਦੇ ਸੰਤ ਜਨਾਂ ਨੂੰ। ਮਿਲਿ–ਮਿਲ ਕੇ। ਭਇਆ–ਹੋਇਆ ਹੈ। ਨੀਕੀ–ਸੁੰਦਰ। ਦੁਰਮਤਿ–ਖੋਟੀ ਮੱਤ। ਗਈ ਨੀਕਲਿ–ਨਿਕਲ ਗਈ। ਪਾਏ–ਪ੍ਰਾਪਤ ਹੋਈ ਹੈ।੧। ਗੁਰਮਤਿ–ਗੁਰੂ ਦੀ ਸਿੱਖਿਆ ਲੈ ਕੇ। ਬੋਲਾਏ–ਨਾਮ ਜਪਾਉਂਦੇ ਹਨ। ਕਹੈ–ਉਚਾਰਦਾ ਹੈ। ਸੋ–ਉਹ (ਮਨੁੱਖ)। ਸੋਹਾਇ–ਸੋਹਣੇ ਜੀਵਨ ਵਾਲਾ ਬਣ ਜਾਂਦਾ ਹੈ।੧। ਰਹਾਉ। ਹੋਵਹਿ–ਹੋਣ। ਮੁਖਿ–ਮੂੰਹ ਉਤੇ। ਮਸਤਕਿ–ਮੱਥੇ ਉਤੇ। ਭੇਟਾਇ–ਮਿਲਾਉਂਦਾ ਹੈ। ਦਾਲਦੁ–ਗਰੀਬੀ। ਲਹਿ ਜਾਇ–ਦੂਰ ਹੋ ਜਾਵੇ।੨। ਲੋਗ–ਲੋਕ। ਨੀਕੇ–ਚੰਗੇ। ਨ ਸੁਖਾਇ–ਚੰਗੇ ਨਹੀਂ ਲਗਦੇ। ਕਹਹਿ–ਉਚਾਰਦੇ ਹਨ। ਊਚੇ–ਉਚੀ ਸੁਰ ਵਿਚ। ਨਰ ਨਿੰਦਕ–ਨਿੰਦਾ ਕਰਨ ਵਾਲੇ ਮਨੁੱਖਾਂ ਨੂੰ। ਡੰਸੁ–ਡੰਗ।੩। ਧ੍ਰਿਗੁ–ਫਿਟਕਾਰ ਯੋਗ। ਜਿਨ–ਜਿਨ੍ਹਾਂ ਨੂੰ। ਜਨ–ਸੰਤ ਜਨ। ਨਹੀ ਭਾਏ–ਚੰਗੇ ਨਹੀਂ ਲਗਦੇ। ਸਖਾਇ–ਸਾਥੀ। ਸਖਾ–ਮਿਤ੍ਰ। ਸੇ–ਉਹ। ਪੈਜ–ਵਡਿਆਈ।੪। ਹਮ–ਅਸੀਂ। ਦੀਨ–ਗਰੀਬ। ਬਾਰਿਕ–ਬੱਚੇ। ਬਖਸਿ–ਬਖਸ਼ਿਸ਼ ਕਰਕੇ।੫।੨।

ਰਾਮਕਲੀ ਮਹਲਾ ੪ ॥ ਹਰਿ ਕੇ ਸਖਾ ਸਾਧ ਜਨ ਨੀਕੇ, ਤਿਨ ਊਪਰਿ ਹਾਥੁ ਵਤਾਵੈ ॥ ਗੁਰਮੁਖਿ ਸਾਧ ਸੇਈ ਪ੍ਰਭ ਭਾਏ, ਕਰਿ ਕਿਰਪਾ ਆਪਿ ਮਿਲਾਵੈ ॥੧॥ ਰਾਮ, ਮੋ ਕਉ ਹਰਿ ਜਨ ਮੇਲਿ ਮਨਿ ਭਾਵੈ ॥ ਅਮਿਉ ਅਮਿਉ ਹਰਿ ਰਸੁ ਹੈ ਮੀਠਾ, ਮਿਲਿ ਸੰਤ ਜਨਾ ਮੁਖਿ ਪਾਵੈ ॥੧॥ਰਹਾਉ॥ ਹਰਿ ਕੇ ਲੋਗ ਰਾਮ ਜਨ ਊਤਮ, ਮਿਲਿ ਊਤਮ ਪਦਵੀ ਪਾਵੈ ॥ ਹਮ ਹੋਵਤ ਚੇਰੀ ਦਾਸ ਦਾਸਨ ਕੀ, ਮੇਰਾ ਠਾਕੁਰੁ ਖੁਸੀ ਕਰਾਵੈ ॥੨॥ ਸੇਵਕ ਜਨ ਸੇਵਹਿ ਸੇ ਵਡਭਾਗੀ, ਰਿਦ ਮਨਿ ਤਨਿ ਪ੍ਰੀਤਿ ਲਗਾਵੈ ॥ ਬਿਨੁ ਪ੍ਰੀਤੀ ਕਰਹਿ ਬਹੁ ਬਾਤਾ, ਕੂੜੁ ਬੋਲਿ ਕੂੜੋ ਫਲੁ ਪਾਵੈ ॥੩॥ ਮੋਕਉ ਧਾਰਿ ਕ੍ਰਿਪਾ ਜਗਜੀਵਨ ਦਾਤੇ, ਹਰਿ ਸੰਤ ਪਗੀ ਲੇ ਪਾਵੈ ॥ ਹਉ ਕਾਟਉ ਕਾਟਿ ਬਾਢਿ ਸਿਰੁ ਰਾਖਉ ,ਜਿਤੁ ਨਾਨਕ ਸੰਤੁ ਚੜਿ ਆਵੈ ॥੪॥੩॥ (ਹੇ ਭਾਈ!) ਹਰੀ ਦੇ ਸਾਥੀ ਸਾਧੂ ਜਨ ਚੰਗੇ ਜੀਵਨ ਵਾਲੇ ਹਨ, ਉਨ੍ਹਾਂ ਦੇ ਸਿਰ ਉਤੇ ਹਰੀ (ਅਪਨੀ ਬਖਸ਼ਿਸ਼ ਦਾ) ਹੱਥ ਫੇਰਦਾ ਹੈ (ਸਿਰ ਪਲੋਸਦਾ ਹੈ)। ਉਹ ਹੀ ਗੁਰਮੁਖਿ ਸਾਧੂ ਪ੍ਰਭੂ ਨੂੰ ਚੰਗੇ ਲਗਦੇ ਹਨ ਅਤੇ ਪ੍ਰਭੂ ਆਪ ਹੀ ਕ੍ਰਿਪਾ ਕਰਕੇ (ਉਨ੍ਹਾਂ ਨੂੰ ਅਪਨੇ ਨਾਲ) ਮਿਲਾ ਲੈਂਦਾ ਹੈ।੧। ਹੇ ਰਾਮ! ਮੈਨੂੰ ਸੰਤ ਜਨਾਂ ਨਾਲ ਮਿਲਾ, ਮੇਰੇ ਮਨ ਵਿਚ (ਸੰਤ ਜਨਾਂ ਦਾ ਮੇਲ) ਚੰਗਾ ਲਗਦਾ ਹੈ। ਹੇ ਹਰੀ! ਤੇਰਾ ਨਾਮ ਰਸ (ਦੇਵਤਿਆਂ ਦੇ) ਅੰਮ੍ਰਿਤ ਤੋਂ ਵੀ ਮਿੱਠਾ ਅੰਮ੍ਰਿਤ ਹੈ, (ਪਰ ਜੋ ਮਨੁੱਖ ਤੇਰੇ) ਸੰਤ ਜਨਾਂ ਨੂੰ ਮਿਲਦਾ ਹੈ, (ਉਹ ਇਹ ਨਾਮ ਅੰਮ੍ਰਿਤ) ਮੂੰਹ ਵਿਚ ਪਾਉਂਦਾ ਹਾਂ।੧ ।ਰਹਾਉ। ਹਰੀ ਦੇ ਲੋਕ ਸੰਤ ਜਨ ਉਤਮ ਹਨ, (ਮਨੁੱਖ ਉਨ੍ਹਾਂ ਨਾਲ) ਮਿਲ ਕੇ ਉਤਮ ਪਦਵੀ ਪਾ ਲੈਂਦਾ ਹੈ। (ਜਿਨ੍ਹਾਂ ਪੁਰਖਾਂ ਉਤੇ) ਮੇਰਾ ਮਾਲਕ ਪ੍ਰਭੂ ਖੁਸ਼ੀ ਕਰਦਾ (ਬਖਸ਼ਦਾ) ਹੈ, ਮੈਂ (ਉਨ੍ਹਾਂ ਦੇ) ਦਾਸਾਂ ਦੇ ਦਾਸਾਂ ਦੀ ਦਾਸੀ ਹੋ ਜਾਵਾਂ।੨।(ਹੇ ਭਾਈ! ਜਿਹੜੇ) ਸੇਵਕ ਜਨ ਪ੍ਰਭੂ ਦੀ ਸੇਵਾ ਭਗਤੀ ਕਰਦੇ ਹਨ ਅਤੇ ਅਪਨੇ ਹਿਰਦੇ ਵਿਚ, ਮਨ ਵਿਚ ਤੇ ਸਰੀਰ ਵਿਚ (ਪ੍ਰਭੂ ਨਾਲ) ਪ੍ਰੀਤ ਲਗਾਉਂਦੇ ਹਨ, ਉਹ ਵੱਡੇ ਭਾਗਾਂ ਵਾਲੇ ਹਨ।(ਜਿਹੜੇ ਮਨੁੱਖ ਹਰੀ ਦੀ) ਪ੍ਰੀਤ ਤੋਂ ਬਿਨਾ ਬਹੁਤ ਗੱਲਾਂ ਕਰਦੇ ਹਨ (ਕਿ ਅਸੀਂ ਪ੍ਰਭੂ ਨੂੰ ਬਹੁਤ ਪਿਆਰ ਕਰਦੇ ਹਾਂ, ਅਜੇਹਾ ਮਨੁੱਖ) ਝੂਠ ਬੋਲਦਾ ਹੈ ਅਤੇ ਝੂਠ ਹੀ ਫਲ ਪਾਉਂਦਾ ਹੈ।੩। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਜਗਤ ਨੂੰ ਜੀਵਨ ਦੇਣ ਵਾਲੇ ਪ੍ਰਭੂ! ਮੇਰੇ ਉਤੇ ਕ੍ਰਿਪਾ ਕਰ, (ਕੋਈ ਤੇਰਾ ਪਿਆਰਾ ਮੈਨੂੰ) ਲੈ ਕੇ ਸੰਤਾਂ ਦੇ ਚਰਨੀਂ ਪਾ ਦੇਵੇ। ਮੈਂ ਅਪਣਾ ਸਿਰ ਕੱਟ ਦਿਆਂ, ਕੱਟ ਵੱਢ ਕੇ ਸੰਤਾਂ ਦੇ ਰਸਤੇ ਉਤੇ ਵਿਚ ਰੱਖ ਦਿਆਂ (ਰਸਤੇ ਵਿਚ ਜੇ ਕੋਈ ਟੋਆ ਲੰਘਣ ਵਿਚ ਰੁਕਾਵਟ ਪਾਉਂਦਾ ਹੋਵੇ, ਉਸ ਨੂੰ ਸਿਰ ਨਾਲ ਪੂਰ ਕੇ ਪੱਧਰਾ ਕਰ ਦਿਆਂ), ਜਿਸ (ਸਿਰ ਉਤੇ) ਚੜ੍ਹ ਕੇ ਸੰਤ (ਸੌਖੇ ਹੀ ਮੇਰੇ ਪਾਸ) ਆ ਜਾਵੇ (ਮੈਂ ਪ੍ਰਭੂ ਦੇ ਪਿਆਰੇ ਸੰਤਾਂ ਤੋਂ ਕੁਰਬਾਨ ਜਾਂਦਾ ਹਾਂ)।੪।੩।

ਪਦਾਰਥ = ਸਖਾ–ਸਾਥੀ; ਮਿਤ੍ਰ।ਨੀਕੇ–ਚੰਗੇ।ਵਤਾਵੈ–ਫੇਰਦਾ ਹੈ।ਸੇਈ–ਉਹ ਹੀ।ਭਾਏ–ਚੰਗੇ ਲਗਦੇ ਹਨ।੧।ਰਾਮ–ਹੇ ਸਰਬ ਵਿਆਪਕ ਪ੍ਰਭੂ !।ਮੋ ਕਉ–ਮੈਨੂੰ।ਮੇਲਿ–ਮਿਲਾ।ਮਨਿ–ਮਨ ਵਿਚ।ਭਾਵੈ–ਚੰਗਾ ਲਗਦਾ ਹੈ।ਮੁਖਿ ਪਾਵੈ–ਮੂੰਹ ਵਿਚ ਪਾਉਂਦਾ ਹੈ। ੧।ਰਹਾਉ।ਮਿਲਿ–ਮਿਲ ਕੇ।ਹਮ–ਮੈਂ।ਹੋਵਤ–ਹੋ ਜਾਵਾਂ।ਚੇਰੀ–ਚੇਲੀ (ਦਾਸੀ)।ਠਾਕੁਰੁ–ਮਾਲਕ ਪ੍ਰਭੂ।ਖੁਸੀ ਕਰਾਵੈ–ਖੁਸ਼ੀ ਬਖਸ਼ਦਾ ਹੈ।੨।ਸੇਵਹਿ–ਸੇਵਾ ਭਗਤੀ ਕਰਦੇ ਹਨ।ਸੇ–ਉਹ।ਰਿਦ–ਹਿਰਦੇ ਵਿਚ।ਤਨਿ–ਸਰੀਰ ਵਿਚ।ਬਹੁ ਬਾਤਾ–ਬਹੁਤ ਗੱਲਾਂ।ਕੂੜੁ–ਝੂਠ।ਪਾਵੈ–ਪਾਉਂਦਾ ਹੈ।੩।ਮੋ ਕਉ–ਮੇਰੇ ਉਤੇ।ਧਾਰਿ ਕ੍ਰਿਪਾ–ਕ੍ਰਿਪਾ ਕਰ।ਜਗਜੀਵਨ ਦਾਤੇ–ਹੇ ਜਗਤ ਨੂੰ ਜੀਵਨ ਦੇਣ ਵਾਲੇ !।ਸੰਤ ਪਗੀ–ਸੰਤਾਂ ਦੇ ਪੈਰੀਂ (ਚਰਨੀਂ)।ਲੇ ਪਾਵੈ–ਲੈ ਕੇ ਪਾ ਦੇਵੇ।ਹਉ ਕਾਟਉ–ਮੈਂ ਕੱਟ ਦੇਵਾਂ।ਕਾਟਿ ਵਾਢਿ–ਕੱਟ ਵੱਢ ਕੇ।ਰਾਖਉ–ਰੱਖ ਦਿਆਂ।ਜਿਤੁ ਚੜਿ–ਜਿਸ ਉਤੇ ਚੜ੍ਹ ਕੇ।੪।੩।

ਅਮਿਉ ਅਮਿਉ = ਸਮੁੰਦਰ ਰਿੜਕਣ ਸਮੇਂ ਨਿਕਲਿਆ ਅੰਮ੍ਰਿਤ, ਘਿਓ, ਦੁੱਧ ਆਦਿ ਸਾਰੇ ਕਿਸਮ ਦੇ ਅੰਮ੍ਰਿਤ ਨਾਲੋਂ ਨਾਮ ਰਸ ਮਿੱਠਾ ਅੰਮ੍ਰਿਤ ਹੈ, ਜਿਸ ਦੇ ਬਰਾਬਰ ਹੋਰ ਕੋਈ ਅੰਮ੍ਰਿਤ ਨਹੀਂ।ਨਾਮ ਅੰਮ੍ਰਿਤ ਅਮਰ ਕਰ ਦੇਣ ਵਾਲਾ ਹੈ।

ਰਾਮਕਲੀ ਮਹਲਾ ੪ ॥ ਜੇ ਵਡਭਾਗ ਹੋਵਹਿ ਵਡ ਮੇਰੇ, ਜਨ ਮਿਲਦਿਆ ਢਿਲ ਨ ਲਾਈਐ ॥ ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ, ਵਡਭਾਗੀ ਤਿਤੁ ਨਾਵਾਈਐ ॥੧॥ ਰਾਮ, ਮੋ ਕਉ ਹਰਿ ਜਨ ਕਾਰੈ ਲਾਈਐ ॥ ਹਉ ਪਾਣੀ ਪਖਾ ਪੀਸਉ ਸੰਤ ਆਗੈ, ਪਗ ਮਲਿ ਮਲਿ ਧੂਰਿ ਮੁਖਿ ਲਾਈਐ ॥੧॥ਰਹਾਉ॥ ਹਰਿ ਜਨ ਵਡੇ ਵਡੇ ਵਡ ਊਚੇ, ਜੋ ਸਤਗੁਰ ਮੇਲਿ ਮਿਲਾਈਐ ॥ ਸਤਗੁਰ ਜੇਵਡ ਅਵਰੁ ਨ ਕੋਈ, ਮਿਲਿ ਸਤਗੁਰ ਪੁਰਖ ਧਿਆਈਐ ॥੨॥ ਸਤਗੁਰ ਸਰਣਿ ਪਰੇ ਤਿਨ ਪਾਇਆ, ਮੇਰੇ ਠਾਕੁਰ ਲਾਜ ਰਖਾਈਐ ॥ ਇਕਿ ਅਪਣੈ ਸੁਆਇ ਆਇ ਬਹਹਿ ਗੁਰ ਆਗੈ, ਜਿਉ ਬਗੁਲ ਸਮਾਧਿ ਲਗਾਈਐ ॥੩॥ ਬਗੁਲਾ ਕਾਗ ਨੀਚ ਕੀ ਸੰਗਤਿ, ਜਾਇ ਕਰੰਗ ਬਿਖੁ ਮੁਖਿ ਲਾਈਐ ॥ ਨਾਨਕ ਮੇਲਿ ਮੇਲਿ ਪ੍ਰਭ ਸੰਗਤਿ, ਮਿਲਿ ਸੰਗਤਿ ਹੰਸੁ ਕਰਾਈਐ ॥੪॥੪॥

(ਹੇ ਭਾਈ !) ਸੰਤ ਜਨਾਂ ਨਾਲ ਮਿਲਦਿਆਂ ਦੇਰ ਨਹੀਂ ਲਾਉਣੀ ਚਾਹੀਦੀ, (ਪਰ) ਜੇ ਮੇਰੇ ਵੱਡੇ ਤੋਂ ਵੱਡੇ ਭਾਗ ਹੋਣ (ਤਾਂ ਹੀ ਇਹ ਮੇਲ ਸੰਭਵ ਹੈ)।ਹਰੀ ਦੇ ਸੰਤ ਜਨ ਅੰਮ੍ਰਿਤ ਕੁੰਡ ਦੇ ਉਤਮ ਸਰੋਵਰ ਹਨ, ਵੱਡੇ ਭਾਗਾਂ ਨਾਲ ਉਸ (ਸਰੋਵਰ) ਵਿਚ ਇਸ਼ਨਾਨ ਕਰੀਦਾ ਹੈ (ਸੰਤਾਂ ਦੀ ਸੰਗਤ ਕਰਦੇ ਹਨ)।੧।ਹੇ ਰਾਮ ! ਮੈਨੂੰ ਹਰੀ ਦੇ ਸੰਤ ਜਨਾਂ ਦੀ ਸੇਵਾ ਵਿਚ ਲਗਾ ਦੇਹ।ਮੈਂ ਸੰਤਾਂ ਅੱਗੇ ਪਾਣੀ ਢੋਵਾਂ, ਪੱਖਾ ਫੇਰਾਂ ਅਤੇ ਚੱਕੀ ਪੀਸਾਂ ਅਤੇ (ਉਨ੍ਹਾਂ ਦੇ) ਪੈਰ ਮਲ ਮਲ ਕੇ ਧੋਵਾਂ, (ਉਨ੍ਹਾਂ ਦੀ) ਚਰਨ ਧੂੜ ਮੂੰਹ ਉਤੇ ਲਾਵਾਂ।੧।ਰਹਾਉ।(ਹੇ ਭਾਈ !) ਹਰੀ ਦੇ ਸੰਤ ਜਨ ਵੱਡੇ ਹਨ, ਮਨ ਕਰਕੇ ਵੀ ਵੱਡੇ ਹਨ, ਕਰਮ ਕਰਕੇ ਬੜੇ ਉਚੇ ਹਨ, ਜੋ ਸਤਗੁਰੂ ਦੇ ਮੇਲ ਨਾਲ ਮਿਲਾਉਂਦੇ ਹਨ।ਸਤਿਗੁਰੂ ਜਿਤਨਾ ਵੱਡਾ ਹੋਰ ਕੋਈ ਨਹੀਂ ਹੈ, ਸਤਗੁਰੂ ਨੂੰ ਮਿਲ ਕੇ ਹੀ ਪ੍ਰਮਾਤਮਾ ਨੂੰ ਧਿਆਈਦਾ ਹੈ।੨।(ਜਿਹੜੇ ਮਨੁੱਖ) ਸਤਿਗੁਰੂ ਦੀ ਸ਼ਰਣ ਵਿਚ ਪਏ ਹਨ, ਉਨ੍ਹਾਂ ਨੇ ਹਰੀ ਨੂੰ ਪਾਇਆ ਹੈ, ਮੇਰੇ ਮਾਲਕ ਪ੍ਰਭੂ ਨੇ (ਉਨ੍ਹਾਂ ਦੀ ਲੋਕ ਪ੍ਰਲੋਕ ਵਿਚ) ਲਾਜ ਰੱਖ ਲਈ ਹੈ।ਕਈ ਮਨੁੱਖ ਅਪਣੇ ਸੁਆਰਥ ਵਾਸਤੇ ਗੁਰੂ ਦੇ ਅੱਗੇ (ਇਉਂ) ਆ ਕੇ ਬੈਠਦੇ ਹਨ, ਜਿਵੇਂ ਬਗਲਾ ਸਮਾਧੀ ਲਾਉਂਦਾ ਹੈ।੩।(ਹੇ ਭਾਈ !) ਬਗਲੇ ਤੇ ਕਾਂ ਵਰਗੇ ਨੀਚਾਂ ਦੀ ਸੰਗਤ ਵਿਚ ਜਾ ਕੇ ਮੁਰਦਾਰ ਜਾਂ ਵਿਸ਼ਟਾ ਨੂੰ ਹੀ ਮੂੰਹ ਲਾਈਦਾ ਹੈ ਭਾਵ ਉਨ੍ਹਾਂ ਦੀ ਸੰਗਤ ਕਰਕੇ ਮਾੜੀਆਂ ਵਾਸ਼ਨਾਂ ਪੈਦਾ ਹੁੰਦੀਆਂ ਹਨ।ਹੇ ਪ੍ਰਭੂ ! ਨਾਨਕ ਨੂੰ ਸੰਤਾਂ ਦੀ ਸੰਗਤ ਦੇ ਮੇਲ ਵਿਚ ਮਿਲਾ ਦੇਹ, (ਜਿਨ੍ਹਾਂ ਦੀ) ਸੰਗਤ ਵਿਚ ਮਿਲ ਕੇ (ਕਾਂ ਤੋਂ) ਹੰਸ ਬਣ ਜਾਈਦਾ ਹੈ।੪।੪।

ਪਦਾਰਥ = ਹੋਵਹਿ–ਹੋਣ।ਜਨ–ਸੰਤ ਜਨਾਂ ਨਾਲ।ਢਿਲ–ਦੇਰ।ਨ ਲਾਈਐ–ਨਹੀਂ ਲਾਉਣੀ ਚਾਹੀਦੀ।ਸਰ–ਸਰੋਵਰ।ਕੁੰਟ–ਚਸ਼ਮੇ।ਨੀਕੇ–ਉਤਮ; ਸੁੰਦਰ।ਤਿਤੁ–ਉਸ ਵਿਚ।ਨਾਵਾਈਐ–ਨ੍ਹਾਈਦਾ ਹੈ।੧।ਰਾਮ–ਹੇ ਸਰਬ ਵਿਆਪਕ ਪ੍ਰਭੂ !।ਮੋ ਕਉ–ਮੈਨੂੰ।ਕਾਰੈ–ਸੇਵਾ ਵਿਚ।ਹਉ–ਮੈਂ।ਪੀਸਉ–ਆਟਾ ਪੀਸਾਂ।ਪਗ–ਪੈਰ।ਮਲਿ ਮਲਿ–ਮਲ ਮਲ ਕੇ।ਧੂਰਿ–ਚਰਨ ਧੂੜ।ਮੁਖਿ–ਮੂੰਹ ਉਤੇ।ਲਾਈਐ–ਲਗਾਵਾਂ।੧।ਰਹਾਉ।ਸਤਗੁਰ ਮੇਲਿ–ਸਤਗੁਰੂ ਦੇ ਮੇਲ ਨਾਲ।ਜੇਵਡ–ਜਿਤਨਾ ਵੱਡਾ।ਅਵਰੁ ਕੋਈ–ਹੋਰ ਕੋਈ। ਪੁਰਖ–ਅਕਾਲ ਪੁਰਖ।੨।ਸਰਣਿ ਪਰੇ–ਸ਼ਰਣ ਵਿਚ ਪਏ ਹਨ।ਤਿਨ ਪਾਇਆ–ਉਨ੍ਹਾਂ ਨੇ (ਪ੍ਰਭੂ ਨੂੰ) ਪਾਇਆ ਹੈ।ਲਾਜ–ਇੱਜਤ।ਇਕਿ–ਕਈ ਮਨੁੱਖ।ਸੁਆਇ–ਸੁਆਰਥ ਵਾਸਤੇ।ਆਇ ਬਹਹਿ–ਆ ਕੇ ਬੈਠਦੇ ਹਨ।ਬਗੁਲ–ਬਗਲਾ (ਜਿਵੇਂ ਬਗਲਾ ਸਮਾਧੀ ਲਾ ਕੇ ਮੱਛੀ ਫੜਦਾ ਹੈ, ਤਿਵੇਂ ਪਖੰਡੀ ਮਨੁੱਖ ਅਪਣੇ ਦੰਭ ਨਾਲ ਲੋਕਾਂ ਨੂੰ ਲੁੱਟਦਾ ਹੈ)।੩।ਕਾਗ–ਕਾਂ (ਵਿਸ਼ਈ ਮਨੁੱਖ)।ਜਾਇ–ਜਾ ਕੇ।ਕਰੰਗ–ਮੁਰਦਾਰ।ਬਿਖੁ–ਵਿਸ਼ਟਾ।ਮੁਖਿ–ਮੂੰਹ ਵਿਚ।ਮੇਲਿ ਮੇਲਿ–ਮੇਲ ਵਿਚ ਮਿਲਾ ਦੇਹ।ਹੰਸੁ ਕਰਾਈਐ–ਹੰਸ ਬਣ ਜਾਈਦਾ ਹੈ; (ਅਪਣੇ ਆਪ ਨੂੰ) ਗੁਰਮੁਖ ਕਰਾ (ਬਣਾ) ਲਈਏ।੪।੪।

ਅੰਗ ੮੮੨ = ਰਾਮਕਲੀ ਮਹਲਾ ੪ ॥ ਸਤਗੁਰ ਦਇਆ ਕਰਹੁ ਹਰਿ ਮੇਲਹੁ ,ਮੇਰੇ ਪ੍ਰੀਤਮ ਪ੍ਰਾਣ ਹਰਿ ਰਾਇਆ ॥ ਹਮ ਚੇਰੀ ਹੋਇ ਲਗਹ ਗੁਰ ਚਰਣੀ, ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਾਇਆ ॥੧॥ ਰਾਮ, ਮੈ ਹਰਿ ਹਰਿ ਨਾਮੁ ਮਨਿ ਭਾਇਆ ॥ ਮੈ ਹਰਿ ਬਿਨੁ ਅਵਰੁ ਨ ਕੋਈ ਬੇਲੀ, ਮੇਰਾ ਪਿਤਾ ਮਾਤਾ ਹਰਿ ਸਖਾਇਆ ॥੧॥ਰਹਾਉ॥ ਮੇਰੇ ਇਕੁ ਖਿਨੁ ਪ੍ਰਾਨ ਨ ਰਹਹਿ ਬਿਨੁ ਪ੍ਰੀਤਮ, ਬਿਨੁ ਦੇਖੇ ਮਰਹਿ ਮੇਰੀ ਮਾਇਆ ॥ ਧਨੁ ਧਨੁ ਵਡ ਭਾਗ ਗੁਰ ਸਰਣੀ ਆਏ, ਹਰਿ ਗੁਰ ਮਿਲਿ ਦਰਸਨੁ ਪਾਇਆ ॥੨॥ ਮੈ ਅਵਰੁ ਨ ਕੋਈ ਸੂਝੈ ਬੂਝੈ, ਮਨਿ ਹਰਿ ਜਪੁ ਜਪਉ ਜਪਾਇਆ ॥ ਨਾਮ ਹੀਣ ਫਿਰਹਿ ਸੇ ਨਕਟੇ, ਤਿਨ ਘਸਿ ਘਸਿ ਨਕ ਵਢਾਇਆ ॥੩॥ ਮੋ ਕਉ ਜਗਜੀਵਨ ਜੀਵਾਲਿ ਲੈ ਸੁਆਮੀ, ਰਿਦ ਅੰਤਰਿ ਨਾਮੁ ਵਸਾਇਆ ॥ ਨਾਨਕ ਗੁਰੂ ਗੁਰੂ ਹੈ ਪੂਰਾ, ਮਿਲਿ ਸਤਿਗੁਰ ਨਾਮੁ ਧਿਆਇਆ ॥੪॥੫॥ ਹੇ ਸਤਿਗੁਰੂ! (ਮੇਰੇ ਤੇ) ਦਇਆ ਕਰੋ, ਮੈਨੂੰ ਹਰੀ ਮਿਲਾ ਦਿਓ, (ਕਿਉਂਕਿ) ਹਰੀ ਰਾਜਾ ਮੇਰੇ ਪ੍ਰਾਣਾਂ ਦਾ ਪਿਆਰਾ ਹੈ। ਮੈਂ ਦਾਸੀ ਹੋ ਕੇ ਗੁਰੂ ਦੇ ਚਰਨੀਂ ਲੱਗੀ ਰਹਾਂ, ਜਿਸ ਨੇ ਹਰੀ ਪ੍ਰਭੂ ਦੇ ਰਸਤੇ ਚੱਲਣ ਵਾਲੇ ਸਾਧੂਆਂ ਦਾ ਦਸਿਆ ਰਸਤਾ ਦਿਖਾਇਆ ਹੈ।੧।ਹੇ ਰਾਮ! ਮੈਨੂੰ ਹਰਿ ਹਰਿ ਨਾਮ ਮਨ ਵਿਚ ਚੰਗਾ ਲੱਗਾ ਹੈ। ਹਰੀ ਤੋਂ ਬਿਨਾ ਮੇਰਾ ਹੋਰ ਕੋਈ ਮਿਤ੍ਰ ਨਹੀਂ ਹੈ, ਮੇਰਾ ਮਾਤਾ ਪਿਤਾ ਅਤੇ ਸਹਾਇਤਾ ਕਰਨ ਵਾਲਾ ਹਰੀ ਹੀ ਹੈ।੧।ਰਹਾਉ। ਹੇ (ਗੁਰੂ ਰੂਪ) ਮੇਰੀ ਮਾਂ! ਪਿਆਰੇ ਪ੍ਰਭੂ ਤੋਂ ਬਿਨਾ ਮੇਰੇ ਪ੍ਰਾਨ ਇਕ ਖਿਨ ਮਾਤ੍ਰ ਵੀ ਟਿਕੇ ਨਹੀਂ ਰਹਿ ਸਕਦੇ, (ਪ੍ਰਭੂ ਨੂੰ) ਦੇਖੇ ਬਿਨਾ ਮੈਂ ਮਰਦਾ ਜਾਂਦਾ ਹਾਂ। (ਉਹ ਮਨੁੱਖ) ਵੱਡੇ ਭਾਗਾਂ ਵਾਲੇ ਹਨ ਅਤੇ ਧੰਨਤਾ ਦੇ ਯੋਗ ਹਨ, ਜੋ ਗੁਰੂ ਦੀ ਸਰਣ ਵਿਚ ਆਏ ਹਨ ਅਤੇ ਗੁਰੂ ਨੂੰ ਮਿਲ ਕੇ (ਉਨ੍ਹਾਂ ਨੇ) ਹਰੀ ਦਾ ਦਰਸ਼ਨ ਪਾਇਆ ਹੈ।੨। ਮੈਨੂੰ (ਨਾਮ ਸਿਮਰਨ ਤੋਂ ਬਿਨਾ) ਹੋਰ ਕੁਛ ਸੁਝਦਾ ਨਹੀਂ ਅਤੇ (ਨਾਮ ਤੋਂ ਬਿਨਾ ਮੈਂ) ਹੋਰ ਕੁਛ ਸਮਝਦਾ ਵੀ ਨਹੀਂ, ਮੈਂ ਮਨ ਵਿਚ (ਗੁਰੂ ਦਾ) ਜਪਾਇਆ ਹਰੀ ਦੇ ਨਾਮ ਦਾ ਜਪ ਜਪਦਾ ਹਾਂ। (ਜੋ ਮਨੁੱਖ) ਨਾਮ ਹੀਣ ਹਨ, ਉਹ ਨੱਕ ਕੱਟੇ (ਬੇ ਇੱਜਤ ਹੋਇ ਦੁਨੀਆਂ ਵਿਚ ਤੁਰੇ) ਫਿਰਦੇ ਹਨ, ਉਨ੍ਹਾਂ ਨੇ (ਜਮਾਂ ਤੋਂ) ਘਸ ਘਸ ਕੇ ਅਪਣਾ ਨੱਕ ਵਢਾ ਲਿਆ ਹੈ (ਬਹੁਤ ਬੇਇਜਤੀ ਕਰਾਈ ਹੈ)।੩। ਹੇ ਜਗਤ ਦੇ ਜੀਵਨ ਮਾਲਕ ਪ੍ਰਭੂ! ਮੈਂ ਅਪਣੇ ਹਿਰਦੇ ਅੰਦਰ ਤੇਰਾ ਨਾਮ ਵਸਾਇਆ ਹੈ, (ਕ੍ਰਿਪਾ ਕਰਕੇ) ਮੈਨੂੰ ਜਿਵਾਲ ਲੈ (ਆਤਮਕ ਜੀਵਨ ਬਖਸ਼)। ਨਾਨਕ ਗੁਰੂ ਜੀ ਆਖਦੇ ਹਨ (ਕਿ ਮੇਰਾ ਜੋ) ਗੁਰੂ ਹੈ, ਉਹ ਪੂਰਨ ਗੁਰੂ ਹੈ, (ਉਸ) ਸਤਿਗੁਰੂ ਨੂੰ ਮਿਲ ਕੇ ਮੈਂ ਹਰੀ ਦਾ ਨਾਮ ਸਿਮਰਿਆ ਹੈ।੪।੫।

ਪਦਾਰਥ = ਸਤਗੁਰ–ਹੇ ਸਤਗੁਰੂ!। ਮੇਲਹੁ–ਮਿਲਾ ਦਿਓ। ਪ੍ਰੀਤਮ ਪ੍ਰਾਣ–ਪ੍ਰਾਣਾਂ ਦਾ ਪਿਆਰਾ। ਰਾਇਆ–ਰਾਜਾ। ਹਮ–ਮੈਂ। ਚੇਰੀ ਹੋਇ–ਦਾਸੀ ਹੋ ਕੇ। ਲਗਹ–ਲੱਗੀ ਰਹਾਂ। ਜਿਨਿ–ਜਿਸ (ਗੁਰੂ) ਨੇ। ਮਾਰਗੁ ਪੰਥੁ–ਖੁਲ੍ਹਾ ਰਸਤਾ; ਜਿਸ ਰਸਤੇ ਤੇ ਸਾਧੂ ਤੁਰਦੇ ਹਨ ,ਉਹ ਰਸਤਾ।੧। ਰਾਮ–ਹੇ ਸਰਬ ਵਿਆਪਕ ਪ੍ਰਭੂ!; ਹੇ ਭਾਈ!। ਮਨਿ–ਮਨ ਵਿਚ। ਭਾਇਆ–ਚੰਗਾ ਲੱਗਾ ਹੈ। ਅਵਰੁ–ਹੋਰ ਦੂਜਾ। ਬੇਲੀ–ਮਿਤ੍ਰ। ਸਖਾਇਆ–ਸਾਥੀ; ਸਹਾਇਤਾ ਕਰਨ ਵਾਲਾ।੧।ਰਹਾਉ। ਨ ਰਹਹਿ–ਰਹਿ ਨਹੀਂ ਸਕਦੇ। ਮਰਹਿ–ਮੈਂ ਮਰਦਾ ਜਾਂਦਾ ਹਾਂ। ਮਾਇਆ–ਹੇ ਮਾਂ! (ਬਾਲਕ ਰੂਪ ਹੋ ਕੇ ਗੁਰੂ ਨੂੰ ਮਾਂ ਕਰਕੇ ਸੰਬੋਧਨ ਕਰਦੇ ਹਨ)।੨। ਨ ਸੂਝੈ–ਸੁੱਝਦਾ ਨਹੀਂ। ਜਪਉ–ਮੈਂ ਜਪਦਾ ਹਾਂ। ਫਿਰਹਿ–ਫਿਰਦੇ ਹਨ। ਸੇ–ਉਹ। ਨਕਟੇ–ਨੱਕ ਕੱਟੇ (ਬੇਸ਼ਰਮ; ਨਿਰਲੱਜ) ਮਨੁੱਖ। ਤਿਨ–ਉਨ੍ਹਾਂ ਨੇ। ਘਸਿ ਘਸਿ–ਰਗੜ ਰਗੜ ਕੇ (ਬਹੁਤ ਬੇਇਜਤੀ ਕਰਾ ਕੇ)।੩। ਜਗ ਜੀਵਨ–ਹੇ ਜਗਤ ਨੂੰ ਜੀਵਨ ਦੇਣ ਵਾਲੇ!। ਜੀਵਾਲਿ ਲੈ–ਜਿਉਂਦਾ ਕਰ ਲੈ (ਆਤਮਕ ਜੀਵਨ ਬਖਸ਼)। ਸੁਆਮੀ–ਹੇ ਮਾਲਕ ਪ੍ਰਭੂ!। ਰਿਦ ਅੰਤਰਿ–ਹਿਰਦੇ ਅੰਦਰ। ਮਿਲਿ–ਮਿਲ ਕੇ।੪।੫।

ਰਾਮਕਲੀ ਮਹਲਾ ੪ ॥ ਸਤਗੁਰੁ ਦਾਤਾ ਵਡਾ ਵਡ ਪੁਰਖੁ ਹੈ, ਜਿਤੁ ਮਿਲਿਐ ਹਰਿ ਉਰ ਧਾਰੇ ॥ ਜੀਅ ਦਾਨੁ ਗੁਰਿ ਪੂਰੈ ਦੀਆ, ਹਰਿ ਅੰਮ੍ਰਿਤ ਨਾਮੁ ਸਮਾਰੇ ॥੧॥ ਰਾਮ, ਗੁਰਿ ਹਰਿ ਹਰਿ ਨਾਮੁ ਕੰਠਿ ਧਾਰੇ ॥ ਗੁਰਮੁਖਿ ਕਥਾ ਸੁਣੀ ਮਨਿ ਭਾਈ, ਧਨੁ ਧਨੁ ਵਡ ਭਾਗ ਹਮਾਰੇ ॥੧॥ਰਹਾਉ॥ ਕੋਟਿ ਕੋਟਿ ਤੇਤੀਸ ਧਿਆਵਹਿ, ਤਾ ਕਾ ਅੰਤੁ ਨ ਪਾਵਹਿ ਪਾਰੇ ॥ ਹਿਰਦੈ ਕਾਮ ਕਾਮਨੀ ਮਾਗਹਿ, ਰਿਧਿ ਮਾਗਹਿ ਹਾਥੁ ਪਸਾਰੇ ॥੨॥ ਹਰਿ ਜਸੁ ਜਪਿ ਜਪੁ ਵਡਾ ਵਡੇਰਾ, ਗੁਰਮੁਖਿ ਰਖਉ ਉਰਿ ਧਾਰੇ ॥ ਜੇ ਵਡ ਭਾਗ ਹੋਵਹਿ ਤਾ ਜਪੀਐ, ਹਰਿ ਭਉਜਲੁ ਪਾਰਿ ਉਤਾਰੇ ॥੩॥ ਹਰਿ ਜਨ ਨਿਕਟਿ ਨਿਕਟਿ ਹਰਿ ਜਨ ਹੈ, ਹਰਿ ਰਾਖੈ ਕੰਠਿ ਜਨ ਧਾਰੇ ॥ ਨਾਨਕ ਪਿਤਾ ਮਾਤਾ ਹੈ ਹਰਿ ਪ੍ਰਭੁ ,ਹਮ ਬਾਰਿਕ ਹਰਿ ਪ੍ਰਤਿਪਾਰੇ ॥੪।੬॥ (ਹੇ ਭਾਈ!) ਨਾਮ ਦਾ ਦਾਤਾ ਸਤਿਗੁਰੂ ਵੱਡੇ ਤੋਂ ਵੱਡਾ ਪੁਰਖ ਹੈ, ਜਿਸ (ਗੁਰੂ) ਨੂੰ ਮਿਲਣ ਨਾਲ ਮੈਂ ਹਰੀ ਦਾ ਨਾਮ ਹਿਰਦੇ ਵਿਚ ਟਿਕਾਇਆ ਹੈ। ਪੂਰੇ ਗੁਰੂ ਨੇ (ਮੈਨੂੰ) ਜੀਵਨ ਦਾਨ ਦਿਤਾ ਹੈ, (ਗੁਰੂ ਦਾ ਬਖਸ਼ਿਆ) ਹਰੀ ਦਾ ਅੰਮ੍ਰਿਤ ਨਾਮ ਮੈਂ ਯਾਦ ਕਰਦਾ ਹਾਂ।੧। ਹੇ ਭਾਈ! ਗੁਰੂ ਨੇ ਹਰੀ ਦਾ ਨਾਮ ਮੇਰੇ ਕੰਠ ਵਿਚ ਟਿਕਾ ਦਿਤਾ ਹੈ। ਗੁਰੂ ਦੀ ਸ਼ਰਨ ਵਿਚ ਪੈ ਕੇ ਮੈਂ ਹਰੀ ਦੀ ਕਥਾ ਸੁਣੀ, (ਜੋ ਮੇਰੇ) ਮਨ ਵਿਚ ਚੰਗੀ ਲੱਗੀ, (ਇਹ)

ਮੇਰੇ ਭਾਗ ਵੱਡੇ ਧੰਨ ਹਨ, ਧੰਨ ਹਨ।੧।ਰਹਾਉ।(ਹੇ ਭਾਈ!) ਤੇਤੀ ਕ੍ਰੋੜ ਦੇਵਤੇ ਕ੍ਰੋੜਾਂ ਵਿਧੀਆਂ ਨਾਲ ਹਰੀ ਨੂੰ ਧਿਆਉਂਦੇ ਰਹੇ ਹਨ, (ਫਿਰ ਵੀ) ਉਸ ਪ੍ਰਭੂ ਦੇ ਪਾਰਲੇ ਕਿਨਾਰੇ ਦਾ ਅੰਤ ਨਹੀਂ ਪਾ ਸਕੇ।(ਅਨੇਕਾਂ ਮਨੁੱਖ ਅਜੇਹੇ ਹਨ, ਜਿਨ੍ਹਾਂ ਦੇ) ਹਿਰਦੇ ਵਿਚ ਕਾਮ ਵਾਸ਼ਨਾ ਹੈ, (ਉਹ ਪ੍ਰਭੂ ਤੋਂ) ਇਸਤ੍ਰੀ ਮੰਗਦੇ ਹਨ ਅਤੇ ਹੱਥ ਫੈਲਾ ਕੇ ਧਨ ਪਦਾਰਥ ਮੰਗਦੇ ਹਨ।੨।(ਹੇ ਭਾਈ!) ਹਰੀ ਦਾ ਜਸ ਕਰਿਆ ਕਰ ਅਤੇ ਹਰੀ ਦੇ ਨਾਮ ਦਾ ਜਪ ਜਪਿਆ ਕਰ (ਜੋ ਸਾਰੇ ਧਾਰਮਕ ਕਰਮਾਂ ਨਾਲੋਂ) ਬਹੁਤ ਵੱਡਾ ਹੈ, ਮੈਂ ਤਾਂ ਗੁਰੂ ਦੀ ਸ਼ਰਣ ਵਿਚ ਪੈ ਕੇ ਹਰੀ ਦਾ ਨਾਮ ਹਿਰਦੇ ਵਿਚ ਟਿਕਾ ਕੇ ਰਖਦਾ ਹਾਂ।ਜੇ (ਮਨੱਖ ਦੇ) ਵੱਡੇ ਭਾਗ ਹੋਣ ਤਾਂ ਹੀ ਹਰੀ ਦਾ ਨਾਮ ਜਪਿਆ ਜਾਂਦਾ ਹੈ, (ਹਰੀ ਦਾ ਨਾਮ ਮਨੁੱਖ ਨੂੰ) ਭਵਜਲ ਤੋਂ ਪਾਰ ਉਤਾਰ ਦੇਂਦਾ ਹੈ।੩।(ਹੇ ਭਾਈ!) ਹਰੀ ਅਪਣੇ ਦਾਸਾਂ ਦੇ ਨੇੜੇ ਹੈ ਅਤੇ ਦਾਸ ਹਰੀ ਦੇ ਨੇੜੇ ਹਨ, ਹਰੀ ਅਪਣੇ ਦਾਸਾਂ ਨੂੰ ਗਲੇ ਨਾਲ ਲਾ ਕੇ ਰਖਦਾ ਹੈ।ਨਾਨਕ ਦਾ ਮਾਤਾ ਪਿਤਾ ਹਰੀ ਪ੍ਰਭੂ ਹੈ, ਅਸੀਂ (ਸਾਰੇ ਜੀਵ ਉਸ ਦੇ) ਬੱਚੇ ਹਾਂ, ਹਰੀ (ਸਾਡੀ ਸਭ ਦੀ) ਪਾਲਣਾ ਕਰਦਾ ਹੈ।੪।੬।

ਪਦਾਰਥ = ਦਾਤਾ–(ਨਾਮ ਦੀ) ਦਾਤ ਦੇਣ ਵਾਲਾ।ਜਿਤੁ–ਜਿਸ ਨੂੰ।ਮਿਲਿਐ–ਮਿਲਣ ਨਾਲ।ਉਰ ਧਾਰੇ–ਹਿਦਰੇ ਵਿਚ ਟਿਕਾ ਲਿਆ।ਜੀਅ ਦਾਨ–ਜੀਵਨ ਦਾਨ।ਗੁਰਿ ਪੂਰੈ–ਪੂਰੇ ਗੁਰੂ ਨੇ।ਦੀਆ–ਦਿਤਾ।ਸਮਾਰੇ–ਯਾਦ ਕਰਦਾ ਹਾਂ।੧ ਰਾਮ–ਹੇ ਭਾਈ!। ਕੰਠਿ–ਗਲੇ ਵਿਚ।ਮਨਿ–ਮਨ ਵਿਚ।ਭਾਈ–ਚੰਗੀ ਲੱਗੀ; ਪਿਆਰੀ ਲੱਗੀ।ਹਮਾਰੇ–ਮੇਰੇ।੧।ਰਹਾਉ।ਕੋਟਿ–ਕ੍ਰੋੜਾਂ ਵਿਧੀਆਂ ਨਾਲ; ਕ੍ਰੋੜਾਂ ਰਿਸ਼ੀ ਮੁਨੀ।ਕੋਟਿ ਤੇਤੀਸ–ਤੇਤੀ ਕ੍ਰੋੜ ਦੇਵਤੇ।ਤਾ ਕਾ–ਉਸ (ਪ੍ਰਭੂ) ਦਾ।ਨ ਪਾਵਹਿ–ਪਾ ਨਹੀਂ ਸਕੇ।ਪਾਰੇ–ਪਰਲਾ ਕਿਨਾਰਾ।ਹਿਰਦੈ–ਹਿਰਦੇ ਵਿਚ।ਕਾਮ–ਕਾਮ ਵਾਸ਼ਨਾ।ਕਾਮਨੀ–ਇਸਤ੍ਰੀ।ਮਾਗਹਿ–ਮੰਗਦੇ ਹਨ।ਰਿਧਿ–ਧਨ ਪਦਾਰਥ; ਤਰੱਕੀ; ਸਫਲਤਾ।ਪਸਾਰੇ–ਫੈਲਾ ਕੇ।੨।ਜਪਿ–ਜਪਿਆ ਕਰ।ਵਡਾ ਵਡੇਰਾ–ਵੱਡੇ ਤੋਂ ਵੱਡਾ।ਗੁਰਮੁਖਿ–ਗਰੂ ਦੀ ਸ਼ਰਣ ਵਿਚ ਪੈ ਕੇ। ਰਖਉ–ਮੈਂ ਰਖਦਾ ਹਾਂ।ਉਰਿ ਧਾਰੇ–ਹਿਰਦੇ ਵਿਚ ਟਿਕਾ ਕੇ।ਹੋਵਹਿ–ਹੋਣ।ਤਾ–ਤਾਂ; ਤਦ।ਜਪੀਐ–ਜਪਿਆ ਜਾਂਦਾ ਹੈ।ਭਉਜਲ–ਸੰਸਾਰ ਸਮੁੰਦਰ ਤੋਂ।ਪਾਰਿ ਉਤਾਰੇ–ਪਾਰ ਉਤਾਰ (ਲੰਘਾ) ਦੇਂਦਾ ਹੈ।੩।ਹਰਿ ਜਨ–ਹਰੀ ਦੇ ਦਾਸ।ਨਿਕਟਿ–ਨੇੜੇ।ਕੰਠਿ ਧਾਰੇ–ਗਲ ਨਾਲ ਲਾ ਕੇ।ਹਮ–ਅਸੀਂ।ਬਾਰਿਕ–ਬੱਚੇ।ਪ੍ਰਤਿਪਾਰੇ–ਪਾਲਣਾ ਕਰਦਾ ਹੈ।੪।੬।

ਰਾਗੁ ਰਾਮਕਲੀ ਮਹਲਾ ੫ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥ ਕਿਰਪਾ ਕਰਹੁ ਦੀਨ ਕੇ ਦਾਤੇ, ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ ॥ ਮਾਟੀ ਕਾ ਕਿਆ ਧੋਪੈ ਸੁਆਮੀ, ਮਾਣਸ ਕੀ ਗਤਿ ਏਹੀ ॥੧॥ ਮੇਰੇ ਮਨ, ਸਤਿਗੁਰੁ ਸੇਵਿ ਸੁਖੁ ਹੋਈ ॥ ਜੋ ਇਛਹੁ ਸੋਈ ਫਲੁ ਪਾਵਹੁ , ਫਿਰਿ ਦੂਖੁ ਨ ਵਿਆਪੈ ਕੋਈ ॥੧॥ਰਹਾਉ॥ ਕਾਚੇ ਭਾਡੇ ਸਾਜਿ ਨਿਵਾਜੇ, ਅੰਤਰਿ ਜੋਤਿ ਸਮਾਈ ॥ ਜੈਸਾ ਲਿਖਤੁ ਲਿਖਿਆ ਧੁਰਿ ਕਰਤੈ, ਹਮ ਤੈਸੀ ਕਿਰਤਿ ਕਮਾਈ ॥੨॥ ਹੇ ਗਰੀਬਾਂ ਦੇ ਦਾਤੇ ਪ੍ਰਭੂ! ਮੇਰੇ ਉਤੇ ਕ੍ਰਿਪਾ ਕਰੋ, ਮੇਰਾ ਕੋਈ ਗੁਣ ਜਾਂ ਅਵਗੁਣ ਨਾ ਵਿਚਾਰੋ (ਮੇਰੇ ਵਿਚ ਗੁਣ ਕੋਈ ਨਹੀਂ, ਮੈਂ ਔਗਣਾਂ ਨਾਲ ਭਰਿਆ ਪਿਆ ਹਾਂ)।ਹੇ ਮਾਲਕ ਪ੍ਰਭੂ! ਮਿੱਟੀ ਦਾ ਕੀ ਧੋਤਾ ਜਾ ਸਕਦਾ ਹੈ? (ਪਾਣੀ ਨਾਲ ਧੋਤਿਆਂ ਮਿੱਟੀ ਸਾਫ ਸੁਥਰੀ ਨਹੀਂ ਹੁੰਦੀ, ਗਾਰਾ ਬਣ ਜਾਂਦੀ ਹੈ), ਮਨੁੱਖ ਦੀ ਹਾਲਤ ਵੀ ਇਹੋ ਹੀ ਹੈ (ਤੀਰਥਾਂ ਤੇ ਨ੍ਹਾਤਿਆਂ ਮਨੁੱਖ ਸ਼ੁੱਧ ਨਹੀਂ ਹੋ ਜਾਂਦਾ)।੧।ਹੇ ਮੇਰੇ ਮਨ! ਸਤਿਗੁਰੂ ਦੀ ਸੇਵਾ ਕਰਕੇ ਆਤਮਕ ਸੁਖ ਪ੍ਰਾਪਤ ਹੁੰਦਾ ਹੈ।(ਫਿਰ) ਜੋ ਇੱਛਾ ਕਰੋਗੇ, ਉਹ ਹੀ ਫਲ ਪਾ ਲਵੋਗੇ, ਮੁੜ ਕੇ ਕੋਈ ਵੀ ਦੁੱਖ ਨਹੀਂ ਲੱਗੇਗਾ।੧।ਰਹਾਉ।(ਹੇ ਭਾਈ! ਪ੍ਰਭੂ ਨੇ) ਸਰੀਰ ਰੂਪ ਕੱਚੇ ਭਾਂਡੇ (ਜੋ ਛੇਤੀ ਟੁੱਟ ਜਾਂਦੇ ਹਨ) ਬਣਾ ਕੇ ਵਡਿਆਈ ਦਿਤੀ ਹੈ ਅਤੇ (ਇਨ੍ਹਾਂ ਸਰੀਰਾਂ) ਅੰਦਰ ਅਪਣੀ ਜੋਤ ਟਿਕਾਈ ਹੋਈ ਹੈ।ਜਿਹੋ ਜਿਹਾ ਕਰਤਾਰ ਨੇ ਧੁਰ (ਅਪਣੀ ਹਜ਼ੂਰੀ) ਤੋਂ ਹੁਕਮ ਰੂਪ ਲੇਖ ਲਿਖਿਆ ਹੈ, ਅਸੀਂ (ਸੰਸਾਰ ਵਿਚ ਆਕੇ) ਉਹੋ ਜਿਹਾ ਕਰਮ ਕਰਦੇ ਹਾਂ।੨।

ਅੰਗ ੮੮੩ = ਮਨੁ ਤਨੁ ਥਾਪਿ ਕੀਆ ਸਭੁ ਅਪਨਾ, ਏਹੋ ਆਵਣ ਜਾਣਾ ॥ ਜਿਨਿ ਦੀਆ ਸੋ ਚਿਤਿ ਨ ਆਵੈ, ਮੋਹਿ ਅੰਧੁ ਲਪਟਾਣਾ ॥੩॥ ਜਿਨਿ ਕੀਆ ਸੋਈ ਪ੍ਰਭੁ ਜਾਣੈ, ਹਰਿ ਕਾ ਮਹਲੁ ਅਪਾਰਾ ॥ ਭਗਤਿ ਕਰੀ ਹਰਿ ਕੇ ਗੁਣ ਗਾਵਾ, ਨਾਨਕ ਦਾਸੁ ਤੁਮਾਰਾ ॥੪॥੧॥ (ਹੇ ਭਾਈ! ਜੀਵ ਨੇ) ਮਨ ਤੇ ਸਰੀਰ (ਤੇ ਹੋਰ ਸਮੱਗਰੀ) ਸਭ ਕੁਛ ਅਪਣਾ ਬਣਾ ਰੱਖਿਆ ਹੈ, ਏਹੋ ਹੀ ਜੀਵ ਦੇ ਆਉਣ ਜਾਣ (ਜੰਮਣ ਮਰਨ) ਦਾ ਕਾਰਣ ਹੈ।ਜਿਸ ਪ੍ਰਭੂ ਨੇ (ਮਨ ਤੇ ਤਨ ਆਦਿ ਸਭ ਕੁਛ) ਦਿਤਾ ਹੈ, ਉਹ (ਇਸ ਨੂੰ) ਚਿਤ ਵਿਚ ਯਾਦ ਨਹੀਂ ਆਉਂਦਾ, (ਜਿਸ ਕਰਕੇ ਇਹ) ਅੰਨ੍ਹਾ ਅਗਿਆਨੀ ਜੀਵ (ਸਰੀਰ ਦੇ) ਮੋਹ ਵਿਚ ਫਸਿਆ ਹੋਇਆ ਹੈ।੩।(ਹੇ ਭਾਈ!) ਜਿਸ ਪ੍ਰਭੂ ਨੇ ਸੰਸਾਰ ਪੈਦਾ ਕੀਤਾ ਹੈ, ਉਹ ਹੀ (ਇਸ ਨੂੰ ਚਲਾਉਣਾ) ਜਾਣਦਾ ਹੈ, ਹਰੀ ਦਾ ਟਿਕਾਣਾ ਪਾਰ ਰਹਿਤ ਹੈ (ਬਹੁਤ ਵਿਸ਼ਾਲ ਹੈ, ਕੋਈ ਅੰਤ ਨਹੀਂ)।ਹੇ ਹਰੀ! ਨਾਨਕ ਤੇਰਾ ਦਾਸ ਹੈ, (ਮੇਰੇ ਤੇ ਮੇਹਰ ਕਰ) ਮੈਂ ਤੇਰੀ

ਭਗਤੀ ਕਰਦਾ ਰਹਾਂ ਅਤੇ ਆਪ ਜੀ ਦੇ ਗੁਣ ਗਾਉਂਦਾ ਰਹਾਂ।੪।੧।

ਪਦਾਰਥ = ਕਰਹੁ–ਕਰੋ।ਦੀਨ ਕੇ ਦਾਤੇ–ਹੇ ਗਰੀਬਾਂ ਦੇ ਦਾਤੇ!।ਕਿਆ ਧੋਪੈ–ਕੀ ਧੋਤਾ ਜਾ ਸਕਦਾ ਹੈ? ਸੁਆਮੀ–ਹੇ ਮਾਲਕ ਪ੍ਰਭੂ!।ਮਾਣਸ ਕੀ–ਮਨੁੱਖ ਦੀ।ਗਤਿ–ਹਾਲਤ।੧।ਮਨ–ਹੇ ਮਨ!।ਸੇਵਿ–ਸੇਵਾ ਕਰਕੇ।ਇਛਹੁ–ਚਾਹੋਗੇ।ਸੋਈ–ਉਹ ਹੀ।ਫਿਰਿ –ਮੁੜ ਕੇ।ਪਾਵਹੁ–ਪਾ ਲਵੋਂਗੇ।ਨ ਵਿਆਪੈ–ਨਹੀਂ ਲੱਗੇਗਾ।੧।ਰਹਾਉ।ਕਾਚੇ ਭਾਡੇ–(ਛੇਤੀ ਟੁੱਟ ਜਾਣ ਵਾਲੇ ਸਰੀਰ ਰੂਪ) ਕੱਚੇ ਭਾਂਡੇ।ਸਾਜਿ–ਬਣਾ ਕੇ।ਨਿਵਾਜੇ–ਵਡਿਆਈ ਦਿਤੀ।ਅੰਤਰਿ–(ਸਰੀਰਾਂ ਦੇ) ਅੰਦਰ।ਸਮਾਈ–ਟਿਕਾਈ ਹੈ।ਲਿਖਤੁ–ਲੇਖ।ਧੁਰਿ –ਧੁਰ (ਹਰੀ ਦੀ ਹਜੂਰੀ) ਤੋਂ।ਕਰਤੈ–ਕਰਤਾਰ ਨੇ।ਹਮ–ਅਸੀਂ (ਸਭ ਜੀਵਾਂ ਨੇ)।ਕਿਰਤ ਕਮਾਈ–ਕਰਮ ਕਰਦੇ ਹਾਂ।੨।ਤਨੁ–ਸਰੀਰ।ਥਾਪਿ ਕੀਆ–ਬਣਾ ਰੱਖਿਆ ਹੈ।ਆਵਣ ਜਾਣਾ–ਜੰਮਣ ਮਰਨ ਦਾ ਗੇੜ।ਜਿਨਿ–ਜਿਸ (ਪ੍ਰਭੂ) ਨੇ।ਦੀਆ–ਦਿਤਾ ਹੈ।ਸੋ–ਉਹ।ਚਿਤਿ–ਚਿਤ ਵਿਚ।ਮੋਹਿ–ਮੋਹ ਵਿਚ।ਅੰਧੁ–ਅੰਨ੍ਹਾ (ਅਗਿਆਨੀ) ਮਨੁੱਖ।ਲਪਟਾਣਾ–ਫਸਿਆ ਹੋਇਆ ਹੈ।੩।ਕੀਆ–ਪੈਦਾ ਕੀਤਾ ਹੈ।ਮਹਲੁ–ਟਿਕਾਣਾ।ਅਪਾਰਾ–ਪਾਰ ਰਹਿਤ (ਜਿਸ ਦੇ ਪਰਲੇ ਕਿਨਾਰੇ ਦਾ ਕੋਈ ਪਤਾ ਨਹੀਂ ਲਗਦਾ)।ਭਗਤਿ–ਭਗਤੀ (ਨਾਮ ਸਿਮਰਨ) ਕਰੀ–ਮੈਂ ਕਰਾਂ।ਗਾਵਾ–ਮੈਂ ਗਾਵਾਂ।੪।੧।

ਸਾਰੰਸ਼ = ਮਨੁੱਖ ਦਾ ਸਰੀਰ ਕੱਚੀ ਮਿੱਟੀ ਵਰਗਾ ਹੈ, ਜਿਸ ਉਤੇ ਮਨੁੱਖ ਮਾਣ ਕਰਦਾ ਹੈ ਅਤੇ ਇਸ ਦੇ ਰਚਨਹਾਰ ਨੂੰ ਯਾਦ ਨਹੀਂ ਕਰਦਾ।ਇਹੋ ਸਰੀਰ ਉਚੀ ਤੋਂ ਉਚੀ ਪਦਵੀ ਦਾ ਅਧਿਕਾਰੀ ਹੋ ਸਕਦਾ ਹੈ, ਜੇਕਰ ਮਨੁੱਖ ਇਸ ਨੂੰ ਸਤਿਗੁਰੂ ਦੀ ਸੇਵਾ ਵਿਚ ਲਾਵੇ ਅਤੇ ਹਰੀ ਦੇ ਗੁਣ ਗਾਵੇ।

ਰਾਮਕਲੀ ਮਹਲਾ ੫ ॥ ਪਵਹੁ ਚਰਣਾ ਤਲਿ ਊਪਰਿ ਆਵਹੁ ,ਐਸੀ ਸੇਵ ਕਮਾਵਹੁ ॥ ਆਪਸ ਤੇ ਊਪਰਿ ਸਭ ਜਾਣਹੁ ,ਤਉ ਦਰਗਹ ਸੁਖੁ ਪਾਵਹੁ ॥੧॥ ਸੰਤਹੁ ਐਸੀ ਕਥਹੁ ਕਹਾਣੀ ॥ ਸੁਰ ਪਵਿਤ੍ਰ ਨਰ ਦੇਵ ਪਵਿਤ੍ਰਾ, ਖਿਨੁ ਬੋਲਹੁ ਗੁਰਮੁਖਿ ਬਾਣੀ ॥੧॥ ਰਹਾਉ॥ ਪਰਪੰਚੁ ਛੋਡਿ ਸਹਜ ਘਰਿ ਬੈਸਹੁ ,ਝੂਠਾ ਕਹਹੁ ਨ ਕੋਈ ॥ ਸਤਿਗੁਰ ਮਿਲਹੁ ਨਵੈ ਨਿਧਿ ਪਾਵਹੁ ,ਇਨ ਬਿਧਿ ਤਤੁ ਬਿਲੋਈ ॥੨॥ ਭਰਮੁ ਚੁਕਾਵਹੁ ਗੁਰਮੁਖਿ ਲਿਵ ਲਾਵਹੁ ,ਆਤਮੁ ਚੀਨਹੁ ਭਾਈ ॥ ਨਿਕਟਿ ਕਰਿ ਜਾਣਹੁ ਸਦਾ ਪ੍ਰਭੁ ਹਾਜਰੁ , ਕਿਸੁ ਸਿਉ ਕਰਹੁ ਬੁਰਾਈ ॥੩॥ ਸਤਿਗੁਰਿ ਮਿਲਿਐ ਮਾਰਗੁ ਮੁਕਤਾ, ਸਹਜੇ ਮਿਲੇ ਸੁਆਮੀ ॥ ਧਨੁ ਧਨੁ ਸੇ ਜਨ, ਜਿਨੀ ਕਲਿ ਮਹਿ ਹਰਿ ਪਾਇਆ, ਜਨ ਨਾਨਕ ਸਦ ਕੁਰਬਾਨੀ ॥੪॥੨॥ (ਹੇ ਸੰਤ ਜਨੋਂ! ਮਨੁੱਖਤਾ ਦੀ) ਇਹੋ ਜਿਹੀ ਸੇਵਾ ਕਮਾਓ (ਕਰੋ ਕਿ ਮਿੱਟੀ ਵਾਂਗ ਸਭ ਦੇ) ਚਰਨਾਂ ਦੇ ਥੱਲੇ ਪੈ ਜਾਵੋ (ਨਿਮ੍ਰਤਾ ਧਾਰਨ ਕਰੋ, ਇਉਂ ਤੁਸੀਂ ਸਭ ਦੇ) ਉਪਰ ਆ ਜਾਓਗੇ (ਸਭ ਦੇ ਸਤਿਕਾਰ ਯੋਗ ਬਣ ਜਾਓਗੇ){ਸਭਹੂ ਤਲੈ ਤਲੈ ਸਭ ਊਪਰਿ ਏਹ ਦ੍ਰਿਸਟਿ ਦ੍ਰਿਸਟਾਏ ੮੨੦}।ਸਾਰਿਆਂ ਨੂੰ ਅਪਣੇ ਤੋਂ ਉਚਾ ਜਾਣੋ, ਤਾਂ (ਤੁਸੀ!) ਪ੍ਰਭੂ ਦੀ ਦਰਗਾਹ ਵਿਚ ਸੁਖ ਪਾਵੋਂਗੇ।੧।ਹੇ ਸੰਤ ਜਨੋਂ! (ਹਰੀ ਦੀ) ਇਹੋ ਜਿਹੀ ਕਥਾ ਵਖਿਆਨ ਕਰੋ। ਹਰੇਕ ਪਲ ਗੁਰੂ ਦੀ ਬਾਣੀ ਦਾ ਵਖਿਆਨ ਕਰੋ ,(ਜਿਸ ਬਾਣੀ ਦੀ ਕਥਾ ਸੁਣ ਕੇ) ਦੇਵਤੇ ਅਤੇ ਦੈਵੀ ਪੁਰਖ ਪਵਿਤ੍ਰ ਜੀਵਨ ਵਾਲੇ ਹੋ ਜਾਂਦੇ ਹਨ।੧।ਰਹਾਉ।(ਹੇ ਸੰਤ ਜਨੋ!) ਸੰਸਾਰ ਦੀ ਕਿਸੇ ਚੀਜ ਨੂੰ ਝੂਠਾ ਨਾ ਕਹੋ, ਕੇਵਲ ਸੰਸਾਰ ਦੇ ਛਲ ਨੂੰ ਛਡ ਕੇ (ਤਿੰਨਾਂ ਗੁਣਾਂ ਤੋਂ ਉਪਰ) ਸਹਿਜ ਅਵਸਥਾ ਵਿਚ ਬੈਠ (ਟਿਕ) ਜਾਓ।ਸਤਿਗੁਰੂ ਨੂੰ ਮਿਲੋ ਅਤੇ ਨੌਂ ਨਿਧੀਆਂ ਪਾ ਲਵੋ, ਇਸ ਤਰ੍ਹਾਂ ਨਾਲ ਅਸਲੀਅਤ ਨੂੰ ਵਿਚਾਰਨ ਵਾਲੇ ਬਣੋ।੨।ਹੇ ਭਾਈ! ਗੁਰੂ ਦੀ ਸ਼ਰਣ ਵਿਚ ਪੈ ਕੇ ਭਰਮ ਦੂਰ ਕਰ ਦਿਓ ਤੇ (ਪ੍ਰਭੂ ਵਿਚ) ਸੁਰਤ ਜੋੜੋ ਅਤੇ ਅਪਣੀ ਆਤਮਾ ਨੂੰ ਪਛਾਣੋ।ਪ੍ਰਭੂ ਨੂੰ ਸਦਾ ਨੇੜੇ ਕਰਕੇ ਜਾਣੋ, ਕਿਸ ਨਾਲ ਬੁਰਾਈ ਕਰੋਗੇ? (ਕਿਉਂਕਿ ਉਹ) ਹਾਜਰ ਨਾਜਰ ਹੈ, (ਸਭ ਨੂੰ ਦੇਖ ਰਿਹਾ ਹੈ, ਇਸ ਕਰਕੇ ਕਿਸੇ ਨਾਲ ਬੁਰਾਈ ਨਾ ਕਰੋ)।੩।ਸਤਿਗੁਰੂ ਦੇ ਮਿਲਿਆਂ (ਪ੍ਰਭੂ ਦੇ ਮਿਲਾਪ ਦਾ) ਰਸਤਾ ਖੁਲ੍ਹ ਜਾਂਦਾ ਹੈ ਅਤੇ ਸੁਤੇ ਸਿੱਧ ਹੀ ਮਾਲਕ ਪ੍ਰਭੂ ਮਿਲ ਪੈਂਦਾ ਹੈ।ਉਹ ਪੁਰਖ ਮਨ ਬਾਣੀ ਕਰਕੇ ਧੰਨਤਾ ਦੇ ਯੋਗ ਹਨ, ਜਿਨ੍ਹਾਂ ਨੇ ਕਲਜੁਗ ਵਿਚ ਪ੍ਰਭੂ ਨੂੰ ਪਾਇਆ ਹੈ, ਦਾਸ ਨਾਨਕ (ਉਨ੍ਹਾਂ ਤੋਂ) ਸਦਾ ਕੁਰਬਾਨ ਜਾਂਦਾ ਹੈ।੪।੨।

ਪਦਾਰਥ = ਪਵਹੁ–ਪੈ ਜਾਵੋ।ਚਰਣਾ ਤਲਿ–ਪੈਰਾਂ ਥੱਲੇ।ਊਪਰਿ ਆਵਹੁ–ਉਪਰ ਆ (ਸਤਿਕਾਰ ਯੋਗ ਹੋ) ਜਾਓਗੇ।ਸੇਵ ਕਮਾਵਹੁ –ਸੇਵਾ ਕਮਾਓ (ਕਰੋ)।ਆਪਸ ਤੇ–ਅਪਣੇ ਤੋਂ।ਊਪਰਿ–ਉਚਾ।ਤਉ–ਤਾਂ; ਤਦ।ਪਾਵਹੁ–ਪਾਵੋਂਗੇ।੧।ਸੰਤਹੁ–ਹੇ ਸੰਤ ਜਨੋਂ!। ਕਥਹੁ–ਵਖਿਆਨ ਕਰੋ।ਕਹਾਣੀ–ਕਥਾ।ਸੁਰ–ਦੇਵਤੇ।ਨਰ ਦੇਵ–ਦੈਵੀ ਪੁਰਖ; ਸਾਧੂ ਲੋਕ; ਰਾਜੇ।ਖਿਨੁ–ਹਰ ਵੇਲੇ।ਗੁਰਮੁਖਿ–ਗੁਰੂ ਦੀ; ਗੁਰੂ ਰਾਹੀਂ।੧।ਰਹਾਉ।ਪਰਪੰਚੁ–ਵਲ ਛਲ।ਛੋਡਿ–ਛਡ ਕੇ।ਸਹਜ ਘਰਿ–ਸਹਿਜ ਅਵਸਥਾ ਵਿਚ।ਬੈਸਹੁ–ਟਿਕ ਜਾਓ ।ਕਹਹੁ ਨ–ਨਾ ਕਹੋ।ਨਵੈ ਨਿਧਿ–ਸੰਸਾਰ ਦੇ ਸਾਰੇ ਖਜਾਨੇ।ਇਨ ਬਿਧਿ–ਇਸ ਤਰੀਕੇ ਨਾਲ।ਤਤੁ–ਅਸਲੀਅਤ ਨੂੰ।ਬਿਲੋਈ–

ਵਿਚਾਰਨ ਵਾਲੇ ਬਣੋ।੨।ਚੁਕਾਵਹੁ–ਦੂਰ ਕਰ ਦਿਓ।ਲਿਵ ਲਾਵਹੁ–ਸੁਰਤ ਜੋੜੋ।ਆਤਮੁ–ਅਪਨੇ ਆਪ ਨੂੰ।ਚੀਨਹੁ–ਪਛਾਣੋ। ਭਾਈ–ਹੇ ਭਾਈ!।ਨਿਕਟਿ ਕਰਿ–ਨੇੜੇ ਕਰਕੇ।ਸਿਉ–ਨਾਲ।ਬੁਰਾਈ–ਬੁਰਿਆਈ; ਬਦੀ।੩।ਸਤਿਗੁਰਿ ਮਿਲਿਐ–ਸਤਗੁਰੂ ਦੇ ਮਿਲਿਆਂ।ਮਾਰਗੁ–ਰਸਤਾ।ਮੁਕਤਾ–ਖੁਲ੍ਹ ਜਾਂਦਾ ਹੈ।ਸਹਜੇ–ਸੁਭਾਵਕ ਹੀ; ਸੌਖੇ ਹੀ।ਸੁਆਮੀ–ਮਾਲਕ ਪ੍ਰਭੂ।ਧਨੁ ਧਨੁ–ਮਨ ਬਾਣੀ ਕਰਕੇ ਧੰਨਤਾ ਦੇ ਯੋਗ।ਸੇ ਜਨ–ਉਹ ਪੁਰਖ।ਕਲਿ ਮਹਿ–ਕਲਜੁਗ ਵਿਚ।ਜਨ–ਦਾਸ।ਸਦ–ਸਦਾ।੪।੨।

ਰਾਮਕਲੀ ਮਹਲਾ ੫ ॥ ਆਵਤ ਹਰਖ ਨ ਜਾਵਤ ਦੂਖਾ, ਨਹ ਬਿਆਪੈ ਮਨ ਰੋਗਨੀ ॥ ਸਦਾ ਅਨੰਦੁ ਗੁਰੁ ਪੂਰਾ ਪਾਇਆ, ਤਉ ਉਤਰੀ ਸਗਲ ਬਿਓਗਨੀ ॥੧॥ ਇਹ ਬਿਧਿ ਹੈ ਮਨੁ ਜੋਗਨੀ ॥ ਮੋਹੁ ਸੋਗੁ ਰੋਗੁ ਲੋਗੁ ਨ ਬਿਆਪੈ, ਤਹ ਹਰਿ ਹਰਿ ਹਰਿ ਰਸ ਭੋਗਨੀ ॥੧॥ਰਹਾਉ॥ ਸੁਰਗ ਪਵਿਤ੍ਰਾ ਮਿਰਤ ਪਵਿਤ੍ਰਾ, ਪਇਆਲ ਪਵਿਤ੍ਰ ਅਲੋਗਨੀ ॥ ਆਗਿਆਕਾਰੀ ਸਦਾ ਸੁਖੁ ਭੁੰਚੈ, ਜਤ ਕਤ ਪੇਖਉ ਹਰਿ ਗੁਨੀ ॥੨॥ ਨਹ ਸਿਵ ਸਕਤੀ ਜਲੁ ਨਹੀ ਪਵਨਾ, ਤਹ ਅਕਾਰੁ ਨਹੀ ਮੇਦਨੀ ॥ ਸਤਿਗੁਰ ਜੋਗ ਕਾ ਤਹਾ ਨਿਵਾਸਾ, ਜਹ ਅਵਿਗਤ ਨਾਥੁ ਅਗਮ ਧਨੀ ॥੩॥ ਤਨੁ ਮਨੁ ਹਰਿ ਕਾ ਧਨੁ ਸਭੁ ਹਰਿ ਕਾ, ਹਰਿ ਕੇ ਗੁਣ ਹਉ ਕਿਆ ਗਨੀ ॥ ਕਹੁ ਨਾਨਕ ਹਮ ਤੁਮ ਗੁਰਿ ਖੋਈ ਹੈ, ਅੰਭੈ ਅੰਭੁ ਮਿਲੋਗਨੀ ॥੪॥੩॥ (ਹੇ ਭਾਈ! ਜਦੋਂ ਤੋਂ ਮੈਨੂੰ) ਪੂਰਾ ਗੁਰੂ ਪ੍ਰਾਪਤ ਹੋਇਆ ਹੈ, ਤਦੋਂ ਤੋਂ (ਪ੍ਰਭੂ ਨਾਲੋਂ) ਵਿਛੋੜੇ ਦਾ ਸਾਰਾ ਦੁਖ ਉਤਰ ਗਿਆ ਹੈ ਅਤੇ ਹੁਣ ਸਦਾ ਅਨੰਦ ਬਣਿਆ ਰਹਿੰਦਾ ਹੈ।(ਹੁਣ) ਨਾ ਧਨ ਦੇ ਆਉਂਦਿਆਂ ਖੁਸ਼ੀ ਹੁੰਦੀ ਹੈ, ਨਾ ਧਨ ਦੇ ਜਾਂਦਿਆਂ (ਨੁਕਸਾਨ ਹੋਣ) ਦਾ ਦੁਖ ਹੁੰਦਾ ਹੈ (ਅਮੀਰੀ ਗਰੀਬੀ ਦੋਹਾਂ ਹਾਲਤਾਂ ਵਿਚ ਇਕੋ ਜਿਹਾ ਸੰਤੁਸ਼ਟ ਰਹਿੰਦਾ ਹਾਂ) ਅਤੇ ਨਾ ਹੀ ਮਨ ਦਾ ਕੋਈ ਰੋਗ ਵਿਆਪਦਾ ਹੈ।੧।(ਹੇ ਭਾਈ!) ਇਸ ਤਰੀਕੇ ਨਾਲ ਮੇਰਾ ਮਨ (ਪ੍ਰਭੂ ਨਾਲ) ਜੁੜ ਗਿਆ ਹੈ।(ਹੁਣ ਮਨ ਨੂੰ) ਮੋਹ, ਸੋਗ, ਰੋਗ ਅਤੇ ਲੋਕ ਲਾਜ ਨਹੀਂ ਲਗ ਸਕਦੇ, ਉਸ ਹਾਲਤ ਵਿਚ ਮੈਂ (ਮਨ, ਬਾਣੀ ਅਤੇ ਕਰਮ ਕਰਕੇ) ਹਰੀ ਦੇ ਮਿਲਾਪ ਦਾ ਅਨੰਦ ਮਾਣਦਾ ਹਾਂ।੧।ਰਹਾਉ।(ਹੇ ਭਾਈ! ਮੇਰੇ ਲਈ) ਸੁਰਗ ਵੀ ਪਵਿਤ੍ਰ ਹੈ, ਮਾਤ ਲੋਕ ਵੀ ਪਵਿਤ੍ਰ ਹੈ ਅਤੇ ਪਤਾਲ ਲੋਕ ਵੀ ਪਵਿਤ੍ਰ ਹੈ, (ਮੈਂ ਤਿੰਨਾਂ ਲੋਕਾਂ ਤੋਂ) ਨਿਰਲੇਪ ਹਾਂ (ਮੇਰੇ ਲਈ ਤਿੰਨੇ ਲੋਕ ਇਕ ਬਰਾਬਰ ਹਨ।ਹੁਣ ਮੇਰਾ ਮਨ ਪ੍ਰਭੂ ਦਾ) ਆਗਿਆਕਾਰੀ ਹੋ ਕੇ ਸਦਾ ਸੁਖ ਭੋਗਦਾ ਹੈ ਅਤੇ ਮੈਂ ਜਿੱਥੇ ਕਿੱਥੇ (ਹਰੇਕ ਜਗ੍ਹਾ) ਗੁਣਾਂ ਦੇ ਮਾਲਕ ਹਰੀ ਨੂੰ ਦੇਖਦਾ ਹਾਂ।੨।(ਜਿਸ ਅਵਸਥਾ ਵਿਚ ਹਰੀ ਨੂੰ ਦੇਖਦਾ ਹਾਂ) ਉਥੇ ਨਾ ਚੇਤਨਤਾ ਹੈ, ਨਾ ਮਾਇਆ ਹੈ, ਨਾ ਪਾਣੀ ਹੈ, ਨਾ ਪੌਣ ਹੈ ਅਤੇ ਉਥੇ ਧਰਤੀ ਦਾ ਅਕਾਰ ਵੀ ਨਹੀਂ ਹੈ।ਜਿਥੇ ਅਦ੍ਰਿਸ਼ਟ, ਮਨ ਬਾਣੀ ਦੀ ਪਹੁੰਚ ਤੋਂ ਪਰੇ ਮਾਲਕ ਪ੍ਰਭੂ ਵਸਦਾ ਹੈ, ਉਥੇ ਜੋਗੀ (ਹਰੀ ਨਾਲ ਜੋੜਨ ਵਾਲੇ) ਸਤਿਗੁਰੂ ਦਾ ਨਿਵਾਸ ਹੈ।੩।(ਹੇ ਭਾਈ! ਮੇਰਾ) ਸਰੀਰ ਤੇ ਮਨ ਹਰੀ ਦਾ ਹੈ, ਧਨ ਅਤੇ ਹੋਰ ਸਭ ਕੁਛ ਹਰੀ ਦਾ ਹੀ ਹੈ, ਹਰੀ ਦੇ ਮੈਂ ਕਿਹੜੇ ਗੁਣ ਗਿਣਾਂ? (ਉਸ ਦੇ ਗੁਣ ਬੇਅੰਤ ਹਨ, ਗਿਣੇ ਨਹੀਂ ਜਾ ਸਕਦੇ)।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਨੇ ਮੇਰ ਤੇਰੇ ਮਿਟਾ ਦਿਤੀ ਹੈ, (ਹੁਣ ਮੈਂ ਹਰੀ ਨਾਲ ਇਉਂ ਮਿਲ ਗਿਆ ਹਾਂ, ਜਿਵੇਂ) ਪਾਣੀ ਵਿਚ ਪਾਣੀ ਮਿਲ ਜਾਂਦਾ ਹੈ।੪।੩।

ਪਦਾਰਥ = ਆਵਤ–ਆਉਂਦਿਆਂ।ਹਰਖ–ਖੁਸ਼ੀ।ਜਾਵਤ–ਜਾਂਦਿਆਂ।ਨਹ ਬਿਆਪੈ–ਨਹੀਂ ਵਿਆਪਦਾ।ਰੋਗਨੀ–ਰੋਗ; ਚਿੰਤਾ। ਤਉ–ਤਦੋਂ।ਸਗਲ–ਸਾਰਾ।ਬਿਓਗਨੀ–ਵਿਛੋੜਾ।੧।ਇਹ ਬਿਧਿ–ਇਸ ਤਰੀਕੇ ਨਾਲ।ਜੋਗਨੀ–ਜੁੜ ਗਿਆ ਹੈ।ਲੋਗੁ–ਲੋਕ ਲਾਜ ।ਤਹ–ਉਸ ਹਾਲਤ ਵਿਚ।ਰਸ–ਅਨੰਦ।ਭੋਗਨੀ–ਮਾਣਦਾ ਹਾਂ।੧।ਰਹਾਉ।ਮਿਰਤ–ਮਾਤ ਲੋਕ।ਪਇਆਲ–ਪਤਾਲ।ਅਲੋਗਨੀ –ਨਿਰਲੇਪ।ਭੁੰਚੈ–ਮਾਣਦਾ ਹੈ।ਜਤ ਕਤ–ਜਿੱਥੇ ਕਿੱਥੇ (ਹਰੇਕ ਜਗ੍ਹਾ)।ਪੇਖਉ–ਮੈਂ ਦੇਖਦਾ ਹਾਂ।ਗੁਨੀ–ਗੁਣਾਂ ਦਾ ਮਾਲਕ।੨। ਸਿਵ ਸਕਤੀ–ਚੇਤਨਤਾ ਅਤੇ ਮਾਇਆ; ਚੇਤਨਤਾ ਅਤੇ ਪਰਕ੍ਰਿਤੀ; ਸ਼ਿਵ ਅਤੇ ਪਾਰਬਤੀ।ਪਵਨਾ–ਪੌਣ।ਤਹ–ਉਥੇ।ਅਕਾਰੁ ਮੇਦਨੀ–ਧਰਤੀ ਦਾ ਅਕਾਰ।ਜੋਗ–ਜੋਗੀ; (ਹਰੀ ਨਾਲ) ਜੋੜਨ ਵਾਲਾ।ਤਹਾ–ਉਥੇ।ਜਹ–ਜਿੱਥੇ।ਅਵਿਗਤ–ਅਦ੍ਰਿਸ਼ਟ।ਨਾਥੁ–ਮਾਲਕ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਧਨੀ–ਮਾਲਕ।੩।ਤਨੁ–ਸਰੀਰ।ਹਉ–ਮੈਂ।ਕਿਆ–ਕਿਹੜੇ।ਗਨੀ–ਗਿਣਾਂ। ਹਮ ਤੁਮ–ਮੇਰ ਤੇਰ।ਗੁਰਿ–ਗੁਰੂ ਨੇ।ਖੋਈ–ਮਿਟਾ ਦਿਤੀ।ਅੰਭੈ–ਪਾਣੀ ਵਿਚ।ਅੰਭੁ–ਪਾਣੀ।ਮਿਲੋਗਨੀ–ਮਿਲਦਾ ਹੈ।੪।੩।

ਰਾਮਕਲੀ ਮਹਲਾ ੫ ॥ ਤ੍ਰੈ ਗੁਣ ਰਹਤ ਰਹੈ ਨਿਰਾਰੀ, ਸਾਧਿਕ ਸਿਧ ਨ ਜਾਨੈ ॥ ਰਤਨ ਕੋਠੜੀ ਅੰਮ੍ਰਿਤ ਸੰਪੂਰਨ, ਸਤਿਗੁਰ ਕੈ ਖਜਾਨੈ ॥੧॥ ਅਚਰਜੁ ਕਿਛੁ ਕਹਣੁ ਨ ਜਾਈ ॥ ਬਸਤੁ ਅਗੋਚਰ ਭਾਈ ॥੧॥ਰਹਾਉ॥ ਮੋਲੁ ਨਾਹੀ ਕਛੁ ਕਰਣੈ ਜੋਗਾ, ਕਿਆ ਕੋ ਕਹੈ ਸੁਣਾਵੈ ॥ ਕਥਨ ਕਹਣ ਕਉ ਸੋਝੀ ਨਾਹੀ, ਜੋ ਪੇਖੈ ਤਿਸੁ ਬਣਿ ਆਵੈ ॥੨॥ ਸੋਈ ਜਾਣੈ ਕਰਣੈਹਾਰਾ, ਕੀਤਾ ਕਿਆ ਬੇਚਾਰਾ ॥ ਆਪਣੀ ਗਤਿ ਮਿਤਿ ਆਪੇ ਜਾਣੈ, ਹਰਿ ਆਪੇ ਪੂਰ ਭੰਡਾਰਾ ॥੩॥ ਐਸਾ ਰਸੁ ਅੰਮ੍ਰਿਤੁ ਮਨਿ ਚਾਖਿਆ, ਤ੍ਰਿਪਤਿ

ਰਹੇ ਆਘਾਈ ॥ ਕਹੁ ਨਾਨਕ ਮੇਰੀ ਆਸਾ ਪੂਰੀ, ਸਤਿਗੁਰ ਕੀ ਸਰਣਾਈ ॥੪॥੪॥ (ਹੇ ਭਾਈ!) ਨਾਮ ਰੂਪ ਵਸਤੂ ਤਿੰਨਾਂ ਗੁਣਾਂ ਤੋਂ ਰਹਿਤ ਅਤੇ ਨਿਰਾਲੀ ਰਹਿੰਦੀ ਹੈ, ਸਾਧਨਾ ਕਰਨ ਵਾਲੇ ਸਾਧੂ ਅਤੇ ਚੁਰਾਸੀ ਸਿੱਧ (ਵੀ ਇਸ ਵਸਤੂ ਨੂੰ) ਨਹੀਂ ਜਾਣ ਸਕਦੇ। ਸਤਿਗੁਰੂ ਦੇ ਖਜਾਨੇ ਵਿਚ ਅੰਮ੍ਰਿਤ ਨਾਮ ਰੂਪ ਰਤਨਾਂ ਦੀ ਕੋਠੜੀ ਪੂਰੀ ਤਰ੍ਹਾਂ ਭਰੀ ਪਈ ਹੈ।੧। ਹੇ ਭਾਈ! (ਨਾਮ ਰੂਪ) ਵਸਤੂ ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਅਤੇ ਅਸਚਰਜ ਹੈ, (ਇਸ ਵਾਰੇ) ਕੁਛ ਵਰਨਣ ਨਹੀਂ ਕੀਤਾ ਜਾ ਸਕਦਾ।੧। ਰਹਾਉ। (ਹੇ ਭਾਈ! ਕੋਈ ਵੀ ਮਨੁੱਖ ਇਸ ਨਾਮ ਵਸਤੂ ਦਾ) ਮੁੱਲ ਕਰਨ ਦੇ ਸਮਰੱਥ ਨਹੀਂ ਹੈ, (ਇਸ ਦਾ ਮੁੱਲ) ਕੋਈ ਮਨੁੱਖ ਕੀ ਕਹੇ ਤੇ ਕੀ ਸੁਣਾਵੇ? ਕਹਿਣ ਕਥਨ ਕਰਨ ਵਾਲਿਆਂ ਨੂੰ (ਇਸ ਨਾਮ ਦੀ) ਸਮਝ ਹੀ ਨਹੀਂ, (ਪਰ) ਜਿਹੜਾ ਦੇਖਦਾ ਹੈ, ਉਸ ਨੂੰ (ਨਾਮ ਦਾ ਵਰਨਣ ਕਰਨਾ; ਨਾਮ ਦਾ ਪ੍ਰੇਮ) ਬਣ ਆਉਂਦਾ ਹੈ।੨। (ਹੇ ਭਾਈ! ਜੋ) ਕਰਨਹਾਰ ਪ੍ਰਭੂ ਹੈ, ਉਹ ਹੀ (ਇਸ ਨਾਮ ਵਸਤੂ ਦੀ ਕੀਮਤ) ਜਾਣਦਾ ਹੈ, (ਪ੍ਰਭੂ ਦਾ) ਪੈਦਾ ਕੀਤਾ ਹੋਇਆ ਵਿਚਾਰਾ ਅਲਪੱਗ ਜੀਵ (ਨਾਮ ਦੀ ਕਦਰ) ਕੀ ਜਾਣ ਸਕਦਾ ਹੈ? (ਪ੍ਰਭੂ ਆਪ ਕਿਹੋ ਜਿਹਾ ਹੈ? ਉਹ) ਅਪਣੀ ਹਾਲਤ ਤੇ ਅੰਦਾਜਾ ਆਪ ਹੀ ਜਾਣਦਾ ਹੈ ਅਤੇ ਹਰੀ ਆਪ ਹੀ ਭਰੇ ਭੰਡਾਰਿਆਂ ਦਾ ਮਾਲਕ ਹੈ।੩। (ਹੇ ਭਾਈ! ਮੇਰੇ) ਮਨ ਨੇ ਇਹੋ ਜਿਹਾ ਨਾਮ ਅੰਮ੍ਰਿਤ ਰਸ ਚੱਖਿਆ ਹੈ, (ਜਿਸ ਨੂੰ ਚੱਖ ਕੇ ਮੈਂ ਇਸ ਲੋਕ ਦੇ ਪਦਾਰਥਾਂ ਵੱਲੋਂ ਵੀ) ਰੱਜ ਗਿਆ ਹਾਂ ਅਤੇ (ਪ੍ਰਲੋਕ ਦੇ ਪਦਾਰਥਾਂ ਵੱਲੋਂ ਵੀ) ਰੱਜ ਗਿਆ ਹਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਸਤਿਗੁਰੂ ਦੀ ਸ਼ਰਣ ਵਿਚ ਆਉਣ ਨਾਲ ਮੇਰੀ ਆਸਾ ਪੂਰੀ ਹੋ ਗਈ ਹੈ।੪।੪।

ਪਦਾਰਥ = ਤ੍ਰੈ ਗੁਣ–ਮਾਇਆ ਦੇ ਤਿੰਨ (ਰਜੋ, ਸਤੋ ਅਤੇ ਤਮੋ) ਗੁਣ। ਰਹਤ–ਬਿਨਾ; ਵੱਖਰੀ। ਨਿਰਾਰੀ–ਨਿਰਾਲੀ; ਨਿਰਲੇਪ। ਸਾਧਿਕ–ਸਾਧਨਾ ਕਰਨ ਵਾਲੇ ਸਾਧੂ। ਸਿਧ–ਚੁਰਾਸੀ ਕਰਾਮਾਤੀ ਜੋਗੀ। ਰਤਨ–ਨਾਮ ਰੂਪ ਰਤਨ। ਸੰਪੂਰਨ–ਪੂਰੀ ਤਰ੍ਹਾਂ ਭਰੀ ਹੋਈ। ਕੈ–ਦੇ। ਖਜਾਨੈ–ਖਜਾਨੇ ਵਿਚ।੧। ਅਚਰਜੁ–ਅਸਚਰਜ। ਕਹਣੁ–ਵਰਨਣ। ਬਸਤੁ–ਵਸਤੂ। ਅਗੋਚਰ–ਗਿਆਨ ਇਦ੍ਰੀਆਂ ਦੀ ਪਹੁੰਚ ਤੋਂ ਪਰੇ। ਭਾਈ–ਹੇ ਭਾਈ!।੧। ਰਹਾਉ। ਮੋਲੁ–ਮੁੱਲ। ਕਰਣੈ ਜੋਗਾ–ਕਰਨ (ਪਾਉਣ) ਦੇ ਸਮਰੱਥ। ਕੋ–ਕੋਈ (ਮਨੁੱਖ)। ਸੋਝੀ–ਸਮਝ। ਪੇਖੈ–ਦੇਖਦਾ ਹੈ। ਤਿਸੁ–ਉਸ ਨੂੰ। ਬਣਿ ਆਵੈ–ਬਣ ਆਉਂਦਾ ਹੈ।੨। ਸੋਈ–ਉਹ ਹੀ। ਕਰਣੈਹਾਰਾ–ਰਚਨਹਾਰ ਪ੍ਰਭੂ। ਕੀਤਾ–ਪੈਦਾ ਕੀਤਾ ਹੋਇਆ ਜੀਵ। ਬੇਚਾਰਾ–ਗਰੀਬ; ਸਹਾਇਤਾ ਹੀਣ। ਗਤਿ ਮਿਤਿ–ਹਾਲਤ ਤੇ ਮਿਣਤੀ; ਗਿਆਨ ਤੇ ਮਰਿਆਦਾ। ਪੂਰ ਭੰਡਾਰਾ–ਭਰੇ ਹੋਏ ਭੰਡਾਰਿਆਂ ਦਾ ਮਾਲਕ।੩। ਮਨਿ–ਮਨ ਨੇ। ਚਾਖਿਆ–ਖਾਧਾ ਹੈ; ਅਨੰਦ ਮਾਣਿਆ। ਤ੍ਰਿਪਤਿ ਰਹੇ–ਰੱਜ ਗਿਆ ਹਾਂ। ਆਘਾਈ–ਰੱਜ ਗਿਆ ਹਾਂ। ਪੂਰੀ–ਪੂਰਨ ਹੋ ਗਈ।੪।੪।

ਅੰਗ ੮੮੪ = ਰਾਮਕਲੀ ਮਹਲਾ ੫ ॥ ਅੰਗੀਕਾਰੁ ਕੀਆ ਪ੍ਰਭਿ ਅਪਨੈ, ਬੈਰੀ ਸਗਲੇ ਸਾਧੇ ॥ ਜਿਨਿ ਬੈਰੀ ਹੈ ਇਹੁ ਜਗੁ ਲੂਟਿਆ, ਤੇ ਬੈਰੀ ਲੈ ਬਾਧੇ ॥੧॥ ਸਤਿਗੁਰੁ ਪਰਮੇਸਰੁ ਮੇਰਾ ॥ ਅਨਿਕ ਰਾਜ ਭੋਗ ਰਸ ਮਾਣੀ, ਨਾਉ ਜਪੀ ਭਰਵਾਸਾ ਤੇਰਾ ॥੧॥ਰਹਾਉ॥ ਚੀਤਿ ਨ ਆਵਸਿ ਦੂਜੀ ਬਾਤਾ, ਸਿਰ ਊਪਰਿ ਰਖਵਾਰਾ ॥ ਬੇਪਰਵਾਹੁ ਰਹਤ ਹੈ ਸੁਆਮੀ, ਇਕ ਨਾਮ ਕੈ ਆਧਾਰਾ ॥੨॥ ਪੂਰਨ ਹੋਇ ਮਿਲਿਓ ਸੁਖਦਾਈ, ਊਨ ਨ ਕਾਈ ਬਾਤਾ ॥ ਤਤੁ ਸਾਰੁ ਪਰਮਪਦੁ ਪਾਇਆ, ਛੋਡਿ ਨ ਕਤਹੂ ਜਾਤਾ ॥੩॥ ਬਰਨਿ ਨ ਸਾਕਉ ਜੈਸਾ ਤੂ ਹੈ, ਸਾਚੇ ਅਲਖ ਅਪਾਰਾ ॥ ਅਤੁਲ ਅਥਾਹ ਅਡੋਲ ਸੁਆਮੀ, ਨਾਨਕ ਖਸਮੁ ਹਮਾਰਾ ॥੪॥੫॥ (ਹੇ ਭਾਈ!) ਅਪਣੇ ਪ੍ਰਭੂ ਨੇ (ਅਪਣਾ ਦਾਸ ਜਾਣ ਕੇ ਮੇਰਾ) ਪੱਖ ਕੀਤਾ ਹੈ ਅਤੇ ਸਾਰੇ ਕਾਮਾਦਿਕ ਵੈਰੀ (ਉਸ ਨੇ ਮੇਰੇ) ਵਸ ਵਿਚ ਕਰ ਦਿਤੇ ਹਨ। ਜਿਨ੍ਹਾਂ ਵੈਰੀਆਂ ਨੇ ਇਹ ਜਗਤ ਲੁੱਟ ਲਿਆ ਹੈ, (ਪ੍ਰਭੂ ਨੇ) ਉਹ ਵੈਰੀ ਲੈ (ਫੜ) ਕੇ ਬੰਨ੍ਹ ਦਿਤੇ ਹਨ।੧। (ਹੇ ਭਾਈ!) ਮੇਰਾ ਸਤਗੁਰੂ ਪ੍ਰਮੇਸਰ ਰੂਪ ਹੈ। (ਹੇ ਪ੍ਰਭੂ!) ਮੈਂ ਤੇਰਾ ਨਾਉਂ ਜਪਦਾ ਹਾਂ, ਮੈਂ ਤੇਰੇ ਭਰੋਸੇ ਦੇ ਸਦਕੇ ਅਨੇਕਾਂ ਰਾਜ ਦੇ ਭੋਗਾਂ ਦਾ ਰਸ ਮਾਣਦਾ ਹਾਂ।੧। ਰਹਾਉ। (ਹੇ ਭਾਈ! ਜਿਸ ਮਨੁੱਖ ਦੇ) ਸਿਰ ਉਪਰ ਸਤਿਗੁਰੂ ਰਖਵਾਲਾ ਹੈ (ਪ੍ਰਭੂ ਤੋਂ ਬਿਨਾ ਉਸ ਦੇ) ਚਿਤ ਵਿਚ ਦੂਜੀ ਗੱਲ ਨਹੀਂ ਆਉਂਦੀ। ਹੇ ਮਾਲਕ ਪ੍ਰਭੂ! (ਉਹ ਮਨੁੱਖ) ਇਕ ਨਾਮ ਦੇ ਆਸਰੇ ਹੋਣ ਕਰਕੇ (ਦੁਨੀਆਂ ਦੇ ਝਮੇਲਿਆਂ ਤੋਂ) ਬੇਪ੍ਰਵਾਹ ਰਹਿੰਦਾ ਹੈ।੨। (ਹੇ ਭਾਈ! ਜਿਸ ਮਨੁੱਖ ਨੂੰ) ਸੁਖ ਦੇਣ ਵਾਲਾ ਪ੍ਰਭੂ ਮਿਲਿਆ ਹੈ, (ਉਹ) ਦੈਵੀ ਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ ਅਤੇ (ਉਸ ਨੂੰ) ਕਿਸੇ ਗੱਲ ਦਾ ਘਾਟਾ ਨਹੀਂ ਰਹਿੰਦਾ। (ਉਸ ਨੇ ਸਭ ਤੋਂ) ਸ੍ਰੇਸਟ ਤੱਤ ਪਰਮ ਪਦ ਪਾ ਲਿਆ ਹੈ, (ਜਿਸ ਨੂੰ ਉਹ) ਛਡ ਕੇ ਕਿਸੇ ਹੋਰ ਪਾਸੇ ਨਹੀਂ ਜਾਂਦਾ।੩। ਹੇ ਅਦ੍ਰਿਸਟ ਬੇਅੰਤ ਸੱਚੇ ਪ੍ਰਭੂ! ਜਿਹੋ ਜਿਹਾ ਤੂੰ ਹੈਂ, (ਉਹੋ ਜਿਹਾ ਤੈਨੂੰ) ਮੈਂ ਵਰਨਣ ਨਹੀਂ ਕਰ ਸਕਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮਾਲਕ ਪ੍ਰਭੂ! ਤੂੰ ਤੋਲਣ ਤੋਂ ਰਹਿਤ ਹੈਂ, ਅਥਾਹ ਹੈਂ ਅਤੇ ਅਡੋਲ ਹੈਂ, ਤੂੰ ਸਾਡਾ ਸਭ ਜੀਵਾਂ ਦਾ ਮਾਲਕ ਹੈਂ।੪।੫।

ਪਦਾਰਥ = ਅੰਗੀਕਾਰ ਕੀਆ–ਪੱਖ ਕੀਤਾ। ਪ੍ਰਭਿ ਅਪਨੈ–ਅਪਨੇ ਪ੍ਰਭੂ ਨੇ। ਬੈਰੀ–ਕਾਮਾਦਿਕ ਵੈਰੀ। ਸਗਲੇ–ਸਾਰੇ। ਸਾਧੇ–ਵਸ ਵਿਚ ਕਰ ਦਿਤੇ। ਜਿਨਿ–ਜਿਨ੍ਹਾਂ ਨੇ। ਜਗੁ–ਜਗਤ। ਤੇ–ਉਹ। ਲੈ–ਲੈ (ਫੜ) ਕੇ। ਬਾਧੇ–ਬੰਨ੍ਹ ਦਿਤੇ।੧। ਅਨਿਕ ਰਾਜ–ਅਨੇਕਾਂ ਰਾਜ ਦੇ। ਭੋਗ ਰਸ–ਭੋਗਾਂ ਦਾ ਅਨੰਦ। ਮਾਣੀ–ਮੈਂ ਮਾਣਦਾ ਹਾਂ। ਜਪੀ–ਜਪਦਾ ਹਾਂ। ਭਰਵਾਸਾ–ਭਰੋਸਾ; ਆਸਰਾ।੧। ਰਹਾਉ। ਚੀਤਿ–ਚਿਤ ਵਿਚ। ਨ ਆਵਸਿ–ਨਹੀਂ ਆਉਂਦੀ। ਬਾਤਾ–ਗੱਲ। ਰਖਵਾਰਾ–ਰਖਵਾਲਾ। ਰਹਤ ਹੈ–ਰਹਿੰਦਾ ਹੈ। ਆਧਾਰਾ–ਆਸਰਾ।੨। ਪੂਰਨ–ਭਰਿਆ ਹੋਇਆ। ਸੁਖਦਾਈ–ਸੁਖ ਦੇਣ ਵਾਲਾ ਪ੍ਰਭੂ। ਊਨ–ਊਣਤਾਈ; ਘਾਟਾ। ਕਾਈ ਬਾਤਾ–ਕਿਸੇ ਗੱਲ ਦੀ। ਤਤੁ ਸਾਰੁ–ਸ੍ਰੇਸ਼ਟ ਤੱਤ। ਪਰਮ ਪਦੁ–ਸਭ ਤੋਂ ਉਚੀ ਪਦਵੀ। ਨ ਕਤਹੂ ਜਾਤਾ–ਕਿਸੇ ਹੋਰ ਪਾਸੇ ਨਹੀਂ ਨ ਜਾਂਦਾ।੩। ਬਰਨਿ ਨ ਸਾਕਉ –ਮੈਂ ਵਰਨਣ ਨਹੀਂ ਕਰ ਸਕਦਾ। ਅਲਖ (ਅਲੱਖ ਬੋਲੋ)–ਅਦ੍ਰਿਸ਼ਟ; ਜੋ ਪੂਰਨ ਤੌਰ ਤੇ ਜਾਣਿਆ ਨਾ ਜਾਵੇ। ਅਪਾਰਾ–ਬੇਅੰਤ। ਅਤੁਲ–ਜੋ ਤੋਲਿਆ ਜਾਂ ਵਿਚਾਰਿਆ ਨਾ ਜਾ ਸਕੇ। ਅਥਾਹ–ਬਹੁਤ ਡੂੰਘਾ। ਖਸਮ ਹਮਾਰਾ–ਸਾਡਾ ਮਾਲਕ।੪।੫।

ਰਾਮਕਲੀ ਮਹਲਾ ੫ ॥ ਤੂ ਦਾਨਾ ਤੂ ਅਬਿਚਲੁ ਤੂਹੀ, ਤੂ ਜਾਤਿ ਮੇਰੀ ਪਾਤੀ ॥ ਤੂ ਅਡੋਲੁ ਕਦੇ ਡੋਲਹਿ ਨਾਹੀ, ਤਾ ਹਮ ਕੈਸੀ ਤਾਤੀ ॥੧॥ ਏਕੈ ਏਕੈ ਏਕ ਤੂਹੀ ॥ ਏਕੈ ਏਕੈ ਤੂ ਰਾਇਆ ॥ ਤਉ ਕਿਰਪਾ ਤੇ ਸੁਖੁ ਪਾਇਆ ॥੧॥ਰਹਾਉ॥ ਤੂ ਸਾਗਰੁ ਹਮ ਹੰਸ ਤੁਮਾਰੇ, ਤੁਮ ਮਹਿ ਮਾਣਕ ਲਾਲਾ ॥ ਤੁਮ ਦੇਵਹੁ ਤਿਲੁ ਸੰਕ ਨ ਮਾਨਹੁ ,ਹਮ ਭੁੰਚਹ ਸਦਾ ਨਿਹਾਲਾ ॥੨॥ ਹਮ ਬਾਰਿਕ ਤੁਮ ਪਿਤਾ ਹਮਾਰੇ, ਤੁਮ ਮੁਖਿ ਦੇਵਹੁ ਖੀਰਾ ॥ ਹਮ ਖੇਲਹ ਸਭਿ ਲਾਡ ਲਡਾਵਹ ,ਤੁਮ ਸਦ ਗੁਣੀ ਗਹੀਰਾ ॥੩॥ ਤੁਮ ਪੂਰਨ ਪੂਰਿ ਰਹੇ ਸੰਪੂਰਨ, ਹਮ ਭੀ ਸੰਗਿ ਅਘਾਏ ॥ ਮਿਲਤ ਮਿਲਤ ਮਿਲਤ ਮਿਲਿ ਰਹਿਆ, ਨਾਨਕ ਕਹਣੁ ਨ ਜਾਏ ॥੪॥੬॥ ਹੇ ਪ੍ਰਭੂ! ਤੂੰ (ਮੇਰੇ ਦਿਲ ਦੀ) ਜਾਨਣ ਵਾਲਾ ਹੈਂ, ਤੂੰ ਸਦਾ ਕਾਇਮ ਰਹਿਣ ਵਾਲਾ ਹੈਂ, ਤੂੰ ਹੀ ਮੇਰੀ ਜਾਤ ਹੈ ਅਤੇ ਤੂੰ ਹੀ ਮੇਰਾ ਖਾਨਦਾਨ ਹੈਂ। ਤੂੰ ਅਡੋਲ ਹੈਂ, ਕਦੇ ਡੋਲਦਾ ਨਹੀਂ, (ਇਸ ਲਈ) ਤਾਂ ਮੈਨੂੰ ਕਿਸ ਤਰ੍ਹਾ ਦੀ ਚਿੰਤਾ ਹੈ?।੧। ਹੇ ਪ੍ਰਭੂ! ਤਿੰਨਾਂ (ਭੂਤ, ਭਵਿਖ ਅਤੇ ਵਰਤਮਾਨ) ਕਾਲਾਂ ਵਿਚ ਸਿਰਫ ਇਕ ਤੂੰ ਵਿਆਪਕ ਹੈਂ। ਹੇ ਪ੍ਰਭੂ ਪਾਤਸ਼ਾਹ! (ਸਾਰੀ ਦੁਨੀਆਂ ਦਾ) ਇਕ ਤੂੰ ਹੀ ਮਾਲਕ ਹੈਂ, ਅਸੀਂ ਤੇਰੀ ਕਿਰਪਾ ਨਾਲ ਸੁਖ ਪਾਇਆ ਹੈ।੧। ਰਹਾਉ। (ਹੇ ਪ੍ਰਭੂ!) ਤੂੰ ਸਮੁੰਦਰ ਰੂਪ ਹੈਂ, ਅਸੀਂ ਤੇਰੇ ਵਿਚ ਰਹਿਣ ਵਾਲੇ ਹੰਸ ਹਾਂ, ਤੇਰੇ ਵਿਚ ਮੋਤੀ ਤੇ ਲਾਲ ਭਰੇ ਪਏ ਹਨ। ਤੁਸੀਂ (ਸਾਨੂੰ ਮੋਤੀ ਤੇ ਲਾਲ) ਦੇਂਦੇ ਹੋ, (ਸਾਨੂੰ ਦੇਂਦਿਆਂ) ਤਿਲ ਭਰ ਵੀ ਸ਼ੰਕਾ ਨਹੀਂ ਮੰਨਦੇ (ਖੁਲ੍ਹੇ ਗੱਫੇ ਦੇਂਦੇ) ਹੋ, ਅਸੀਂ (ਮੋਤੀਆਂ ਲਾਲਾਂ ਨੂੰ) ਖਾਂਦੇ ਹਾਂ ਅਤੇ ਸਦਾ ਲਈ ਪ੍ਰਸੰਨ ਰਹਿੰਦੇ ਹਾਂ।੨। ਹੇ ਪ੍ਰਭੂ! ਅਸੀਂ ਤੇਰੇ ਬੱਚੇ ਹਾਂ, ਤੁਸੀਂ ਸਾਡੇ ਪਿਤਾ ਹੋ ਅਤੇ ਤੁਸੀਂ ਸਾਡੇ ਮੂੰਹ ਵਿਚ ਦੁੱਧ ਦੇਂਦੇ ਹੋ। ਅਸੀਂ ਖੇਡਦੇ ਹਾਂ ਅਤੇ ਅਸੀਂ ਸਾਰੇ (ਤੇਰੇ ਨਾਲ) ਲਾਡ ਲਡਾਉਂਦੇ ਹਾਂ; ਤੁਸੀਂ ਸਾਡੇ ਨਾਲ ਲਾਡ ਕਰਦੇ ਹੋ, ਤੁਸੀਂ ਸਦਾ ਗੁਣਾਂ ਦੇ ਸਮੁੰਦਰ ਹੋ; ਅਥਾਹ ਗੁਣਾਂ ਵਾਲੇ ਹੋ।੩। ਹੇ ਪ੍ਰਭੂ! ਤੂੰ ਗੁਣਾਂ ਕਰਕੇ ਪੂਰਨ ਹੈਂ, ਸੰਪੂਰਨ ਜਗਤ ਵਿਚ ਵਿਆਪਕ ਹੋ ਰਿਹਾ ਹੈਂ, ਅਸੀਂ ਵੀ ਤੇਰੇ ਨਾਲ ਮਿਲ ਕੇ ਰੱਜ ਗਏ ਹਾਂ। ਨਾਨਕ ਗੁਰੂ ਜੀ ਆਖਦੇ ਹਨ (ਕਿ ਤੇਰੇ ਨਾਲ) ਮਨ ਬਾਣੀ ਕਰਕੇ ਮਿਲਦਿਆਂ ਮਿਲਦਿਆਂ ਪੂਰਨ ਤੌਰ ਤੇ ਮਿਲ ਕੇ ਇਕ ਮਿਕ ਹੋ ਰਹੇ ਹਾਂ, (ਮਿਲਾਪ ਦੀ ਇਹ) ਅਵਸਥਾ ਵਰਨਣ ਨਹੀਂ ਕੀਤਾ ਜਾ ਸਕਦੀ।੪।੬।

ਪਦਾਰਥ = ਦਾਨਾ–ਜਾਨਣ ਵਾਲਾ। ਅਬਿਚਲ–ਸਦਾ ਕਾਇਮ ਰਹਿਣ ਵਾਲਾ। ਪਾਤੀ–ਖਾਨਦਾਨ; ਇੱਜਤ। ਹਮ–ਮੈਨੂੰ। ਤਾਤੀ–ਚਿੰਤਾ; ਸਾੜਾ (ਈਰਖਾ); ਦੁਖ; ਤੜਫ।੧। ਏਕੈ–ਕੇਵਲ ਇਕ ਹੀ। ਰਾਇਆ–ਹੇ ਪ੍ਰਭੂ ਪਾਤਸ਼ਾਹ!। ਤਉ–ਤੇਰੀ। ਤੇ–ਤੋਂ; ਨਾਲ।੧। ਰਹਾਉ। ਸਾਗਰੁ–ਸਮੁੰਦਰ; ਮਾਨ ਸਰੋਵਰ। ਹਮ–ਅਸੀਂ। ਤੁਮ ਮਹਿ–ਤੇਰੇ ਵਿਚ। ਮਾਣਕ ਲਾਲਾ–(ਦੈਵੀ ਗੁਣ ਰੂਪ) ਮੋਤੀ ਤੇ ਲਾਲ। ਦੇਵਹੁ–ਦੇਂਦੇ ਹੋ। ਤਿਲੁ–ਤਿਲ ਮਾਤ੍ਰ ਵੀ। ਸੰਕ–ਸੰਕੋਚ; ਝਿਝਕ। ਭੁੰਚਹ–ਅਸੀਂ ਖਾਂਦੇ ਹਾਂ। ਨਿਹਾਲਾ–ਪ੍ਰਸੰਨ।੨। ਬਾਰਿਕ–ਬੱਚੇ। ਮੁਖਿ–ਮੂੰਹ ਵਿਚ। ਖੀਰਾ–ਦੁੱਧ। ਖੇਲਹ–ਖੇਲ੍ਹਦੇ ਹਾਂ। ਲਾਡ ਲਡਾਵਹ–ਲਾਡ ਲਡਾਉਂਦੇ (ਪਿਆਰ ਕਰਦੇ) ਹਾਂ। ਸਦ–ਸਦਾ। ਗੁਣੀ ਗਹੀਰਾ–ਗੁਣਾਂ ਦਾ ਸਮੁੰਦਰ; ਅਥਾਹ ਗੁਣਾਂ ਦਾ ਮਾਲਕ।੩। ਪੂਰਨ–ਗੁਣਾਂ ਕਰਕੇ ਪੂਰਨ। ਪੂਰਿ ਰਹੇ–ਵਿਆਪਕ ਹੋ ਰਿਹਾ ਹੈ। ਸੰਪੂਰਨ–ਸਾਰੇ ਜਗਤ ਵਿਚ। ਹਮ ਭੀ–ਅਸੀਂ ਵੀ। ਸੰਗਿ–ਨਾਲ। ਅਘਾਏ–ਰੱਜ ਗਏ ਹਾਂ। ਮਿਲਤ ਮਿਲਤ–ਮਨ ਤੇ ਬਾਣੀ ਕਰ ਕੇ ਮਿਲਦਿਆਂ ਮਿਲਦਿਆਂ। ਕਹਣੁ ਨ ਜਾਏ–ਵਰਨਣ ਨਹੀਂ ਕੀਤੀ ਜਾ ਸਕਦੀ।੪।੬।

ਰਾਮਕਲੀ ਮਹਲਾ ੫ ॥ ਕਰ ਕਰਿ ਤਾਲ ਪਖਾਵਜੁ ਨੈਨਹੁ ,ਮਾਥੈ ਵਜਹਿ ਰਬਾਬਾ ॥ ਕਰਨਹੁ ਮਧੁ ਬਾਸੁਰੀ ਬਾਜੈ, ਜਿਹਵਾ ਧੁਨਿ ਆਗਾਜਾ ॥ ਨਿਰਤਿ ਕਰੇ ਕਰਿ ਮਨੂਆ ਨਾਚੈ, ਆਣੇ ਘੂਘਰ ਸਾਜਾ ॥੧॥ ਰਾਮ ਕੋ ਨਿਰਤਿਕਾਰੀ ॥ ਪੇਖੈ ਪੇਖਨਹਾਰੁ ਦਇਆਲਾ, ਜੇਤਾ ਸਾਜੁ ਸੀਗਾਰੀ ॥੧॥ਰਹਾਉ॥ ਆਖਾਰ ਮੰਡਲੀ ਧਰਣਿ ਸਬਾਈ, ਊਪਰਿ ਗਗਨ ਚੰਦੋਆ ॥ ਪਵਨੁ ਵਿਚੋਲਾ ਕਰਤ ਇਕੇਲਾ,

ਜਲ ਤੇ ਓਪਤਿ ਹੋਆ ॥ ਪੰਚ ਤਤੁ ਕਰਿ ਪੁਤਰਾ ਕੀਨਾ, ਕਿਰਤ ਮਿਲਾਵਾ ਹੋਆ ॥੨॥ ਚੰਦੁ ਸੂਰਜੁ ਦੁਇ ਜਰੇ ਚਰਾਗਾ, ਚਹੁ ਕੁੰਟ ਭੀਤਰਿ ਰਾਖੇ ॥ ਦਸ ਪਾਤਉ ਪੰਚ ਸੰਗੀਤਾ, ਏਕੈ ਭੀਤਰਿ ਸਾਥੇ ॥ ਭਿੰਨ ਭਿੰਨ ਹੁਇ ਭਾਵ ਦਿਖਾਵਹਿ, ਸਭਹੁ ਨਿਰਾਰੀ ਭਾਖੇ ॥੩॥ ਘਰਿ ਘਰਿ ਨਿਰਤਿ ਹੋਵੈ ਦਿਨੁ ਰਾਤੀ, ਘਟਿ ਘਟਿ ਵਾਜੈ ਤੂਰਾ ॥ ਏਕਿ ਨਚਾਵਹਿ ਏਕਿ ਭਵਾਵਹਿ, ਇਕਿ ਆਇ ਜਾਇ ਹੋਇ ਧੂਰਾ ॥ ਕਹੁ ਨਾਨਕ ਸੋ ਬਹੁਰਿ ਨ ਨਾਚੈ, ਜਿਸੁ ਗੁਰੁ ਭੇਟੈ ਪੂਰਾ ॥੪॥੭॥(ਜਗਤ ਰਾਸ ਦਾ ਇਕ ਅਖਾੜਾ ਹੈ, ਇਸ ਵਿਚ) ਹੱਥਾਂ ਕਰਕੇ ਜੋ ਕੰਮ ਕਰਨਾ ਹੈ, (ਇਹ) ਛੈਣੇ ਵੱਜ ਰਹੇ ਹਨ, ਅੱਖਾਂ ਤੋਂ ਜੋ ਰੂਪ ਕੁਰੂਪ ਦੇਖਣਾ ਹੈ, (ਇਹ) ਤਬਲਾ ਵੱਜ ਰਿਹਾ ਹੈ ਤੇ ਦਿਮਾਗ ਵਿਚ ਜੋ ਵਿਚਾਰ ਚਲਦੇ ਹਨ, ਉਹ ਰਬਾਬ ਵਜ ਰਹੀ ਹੈ।ਜੀਭ ਨਾਲ ਬਚਨਾਂ ਦੀ ਜੋ ਧੁਨੀ ਪ੍ਰਗਟ ਹੋ ਰਹੀ ਹੈ, (ਇਹ) ਕੰਨਾਂ ਵਿਚ ਮਿੱਠੀ ਬੰਸਰੀ ਵਜਦੀ ਸੁਣਾਈ ਦੇ ਰਹੀ ਹੈ।(ਮਨੁੱਖ ਦਾ) ਮਨ (ਪਿਛਲੇ ਕੀਤੇ ਕਰਮਾਂ ਦੇ) ਘੁੰਘਰੂ ਆਦਿ ਸਾਜ ਲਿਆਉਂਦਾ ਹੈ ਅਤੇ ਨਾਚ ਕਰ ਕਰ ਕੇ (ਹਰ ਵੇਲੇ) ਨਚਦਾ ਰਹਿੰਦਾ ਹੈ।੧।(ਹੇ ਭਾਈ! ਸੰਸਾਰ ਵਿਚ ਜੋ ਕਾਰ ਵਿਹਾਰ ਹੋ ਰਿਹਾ ਹੈ, ਇਹੋ) ਰਾਮ ਦੀ ਨਿਰਤਕਾਰੀ ਹੈ।ਇਸ ਸ਼ਿੰਗਾਰੀ ਹੋਈ ਸ੍ਰਿਸਟੀ ਰੂਪ ਰਾਸ ਦਾ ਜਿਤਨਾ ਵੀ ਸਾਜ ਹੈ, ਉਹ ਦੇਖਣ ਵਾਲਾ ਦਿਆਲੂ ਪ੍ਰਭੂ (ਨਿਰਤਕਾਰੀ ਦੇ ਅਡੰਬਰ) ਨੂੰ ਦੇਖ ਰਿਹਾ ਹੈ।੧।ਰਹਾਉ।(ਹੇ ਭਾਈ!) ਸਾਰੀ ਧਰਤੀ ਰਾਸ ਮੰਡਲੀ ਦਾ ਅਖਾੜਾ ਹੈ, (ਇਸ ਦੇ) ਉਪਰ ਅਕਾਸ਼ ਚੰਦੋਆ ਤਣਿਆ ਹੋਇਆ ਹੈ।ਪੌਣ ਵਿਚੋਲਾ ਹੈ, ਜੋ (ਸਾਰੇ ਪਾਤ੍ਰਾਂ ਨੂੰ ਰਾਸ ਮੰਡਲ ਵਿਚ ਲਿਆ ਕੇ) ਇਕੱਠਾ ਕਰਦਾ ਹੈ ਭਾਵ ਪ੍ਰਾਣ ਸਭ ਜੀਵਾਂ ਵਿਚ ਪ੍ਰਵੇਸ਼ ਹੋ ਕੇ ਸਭ ਨੂੰ ਇਕੱਤ੍ਰ ਕਰਦਾ ਹੈ, (ਜਗਤ ਰੂਪ ਰਾਸ ਮੰਡਲ ਦਾ ਸਾਰਾ ਪਰਪੰਚ) ਜਲ ਤੋਂ ਪੈਦਾ ਹੋਇਆ ਹੈ।(ਪ੍ਰਭੂ ਨੇ) ਪੰਜ ਤੱਤ ਮਿਲਾ ਕਰਕੇ ਸਰੀਰ ਰੂਪ ਪੁਤਲਾ ਬਣਾਇਆ ਹੈ, (ਸੰਸਾਰ ਦੇ ਨਿਰਤਕਾਰੀ ਵਿਚ ਲੱਗੇ ਬਾਕੀ) ਜੀਵਾਂ ਨਾਲ ਮੇਲ ਪਿਛਲੇ ਜਨਮਾਂ ਦੇ ਕੀਤੇ ਕਰਮਾਂ ਅਨੁਸਾਰ ਹੁੰਦਾ ਹੈ।੨।(ਇਸ ਜਗਤ ਰੂਪ ਰਾਸ ਮੰਡਲ ਵਿਚ) ਚੰਦ ਤੇ ਸੂਰਜ ਦੋ ਦੀਵੇ ਜਲਦੇ ਹਨ, ਚਾਰੇ ਕੁੰਟਾਂ ਦੇ ਅੰਦਰ (ਸਾਰੀ ਦੁਨੀਆਂ ਵਿਚ ਇਹ ਦੀਵੇ ਚਾਨਣ ਕਰਨ ਵਾਸਤੇ ਬਣਾ) ਰੱਖੇ ਹਨ।ਜੀਵ ਦੇ ਦਸ ਇੰਦ੍ਰੇ (ਰਾਸ ਮੰਡਲ ਦੇ) ਪਾਤਰ ਹਨ, ਪੰਜ ਕਾਮਾਦਿਕ ਗਵੱਈਏ ਹਨ, ਇਹ ਸਭ ਇਕੋ ਸਰੀਰ ਅੰਦਰ ਸਾਥੀ ਬਣੇ ਬੈਠੇ ਹਨ।ਸਾਰੇ ਇੰਦ੍ਰੇ ਵੱਖੋ ਵਖਰੇ ਹਾਵ ਭਾਵ ਦਿਖਾਉਂਦੇ ਹਨ (ਆਪੋ ਅਪਣੇ ਵਿਸ਼ਿਆਂ ਵੱਲ ਖਿੱਚਦੇ ਹਨ) ਅਤੇ ਅੱਡ ਅੱਡ ਬੋਲੀ ਬੋਲਦੇ ਹਨ (ਸਭ ਦਾ ਵੱਖੋ ਵੱਖਰਾ ਰਸ ਹੈ)।੩।(ਹੇ ਭਾਈ!) ਹਰੇਕ ਸਰੀਰ ਰੂਪ ਘਰ ਵਿਚ ਦਿਨ ਰਾਤ ਨਾਚ ਹੋ ਰਿਹਾ ਹੈ ਤੇ ਹਰੇਕ ਹਿਰਦੇ ਵਿਚ (ਮਾਇਆ ਦਾ ਜਾਂ ਸੰਕਲਪ ਵਿਕਲਪ ਰੂਪ) ਵਾਜਾ ਵੱਜ ਰਿਹਾ ਹੈ।(ਇਹ ਵਾਜੇ) ਕਈ ਜੀਵਾਂ ਨੂੰ (ਕਾਰ ਵਿਹਾਰਾਂ) ਨਚਾਉਂਦੇ ਹਨ ਅਤੇ ਕਈ ਜੀਵਾਂ ਨੂੰ (ਇਹ ਵਾਜੇ ਅਨੇਕਾਂ ਜੋਨੀਆਂ ਵਿਚ) ਭਵਾਉਂਦੇ ਹਨ ਅਤੇ ਕਈ ਜੀਵ ਜੰਮਦੇ ਮਰਦੇ ਮਿੱਟੀ ਹੋ ਜਾਂਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਨੂੰ ਪੂਰਾ ਗੁਰੂ ਮਿਲ ਪੈਂਦਾ ਹੈ, ਉਹ (ਇਸ ਰਾਸ ਵਿਚ) ਮੁੜ ਕੇ ਨਹੀਂ ਨਚਦਾ (ਉਹ ਜੰਮਣ ਮਰਨ ਤੋਂ ਮੁਕਤ ਹੋ ਜਾਂਦਾ ਹੈ)।੪।੭।

ਪਦਾਰਥ = ਕਰ–ਹੱਥ।ਕਰਿ–ਕਰਕੇ।ਤਾਲ–ਛੈਣੇ।ਪਖਾਵਜੁ–ਤਬਲਾ।ਨੈਨਹੁ–ਅੱਖਾਂ ਤੋਂ।ਮਾਥੈ–ਦਿਮਾਗ ਵਿਚ।ਵਜਹਿ–ਵਜਦੇ ਹਨ।ਰਬਾਬਾ–ਰਬਾਬ।ਕਰਨਹੁ–ਕੰਨਾਂ ਵਿਚ।ਮਧੁ–ਮਧੁਰ (ਮਿੱਠੀ)।ਬਾਸੁਰੀ–ਬੰਸਰੀ।ਬਾਜੈ–ਵੱਜ ਰਹੀ ਹੈ।ਜਿਹਵਾ–ਜੀਭ। ਧੁਨਿ–ਆਵਾਜ।ਆਗਾਜਾ–ਗੂੰਜਦੀ ਹੈ; ਪ੍ਰਗਟ ਹੋ ਰਹੀ ਹੈ।ਨਿਰਤਿ ਕਰੇ ਕਰਿ–ਨਾਚ ਕਰ ਕਰਕੇ।ਮਨੂਆ–ਮਨ।ਨਾਚੈ–ਨਚਦਾ ਹੈ।ਆਣੇ–ਲਿਆਉਂਦਾ ਹੈ।ਘੂਘਰ ਸਾਜਾ–ਘੁੰਘਰੂ ਆਦਿ ਸਾਜ।੧।ਰਾਮ ਕੋ–ਸਰਬ ਵਿਆਪਕ ਪ੍ਰਭੂ ਦਾ।ਨਿਰਤਿਕਾਰੀ–ਨਾਚ। ਪੇਖੈ–ਦੇਖਦਾ ਹੈ।ਪੇਖਨਹਾਰੁ–ਦੇਖਣ ਵਾਲਾ।ਦਇਆਲਾ–ਦਇਆ ਕਰਨ ਵਾਲਾ।ਜੇਤਾ–ਜਿਤਨਾ ਵੀ।ਸਾਜੁ ਸੀਗਾਰੀ–ਸ਼ਿੰਗਾਰੀ ਸ੍ਰਿਸਟੀ ਦੀ ਬਨਾਵਟ ਨੂੰ।੧।ਰਹਾਉ।ਅਖਾਰ ਮੰਡਲੀ–ਨਾਚ ਕਰਨ ਵਾਲੀ ਮੰਡਲੀ (ਟੋਲੀ) ਦਾ ਸਥਾਨ।ਧਰਣਿ ਸਬਾਈ–ਸਾਰੀ ਧਰਤੀ।ਗਗਨੁ–ਅਕਾਸ਼।ਪਵਨੁ–ਪੌਣ (ਪ੍ਰਾਣ)।ਵਿਚੋਲਾ–ਮਿਲਾਉਣ ਵਾਲਾ।ਕਰਤ ਇਕੇਲਾ–ਵੱਖ ਵੱਖ ਜਾਂ ਇਕੱਠਾ ਕਰਦਾ ਹੈ। ਜਲ ਤੇ–ਪਾਣੀ (ਵੀਰਜ) ਤੋਂ।ਓਪਤਿ ਹੋਆ–ਪੈਦਾ ਹੋਇਆ ਹੈ।ਪੰਚ ਤਤੁ ਕਰਿ–ਪੰਜ ਤੱਤ ਮਿਲਾ ਕਰਕੇ।ਪੁਤਰਾ ਕੀਨਾ–ਪੁਤਲਾ (ਸਰੀਰ) ਬਣਾਇਆ।ਕਿਰਤ–(ਪਿਛਲੇ ਜਨਮਾਂ ਦੇ ਕੀਤੇ) ਕਰਮਾਂ ਅਨੁਸਾਰ।੨।ਦੁਇ–ਦੋਵੇਂ।ਜਰੇ–ਜਲਦੇ ਹਨ।ਚਰਾਗਾ–ਦੀਵੇ ।ਚਹੁ ਕੁੰਟ ਭੀਤਰਿ–ਚਾਰੇ ਕੁੰਟਾਂ (ਸਾਰੀ ਧਰਤੀ) ਅੰਦਰ।ਰਾਖੇ–ਰਖੇ ਹਨ।ਦਸ ਪਾਤਉ–ਦਸ ਇੰਦ੍ਰੇ ਪਾਤਰ (ਰਾਸ ਮੰਡਲ ਵਿਚ ਕੰਮ ਕਰਨ ਵਾਲੇ) ਹਨ।ਪੰਚ ਸੰਗੀਤਾ–ਪੰਜ ਕਾਮਾਦਿਕ ਜਾਂ ਪੰਜ ਵਿਸ਼ੇ (ਸ਼ਬਦ ਸਪਰਸ ਰਸ ਰੂਪ ਤੇ ਗੰਧ) ਗਵੱਈਏ ਹਨ।ਏਕੈ ਭੀਤਰਿ–ਇਕੋ ਸਰੀਰ ਅੰਦਰ।ਸਾਥੇ–ਸਾਥੀ; ਇਕੱਠੇ।ਭਿੰਨ ਭਿੰਨ–ਵੱਖੋ ਵੱਖਰੇ।ਭਾਵ–ਨਖਰੇ; ਕਲੋਲਾਂ।ਸਭਹੁ–ਸਾਰੇ।ਨਿਰਾਰੀ–ਵੱਖਰੀ।ਭਾਖੇ–ਬੋਲੀ।੩।ਘਰਿ ਘਰਿ–ਹਰੇਕ ਸਰੀਰ ਵਿਚ।ਘਟਿ ਘਟਿ–ਹਰੇਕ ਹਿਰਦੇ ਵਿਚ।ਵਾਜੈ–ਵਜ ਰਿਹਾ ਹੈ।ਤੂਰਾ–ਵਾਜਾ

।ਏਕਿ–ਕਈ ਜੀਵਾਂ ਨੂੰ।ਨਚਾਵਹਿ–(ਜੀਵਾਂ ਨੂੰ) ਨਚਾਉਂਦੇ ਹਨ।ਭਵਾਵਹਿ–(ਜੋਨੀਆਂ ਵਿਚ) ਘੁਮਾਉਂਦੇ ਹਨ।ਆਇ ਜਾਇ–ਮਰਦੇ ਜੰਮਦੇ ਹਨ।ਧੂਰਾ–ਧੂੜ; ਮਿੱਟੀ।ਸੋ–ਉਹ।ਬਹੁਰਿ–ਮੁੜ ਕੇ।ਜਿਸੁ–ਜਿਸ ਨੂੰ।ਭੇਟੈ–ਮਿਲਦਾ ਹੈ।੪।੭।

ਸਾਰੰਸ਼ = ਇਸ ਸ਼ਬਦ ਵਿਚ ਨਿਰਤਕਾਰੀ (ਨਾਚ; ਮੁਜਰਾ) ਦਾ ਵਰਨਣ ਹੈ, ਜੋ ਰੱਬ ਦੀ ਬਣਾਈ ਹੋਈ ਹੈ।ਰਹਾਉ ਦੀ ਤੁਕ ਵਿਚ ਜਿਸ ਦਾ ਜਿਕਰ ਕੀਤਾ ਹੈ ਤੇ ਬਾਕੀ ਸ਼ਬਦ ਵਿਚ ਇਸੇ ਗੱਲ ਨੂੰ ਖੋਲ੍ਹ ਕੇ ਲਿਖਿਆ ਹੈ।ਹਰੇਕ ਜੀਵ ਇਸ ਨਾਚ ਵਿਚ ਹਿੱਸਾ ਲੈ ਰਿਹਾ ਹੈ।ਇਸ ਨਾਚ ਵਿਚ ਹੱਥ ਛੈਣੇ ਹਨ, ਨੈਣ ਜੋੜੀ ਹਨ, ਇਤਿ ਆਦਿ ਇਸ ਤਰ੍ਹਾਂ ਕੁਦਰਤੀ ਨਾਚ ਹੋ ਰਿਹਾ ਹੈ।ਇਹ ਨਾਚ ਅਖੀਰ ਨੂੰ ਉਨ੍ਹਾਂ ਜੀਵਾਂ ਦਾ ਮੁਕਦਾ ਹੈ, ਜਿਨ੍ਹਾਂ ਨੂੰ ਪੂਰਾ ਸਤਿਗੁਰੂ ਮਿਲਦਾ ਹੈ (ਸ਼ਬਦਾਰਥ)।ਅਗਲੇ ਸ਼ਬਦ ਵਿਚ ਗੁਰਮੁਖਾਂ ਦੀ ਰਾਸ ਦਾ ਵਰਨਣ ਹੈ।ਵਾਹਿਗੁਰੂ ਵਿਚ ਲਿਵਲੀਨ ਕੀਰਤਨ ਦੇ ਰਸੀਏ ਰਾਸ ਦੇ ਕਿਹੜੇ ਕਿਹੜੇ ਸਮਾਨ ਵਰਤਦੇ ਹਨ ਤੇ ਉਨ੍ਹਾਂ ਦੀ ਜੀਵਨ ਰਾਸ ਨੂੰ ਕਿਵੇਂ ਸਵਾਦਲਾ ਬਣਾਇਆ ਜਾਂਦਾ ਹੈ, ਇਸ ਦਾ ਆਮ ਰਾਸ ਨਾਲ ਮੁਕਾਬਲਾ ਕਰਕੇ ਦਸਿਆ ਹੈ।

ਅੰਗ ੮੮੫ = ਰਾਮਕਲੀ ਮਹਲਾ ੫ ॥ ਓਅੰਕਾਰਿ ਏਕ ਧੁਨਿ ਏਕੈ, ਏਕੈ ਰਾਗੁ ਅਲਾਪੈ ॥ ਏਕਾ ਦੇਸੀ ਏਕੁ ਦਿਖਾਵੈ, ਏਕੋ ਰਹਿਆ ਬਿਆਪੈ ॥ ਏਕਾ ਸੁਰਤਿ ਏਕਾ ਹੀ ਸੇਵਾ, ਏਕੋ ਗੁਰ ਤੇ ਜਾਪੈ ॥੧॥ ਭਲੋ ਭਲੋ ਰੇ ਕੀਰਤਨੀਆ ॥ ਰਾਮ ਰਮਾ ਰਾਮਾ ਗੁਨ ਗਾਉ ॥ ਛੋਡਿ ਮਾਇਆ ਕੇ ਧੰਧ ਸੁਆਉ ॥੧॥ਰਹਾਉ॥ ਪੰਚ ਬਜਿਤ੍ਰ ਕਰੇ ਸੰਤੋਖਾ, ਸਾਤ ਸੁਰਾ ਲੈ ਚਾਲੈ ॥ ਬਾਜਾ ਮਾਣੁ ਤਾਣੁ ਤਜਿ ਤਾਨਾ, ਪਾਉ ਨ ਬੀਗਾ ਘਾਲੈ ॥ ਫੇਰੀ ਫੇਰੁ ਨ ਹੋਵੈ ਕਬ ਹੀ, ਏਕੁ ਸਬਦੁ ਬੰਧਿ ਪਾਲੈ ॥੨॥ ਨਾਰਦੀ ਨਰਹਰ ਜਾਣਿ ਹਦੂਰੇ ॥ ਘੂੰਘਰ ਖੜਕੁ ਤਿਆਗਿ ਵਿਸੂਰੇ ॥ ਸਹਜ ਅਨੰਦ ਦਿਖਾਵੈ ਭਾਵੈ ॥ ਏਹੁ ਨਿਰਤਿਕਾਰੀ ਜਨਮਿ ਨ ਆਵੈ ॥੩॥ ਜੇ ਕੋ ਅਪਨੇ ਠਾਕੁਰ ਭਾਵੈ ॥ ਕੋਟਿ ਮਧਿ ਏਹੁ ਕੀਰਤਨੁ ਗਾਵੈ ॥ ਸਾਧ ਸੰਗਤਿ ਕੀ ਜਾਵਉ ਟੇਕ ॥ ਕਹੁ ਨਾਨਕ ਤਿਸੁ ਕੀਰਤਨੁ ਏਕ ॥੪॥੮॥ (ਹਰੀ ਦਾ ਕੀਰਤਨ ਕਰਨ ਵਾਲਾ ਮਨੁੱਖ) ਇਕੋ ਇਕ ਪ੍ਰਮਾਤਮਾ ਵਿਚ ਸੁਰਤ ਜੋੜਦਾ ਹੈ ਅਤੇ ਇਕ (ਉਸੇ ਪ੍ਰਭੂ ਦਾ) ਰਾਗ ਅਲਾਪਦਾ ਹੈ।(ਉਹ) ਇਕ ਪ੍ਰਭੂ ਦੇ ਦੇਸ਼ ਦਾ ਵਾਸੀ ਹੁੰਦਾ ਹੈ, ਇਕ ਪ੍ਰਭੂ ਜੋ ਸਭ ਜਗ੍ਹਾ ਵਿਆਪਕ ਹੋ ਰਿਹਾ ਹੈ, ਇਕ ਉਸੇ ਦਾ ਰਸਤਾ (ਲੋਕਾਂ ਨੂੰ) ਦਿਖਾਉਂਦਾ ਹੈ।(ਉਸ ਦੀ) ਸੁਰਤੀ ਇਕ ਪ੍ਰਭੂ ਵਿਚ ਹੁੰਦੀ ਹੈ, ਇਕ ਦੀ ਹੀ (ਉਹ) ਸੇਵਾ ਭਗਤੀ ਕਰਦਾ ਹੈ, (ਪਰ ਉਹ) ਇਕ ਪ੍ਰਭੂ ਗੁਰੂ ਤੋਂ ਜਾਣਿਆ ਜਾਂਦਾ ਹੈ; ਗੁਰੂ ਤੋਂ ਸਿੱਖਿਆ ਲੈ ਕੇ (ਉਹ) ਇਕ ਪ੍ਰਭੂ ਦਾ ਹੀ ਨਾਮ ਜਪਦਾ ਹੈ।੧।ਹੇ ਭਾਈ! ਕੀਰਤਨ ਕਰਨ ਵਾਲਾ ਪੁਰਖ ਭਲੇ ਤੋਂ ਵੀ ਭਲਾ ਹੈ।ਜੋ ਮਾਇਆ ਦੇ ਧੰਧੇ ਤੇ ਮਾਇਆ ਦਾ ਸੁਆਰਥ ਛਡ ਕੇ, ਰਾਮ ਜੋ ਸਾਰੇ ਰਮਿਆ ਹੋਇਆ ਹੈ, (ਉਸ) ਰਾਮ ਦੇ ਗੁਣ ਗਾਉਂਦਾ ਹੈ।੧।ਰਹਾਉ।(ਉਹ ਕੀਰਤਨੀਆਂ) ਸਤ ਸੰਤੋਖ ਆਦਿਕ ਦੈਵੀ ਗੁਣਾਂ ਨੂੰ ਪੰਜ ਤਰ੍ਹਾਂ ਦੇ ਵਾਜੇ ਕਰਦਾ (ਬਣਾਉਂਦਾ) ਹੈ ਅਤੇ ਲੈ (ਲਿਵ ਲੀਨਤਾ) ਨੂੰ ਸੱਤ ਸੁਰਾਂ ਬਣਾ ਕੇ ਚਲਦਾ (ਜੀਵਨ ਗੁਜਾਰਦਾ) ਹੈ।ਮਾਣ ਛਡਣਾ (ਉਸ ਦਾ) ਵਾਜਾ ਹੈ ਤੇ ਤਾਣ ਛਡਣਾ ਇਹ ਤਾਨ ਪਲਟਾ ਕਰਦਾ ਹੈ ਅਤੇ (ਨੱਚਣ ਵੇਲੇ ਉਹ) ਪੈਰ ਟੇਢਾ ਨਹੀਂ ਧਰਦਾ (ਮੰਦੇ ਥਾਂ ਪੈਰ ਨਹੀਂ ਰੱਖਦਾ।ਨਾਚ ਵਿਚ ਉਸ ਦੀ) ਫੇਰੀ ਇਹ ਹੁੰਦੀ ਹੈ ਕਿ ਮੁੜ ਕੇ ਕਦੇ ਚੁਰਾਸੀ ਦਾ ਫੇਰ ਨ ਪਵੇ, (ਉਹ ਗੁਰੂ ਦੇ) ਇਕ ਸ਼ਬਦ ਨੂੰ ਪੱਲੇ ਬੰਨ੍ਹੀ ਰੱਖਦਾ ਹੈ।੨।ਕਰਤਾਰ ਨੂੰ ਹਾਜਰ ਨਾਜਰ ਜਾਣਨਾ (ਉਸ ਦੀ) ਪ੍ਰੇਮਾ ਭਗਤੀ ਹੈ; ਨਾਰਦ ਵਾਲਾ ਨਾਚ ਹੈ, ਝੋਰਿਆਂ ਦਾ ਤਿਆਗਣਾ (ਉਸ ਦੀ) ਘੁੰਗਰੂਆਂ ਦੀ ਛਣਕਾਰ ਹੈ।(ਉਹ ਨਿਰਤਕਾਰੀ ਵਿਚ) ਕੁਦਰਤੀ ਅਨੰਦ ਦੇ ਹਾਵ ਭਾਵ ਦਿਖਾਉਂਦਾ ਹੈ।ਇਹੋ ਜਿਹਾ ਨਾਚ ਕਰਨ ਵਾਲਾ ਮਨੁੱਖ ਮੁੜ ਕੇ ਜਨਮ (ਮਰਨ ਦੇ ਗੇੜ) ਵਿਚ ਨਹੀਂ ਆਉਂਦਾ।੩।(ਹੇ ਭਾਈ!) ਜੇ ਕੋਈ ਮਨੁੱਖ ਅਪਣੇ ਮਾਲਕ ਪ੍ਰਭੂ ਨੂੰ ਚੰਗਾ ਲਗ ਜਾਵੇ।ਉਹ ਕ੍ਰੋੜਾਂ ਵਿਚੋਂ (ਕੋਈ ਵਿਰਲਾ ਮਨੁੱਖ ਹੈ, ਜੋ) ਇਹ ਕੀਰਤਨ ਗਾਉਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਸਾਧ ਸੰਗਤ ਦੀ ਓਟ ਵਿਚ ਜਾਂਦਾ ਹਾਂ।(ਕਿਉਂਕਿ) ਉਸ ਸਾਧ ਸੰਗਤ ਵਿਚ ਇਕ ਪ੍ਰਭੂ ਦਾ ਕੀਰਤਨ ਹੁੰਦਾ ਹੈ।੪।੮।

ਪਦਾਰਥ = ਓਅੰਕਾਰਿ ਏਕ ਏਕੈ–ਇਕੋ ਇਕ ਪ੍ਰਮਾਤਮਾ ਵਿਚ।ਧੁਨਿ–ਸੁਰਤ; ਲਿਵ।ਅਲਾਪੈ–ਉਚਾਰਦਾ ਹੈ।ਏਕਾ ਦੇਸੀ–ਇਕ ਪ੍ਰਭੂ ਦੇ ਦੇਸ਼ ਦਾ ਵਾਸੀ।ਏਕੁ ਦਿਖਾਵੈ–ਇਕ ਪ੍ਰਭੂ ਦਾ ਹੀ ਰਸਤਾ ਦਿਖਾਉਂਦਾ ਹੈ।ਏਕੋ ਰਹਿਆ ਬਿਆਪੈ–ਇਕੋ ਪ੍ਰਭੂ ਸਭ ਜਗ੍ਹਾ ਵਿਆਪਕ ਹੋ ਰਿਹਾ ਹੈ।ਏਕਾ ਸੁਰਤਿ–ਇਕ ਪ੍ਰਭੂ ਵਿਚ ਧਿਆਨ ਹੁੰਦਾ ਹੈ।ਗੁਰ ਤੇ–ਗੁਰੂ ਤੋਂ।ਜਾਪੈ–ਜਾਣਿਆ ਜਾਂਦਾ ਹੈ; ਜਪਦਾ ਹੈ।੧।ਭਲੋ ਭਲੋ–ਚੰਗੇ ਤੋਂ ਚੰਗਾ।ਰੇ–ਹੇ ਭਾਈ!।ਕੀਰਤਨੀਆ–ਕੀਰਤਨ ਕਰਨ ਵਾਲਾ ਪੁਰਖ।ਰਮਾ–ਰਮਿਆ ਹੋਇਆ (ਸਰਬ ਵਿਆਪਕ)।ਗਾਉ–ਗਾਉਂਦਾ ਹੈ।ਧੰਧ–ਧੰਧੇ।ਸੁਆਉ–ਸੁਆਰਥ; ਲਾਭ।੧।ਰਹਾਉ।ਪੰਚ ਬਜਿਤ੍ਰ–ਪੰਜ ਤਰ੍ਹਾਂ ਦੇ ਵਾਜੇ; ਪੰਜ ਬਜੰਤ੍ਰੀ।ਕਰੇ–ਕਰਦਾ (ਬਣਾਉਂਦਾ) ਹੈ।ਸਾਤ ਸੁਰਾ–ਸੱਤ ਸੁਰਾਂ (ਸਾ ਰੇ ਗਾ ਮਾ ਪਾ ਧਾ ਨੀ)।ਲੈ–ਲਿਵ ਲੀਨਤਾ।ਚਾਲੈ–ਚਲਦਾ

ਹੈ।ਮਾਣੁ–ਹੰਕਾਰ।ਤਾਣੁ–ਤਾਕਤ।ਤਜਿ–ਛਡਦਾ ਹੈ।ਤਾਨਾ–ਤਾਨ ਪਲਟਾ।ਪਾਉ–ਪੈਰ।ਨ ਬੀਗਾ ਘਾਲੈ–ਬਿੰਗਾ (ਟੇਢਾ) ਨਹੀਂ ਰੱਖਦਾ।ਫੇਰੀ–(ਨਾਚ ਦਾ) ਚੱਕਰ।ਫੇਰੁ–(ਜਨਮ ਮਰਨ ਦਾ) ਫੇਰਾ।ਬੰਧਿ ਪਾਲੈ–ਪੱਲੇ ਬੰਨ੍ਹਦਾ ਹੈ।੨।ਨਾਰਦੀ–ਨਾਰਦ ਵਾਲੀ ਪ੍ਰੇਮਾ ਭਗਤੀ; ਨਾਰਦ ਵਾਲਾ ਨਾਚ।ਨਰਹਰ–ਕਰਤਾਰ।ਜਾਨਿ–ਜਾਣਦਾ ਹੈ।ਹਦੂਰੇ–ਹਾਜਰ ਨਾਜਰ; ਅੰਗ ਸੰਗ।ਘੂੰਘਰ–ਘੁੰਘਰੂ।ਖੜਕੁ–ਖੜਾਕ (ਛਣਕਾਰ)।ਵਿਸੂਰੇ–ਚਿੰਤਾ; ਝੋਰੇ।ਸਹਜ ਅਨੰਦ–ਕੁਦਰਤੀ ਅਨੰਦ।ਭਾਵੈ–ਹਾਵ ਭਾਵ।ਨਿਰਤਿਕਾਰੀ–ਨਚਣ ਵਾਲਾ ਮਨੁੱਖ।ਜਨਮਿ–ਜਨਮ ਦੇ ਗੇੜ ਵਿਚ।੩।ਜੇ ਕੋ–ਜੇ ਕੋਈ ਮਨੁੱਖ।ਠਾਕੁਰ ਭਾਵੈ–ਪ੍ਰਭੂ ਨੂੰ ਚੰਗੇ ਲੱਗੇ।ਕੋਟਿ ਮਧਿ–ਕ੍ਰੋੜਾਂ ਵਿਚੋਂ।ਜਾਵਉ–ਮੈ ਜਾਂਦਾ ਹਾਂ।ਟੇਕ–ਓਟ।ਤਿਸੁ–ਉਸ (ਸਾਧ ਸੰਗਤਿ ਵਿਚ)।ਏਕ–ਇਕ ਪ੍ਰਭੂ ਦਾ।੪।੮।

ਰਾਮਕਲੀ ਮਹਲਾ ੫ ॥ ਕੋਈ ਬੋਲੈ ਰਾਮ ਰਾਮ, ਕੋਈ ਖੁਦਾਇ ॥ ਕੋਈ ਸੇਵੈ ਗੁਸਈਆ, ਕੋਈ ਅਲਾਹਿ ॥੧॥ ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥੧॥ਰਹਾਉ॥ ਕੋਈ ਨਾਵੈ ਤੀਰਥਿ, ਕੋਈ ਹਜ ਜਾਇ ॥ ਕੋਈ ਕਰੈ ਪੂਜਾ, ਕੋਈ ਸਿਰੁ ਨਿਵਾਇ ॥੨॥ ਕੋਈ ਪੜੈ ਬੇਦ, ਕੋਈ ਕਤੇਬ ॥ ਕੋਈ ਓਢੈ ਨੀਲ, ਕੋਈ ਸੁਪੇਦ ॥੩॥ ਕੋਈ ਕਹੈ ਤੁਰਕੁ ,ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ,ਕੋਈ ਸੁਰਗਿੰਦੂ ॥੪॥ ਕਹੁ ਨਾਨਕ, ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ, ਤਿਨਿ ਭੇਦੁ ਜਾਤਾ ॥੫॥੯॥

(ਹੇ ਭਾਈ!) ਕੋਈ (ਹਿੰਦੂ ਮਨੁੱਖ) ਰਾਮ ਰਾਮ ਬੋਲਦਾ ਹੈ ਅਤੇ ਕੋਈ (ਮੁਸਲਮਾਨ) ਖੁਦਾ ਖੁਦਾ ਬੋਲਦਾ ਹੈ।ਕੋਈ ਗੁਸਾਈਂ (ਆਖ ਕੇ ਉਸ ਦੀ) ਸੇਵਾ ਭਗਤੀ ਕਰਦਾ ਹੈ ਅਤੇ ਕੋਈ ਅੱਲਾ ਆਖ ਕੇ (ਉਸ ਦੀ) ਬੰਦਗੀ ਕਰਦਾ ਹੈ।੧।(ਹੇ ਭਾਈ! ਪ੍ਰਭੂ) ਸਾਰੇ ਕਾਰਨਾਂ ਦੇ ਕਰਨ ਵਾਲਾ ਅਤੇ ਬਖਸ਼ਿਸ਼ ਕਰਨ ਵਾਲਾ ਹੈ (ਹਿੰਦੂ ਉਸ ਨੂੰ ਕਾਰਣ ਕਰਣ ਕਹਿੰਦੇ ਹਨ ਅਤੇ ਮੁਸਲਮਾਨ ਕਰੀਮ ਕਹਿੰਦੇ ਹਨ।ਹਿੰਦੂ ਉਸ ਨੂੰ) ਕ੍ਰਿਪਾ ਕਰਨ ਵਾਲਾ ਅਤੇ (ਮੁਸਲਮਾਨ) ਰਹਿਮ ਕਰਨ ਵਾਲਾ (ਮਿਹਰਬਾਨ) ਕਹਿੰਦੇ ਹਨ।੧।ਰਹਾਉ।ਕੋਈ (ਹਿੰਦੂ) ਤੀਰਥਾਂ ਤੇ ਨ੍ਹਾਉਂਦਾ ਹੈ ਅਤੇ ਕੋਈ (ਮੁਸਲਮਾਨ) ਹੱਜ ਕਰਨ ਜਾਂਦਾ ਹੈ।ਕੋਈ (ਹਿੰਦੂ ਠਾਕਰਾਂ ਦੀ) ਪੂਜਾ ਕਰਦਾ ਹੈ ਅਤੇ ਕੋਈ (ਮੁਸਲਮਾਨ ਮਸੀਤ ਵਿਚ) ਸਿਰ ਨਿਵਾਉਂਦਾ ਹੈ (ਸਿਜਦਾ ਕਰਦਾ ਹੈ ਤੇ ਨਮਾਜ ਪੜ੍ਹਦਾ ਹੈ)।੨।ਕੋਈ (ਹਿੰਦੂ) ਬੇਦ ਪੜ੍ਹਦਾ ਹੈ, ਕੋਈ (ਮੁਸਲਮਾਨ ਕੁਰਾਨ ਆਦਿਕ) ਕਿਤਾਬਾਂ ਪੜ੍ਹਦਾ ਹੈ।ਕੋਈ (ਮੁਸਲਮਾਨ) ਨੀਲੇ ਕੱਪੜੇ ਪਹਿਨਦਾ ਹੈ ਅਤੇ ਕੋਈ (ਹਿੰਦੂ) ਸਫੈਦ ਕੱਪੜੇ ਪਹਿਨਦਾ ਹੈ।੩।ਕੋਈ ਕਹਿੰਦਾ ਹੈ ਕਿ ਮੈਂ ਮੁਸਲਮਾਨ ਹਾਂ ਅਤੇ ਕੋਈ ਮਨੁੱਖ ਕਹਿੰਦਾ ਹੈ ਕਿ ਮੈਂ ਹਿੰਦੂ ਹਾਂ।ਕੋਈ (ਮੁਸਲਮਾਨ ਰੱਬ ਕੋਲੋਂ) ਬਹਿਸ਼ਤ ਚਾਹੁੰਦਾ ਹੈ ਅਤੇ ਕੋਈ (ਹਿੰਦੂ) ਇੰਦਰ ਦਾ ਸਵੱਰਗ ਮੰਗਦਾ ਹੈ।੪। ਨਾਨਕ ਗੁਰੂ ਜੀ ਕਹਿੰਦੇ ਹਨ ਕਿ (ਹਿੰਦੂਆਂ ਤੇ ਮੁਸਲਮਾਨਾਂ ਵਿਚੋਂ) ਜਿਸ ਮਨੁੱਖ ਨੇ ਪ੍ਰਭੂ ਦਾ ਹੁਕਮ ਪਛਾਣਿਆ ਹੈ।ਉਸ ਨੇ ਪ੍ਰਭੂ ਮਾਲਕ ਦਾ ਭੇਤ ਜਾਣਿਆ ਹੈ (ਕਿ ਸਾਰੇ ਜੀਵਾਂ ਨੂੰ ਪੈਦਾ ਕਰਨ ਵਾਲਾ ਇਕੋ ਪ੍ਰਭੂ ਹੈ)।੫।੯।

ਸਾਰੰਸ਼ = ਵੱਖ ਵੱਖ ਧਰਮਾਂ ਦੇ ਮੰਨਣ ਵਾਲੇ ਲੋਕਾਂ ਦੀ ਵੱਖੋ ਵੱਖਰੀ ਮਰਿਆਦਾ ਹੈ, ਪਰ ਜਰੂਰਤ ਹੈ ਪ੍ਰਭੂ ਦਾ ਹੁਕਮ ਪਛਾਨਣ ਦੀ, ਜਿਸ ਮਨੁੱਖ ਨੇ ਉਸ ਦਾ ਹੁਕਮ ਜਾਣ ਲਿਆ, ਉਹ ਰੱਬ ਦੇ ਪੈਦਾ ਕੀਤੇ ਸਾਰੇ ਜੀਵਾਂ ਨੂੰ ਨਫਰਤ ਨਹੀਂ ਕਰਦਾ ਹੈ।

ਪਦਾਰਥ = ਬੋਲੈ–ਬੋਲਦਾ ਹੈ।ਸੇਵੈ–ਸੇਵਾ ਭਗਤੀ ਕਰਦਾ ਹੈ।ਗੁਸਈਆ–(ਪ੍ਰਿਥਵੀ ਦਾ ਮਾਲਕ) ਗੁਸਾਈਂ।ਅਲਾਹਿ–ਅੱਲਾ।੧। ਕਾਰਣ ਕਰਣ–ਸਾਰੇ ਕਾਰਣਾਂ ਦੇ ਕਰਨ ਵਾਲਾ।ਕਰੀਮ–ਬਖਸ਼ਿਸ਼ ਕਰਨ ਵਾਲਾ।ਕਿਰਪਾ ਧਾਰਿ–ਕ੍ਰਿਪਾ ਕਰਨ ਵਾਲਾ।ਰਹੀਮ–ਰਹਿਮ ਕਰਨ ਵਾਲਾ।੧।ਰਹਾਉ।ਨਾਵੈ–ਨ੍ਹਾਉਂਦਾ (ਇਸ਼ਨਾਨ ਕਰਦਾ) ਹੈ।ਤੀਰਥਿ–ਤੀਰਥਾਂ ਉਤੇ।ਹਜ ਜਾਇ–ਕਾਬੇ ਦੀ ਯਾਤਰਾ ਤੇ ਜਾਂਦਾ ਹੈ।ਨਿਵਾਇ–ਨਿਵਾਉਂਦਾ (ਝੁਕਦਾ) ਹੈ।੨।ਪੜੈ–ਪੜ੍ਹਦਾ ਹੈ।ਬੇਦ–ਚਾਰ (ਸ਼ਾਮ, ਰਿਗ , ਜੁਜਰ ਤੇ ਅਥਰਬਣ) ਵੇਦ। ਕਤੇਬ–ਕੁਰਾਨ ਤੇ ਅੰਜੀਲ ਆਦਿ ਕਿਤਾਬਾਂ।ਓਢੈ–ਪਹਿਨਦਾ ਹੈ।ਨੀਲ–ਨੀਲੇ ਕੱਪੜੇ।ਸੁਪੇਦ–ਸਫੈਦ ਕੱਪੜੇ।੩।ਬਾਛੈ–ਚਾਹੁੰਦਾ ਹੈ; ਮੰਗਦਾ ਹੈ।ਤੁਰਕੁ–ਮੁਸਲਮਾਨ।ਭਿਸਤੁ–ਬਹਿਸ਼ਤ।ਸੁਰਗਿੰਦੂ–ਇੰਦਰ ਦੇਵਤਾ ਦਾ ਸਵੱਰਗ ਲੋਕ।੪।ਜਿਨਿ–ਜਿਸ (ਮਨੁੱਖ) ਨੇ।ਪਛਾਤਾ–ਪਛਾਣਿਆ ਹੈ।ਸਾਹਿਬ ਕਾ–ਮਾਲਕ ਦਾ।ਭੇਦੁ–ਗੁਪਤ ਗੱਲ।ਤਿਨਿ–ਉਸ ਨੇ।ਜਾਤਾ–ਜਾਣਿਆ।੫।੯।

ਰਾਮਕਲੀ ਮਹਲਾ ੫ ॥ ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥ ਮਾਟੀ ਮਾਟੀ ਹੋਈ ਏਕ ॥ ਰੋਵਨ ਹਾਰੇ ਕੀ ਕਵਨ ਟੇਕ ॥੧॥ ਕਉਨੁ ਮੂਆ ਰੇ ਕਉਨੁ ਮੂਆ ॥ ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ, ਇਹੁ ਤਉ ਚਲਤੁ ਭਇਆ ॥੧॥ਰਹਾਉ॥ ਅਗਲੀ ਕਿਛੁ ਖਬਰਿ ਨ ਪਾਈ ॥ ਰੋਵਨਹਾਰੁ ਭਿ ਊਠਿ ਸਿਧਾਈ ॥ ਭਰਮ ਮੋਹ ਕੇ ਬਾਂਧੇ ਬੰਧ ॥ ਸੁਪਨੁ ਭਇਆ ਭਖਲਾਏ ਅੰਧ ॥੨॥ ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥ ਨਹ ਕੋ ਮੂਆ, ਨ ਮਰਣੈ ਜੋਗੁ ॥ ਨਹ ਬਿਨਸੈ, ਅਬਿਨਾਸੀ ਹੋਗੁ ॥੩॥ ਜੋ ਇਹੁ ਜਾਣਹੁ ,ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥ ਕਹੁ

ਨਾਨਕ ਗੁਰਿ ਭਰਮੁ ਚੁਕਾਇਆ ॥ ਨ ਕੋਈ ਮਰੈ ਨ ਆਵੈ ਜਾਇਆ ॥੪॥੧੦॥ (ਹੇ ਭਾਈ! ਮਨੁੱਖ ਦੇ ਮਰਨ ਤੇ) ਹਵਾ (ਸੁਆਸ) ਹਵਾ ਵਿਚ ਮਿਲ ਜਾਂਦਾ ਹੈ। ਅੱਗਨੀ ਦਾ ਤੱਤ ਅੱਗ ਵਿਚ ਜਾ ਮਿਲਦਾ ਹੈ (ਜੀਵਾਤਮਾ ਪ੍ਰਮਾਤਮਾ ਵਿਚ ਰਲ ਜਾਂਦਾ ਹੈ। ਸਰੀਰ ਰੂਪ) ਮਿੱਟੀ ਤੇ ਧਰਤੀ ਦੀ ਮਿੱਟੀ (ਆਪ ਵਿਚ ਮਿਲ ਕੇ) ਇਕ ਰੂਪ ਹੋ ਗਈ। (ਇਸ ਲਈ ਦੱਸੋ ਕਿ) ਰੋਣ ਵਾਲੇ ਦੀ ਕਿਹੜੀ ਟੇਕ ਹੈ (ਸਾਰੇ ਤੱਤ ਆਪੋ ਅਪਣੇ ਤੱਤਾਂ ਵਿਚ ਮਿਲ ਗਏ ਹਨ, ਫਿਰ ਮਨੁੱਖ ਕਿਸ ਵਾਸਤੇ ਰੋਂਦਾ ਹੈ?)।੧। ਹੇ ਭਾਈ! ਕੌਣ ਮਰਿਆ ਹੈ, (ਦੱਸੋਂ ਤਾਂ ਸਹੀ) ਕੌਣ ਮਰਿਆ ਹੈ? (ਸਰੀਰ ਮਰਿਆ ਹੈ ਜਾਂ ਆਤਮਾ ਮਰੀ ਹੈ?) ਬ੍ਰਹਮ ਗਿਆਨੀਆਂ ਨਾਲ ਮਿਲ ਕੇ ਵਿਚਾਰ ਕਰੋ, (ਸੁਆਸਾਂ ਦਾ ਸਰੀਰ ਵਿਚੋਂ ਨਿਕਲਣ ਦਾ) ਇਹ ਤਾਂ ਕੌਤਕ ਹੋਇਆ ਹੈ (ਸਰੀਰ ਦੇ ਤੱਤ ਅਪਣੇ ਮੂਲ ਤੱਤਾਂ ਵਿਚ ਰਲ ਗਏ ਹਨ)।੧। ਰਹਾਉ। (ਹੇ ਭਾਈ! ਜੀਵ ਮਰ ਕੇ ਜਿਸ ਜਗ੍ਹਾ) ਅੱਗੇ ਜਾਂਦਾ ਹੈ, (ਉਸ ਪ੍ਰਲੋਕ ਦੀ) ਕੁਛ ਸਮਝ ਨਹੀਂ ਪਾਈ ਜਾ ਸਕਦੀ; ਅਗਲੀ (ਮਨੁੱਖ ਆਉਣ ਵਾਲੇ ਸਮੇਂ ਦੀ) ਕੁਛ ਸੋਝੀ ਪ੍ਰਾਪਤ ਨਹੀਂ ਕਰਦਾ (ਕਿ ਮੇਰਾ ਅੱਗੇ ਕੀ ਹਾਲ ਹੋਣਾ ਹੈ?। ਮਰੇ ਹੋਏ ਪ੍ਰਾਣੀ ਵਾਸਤੇ) ਰੋਣ ਵਾਲਾ ਮਨੁੱਖ ਵੀ (ਇਕ ਦਿਨ ਸੰਸਾਰ ਤੋਂ) ਉਠ ਕੇ ਚਲੇ ਜਾਂਦਾ ਹੈ। (ਸਾਰੇ ਜੀਵ) ਭਰਮ ਅਤੇ ਮੋਹ ਦੇ ਬੰਧਨ ਵਿਚ ਬੰਨ੍ਹੇ ਹੋਏ ਹਨ। (ਮਰਿਆ ਹੋਇਆ ਮਨੁੱਖ) ਸੁਪਨਾ ਹੋ ਜਾਂਦਾ ਹੈ (ਸੁਪਨਾ ਥੋੜਾ ਸਮਾਂ ਯਾਦ ਰਹਿੰਦਾ ਹੈ, ਬਾਦ ਵਿਚ ਭੁੱਲ ਜਾਂਦਾ ਹੈ, ਭਰਮ ਤੇ ਮੋਹ ਵਿਚ) ਅੰਨ੍ਹਾ ਹੋਇਆ ਮਨੁੱਖ (ਮਰੇ ਪ੍ਰਾਣੀ ਵਾਸਤੇ ਬਿਅਰਥ) ਬਰੜਾਉਂਦਾ ਹੈ; ਭਟਕਦਾ ਹੈ।੨। (ਹੇ ਭਾਈ!) ਇਹ ਜਗਤ ਰਚਨਾ ਦਾ ਕੌਤਕ ਤਾਂ ਕਰਤਾਰੇ ਨੇ ਰਚਿਆ ਹੈ। ਬੇਅੰਤ ਪ੍ਰਭੂ ਦੇ ਹੁਕਮ ਅਨੁਸਾਰ (ਜੀਵ ਜਗਤ ਵਿਚ) ਜੰਮਦੇ ਮਰਦੇ ਰਹਿੰਦੇ ਹਨ। ਨਾ ਕੋਈ ਜੀਵਾਤਮਾ ਮਰਿਆ ਹੈ ਅਤੇ ਨਾ ਹੀ ਮਰਨ ਦੇ ਜੋਗ ਹੈ। (ਜੀਵਾਤਮਾ) ਨਾਸ਼ ਨਹੀਂ ਹੁੰਦਾ, (ਜੀਵਾਤਮਾ) ਨਾਸ਼ ਰਹਿਤ ਹੁੰਦਾ ਹੈ।੩। (ਹੇ ਭਾਈ!) ਜੋ ਕੁਛ ਤੁਸੀਂ ਜੀਵਾਤਮਾ ਨੂੰ ਸਮਝਦੇ ਹੋ, ਇਹ ਉਹੋ ਜਿਹਾ ਨਹੀਂ ਹੈ (ਇਹ ਅਮਰ ਹੈ। ਜੋ ਮਨੁੱਖ ਇਸ ਗੱਲ ਨੂੰ) ਸਮਝਣ ਵਾਲੇ ਹਨ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਨੇ (ਜਿਸ ਮਨੁੱਖ ਦਾ) ਭਰਮ ਦੂਰ ਦਿਤਾ ਹੈ। (ਉਸ ਦੇ ਨਿਸਚੇ ਵਿਚ) ਨਾ ਕੋਈ ਜੀਵ ਮਰਦਾ ਹੈ ਅਤੇ ਨਾ ਕੋਈ ਆਉਂਦਾ ਜਾਂਦਾ (ਜੰਮਦਾ ਮਰਦਾ ਹੈ, ਇਹ ਸਾਰੀ ਪ੍ਰਭੂ ਦੇ ਹੁਕਮ ਦੀ ਖੇਡ ਹੈ)।੪।੧੦।

ਪਦਾਰਥ = ਪਵਨੈ ਮਹਿ–ਹਵਾ ਵਿਚ। ਪਵਨੁ–ਸੁਆਸ। ਸਮਾਇਆ–ਮਿਲ ਜਾਂਦਾ ਹੈ। ਜੋਤੀ ਮਹਿ–ਅੱਗ ਵਿਚ। ਜੋਤਿ–ਅੱਗ ਦਾ ਤੱਤ (ਜੀਵਾਤਮਾ)। ਰਲਿ ਜਾਇਆ–ਮਿਲ ਜਾਂਦਾ ਹੈ। ਰੋਵਣਹਾਰੇ ਕੀ–ਰੋਣ ਵਾਲੇ (ਮਨੁੱਖ) ਦੀ। ਕਵਨ–ਕਿਹੜੀ। ਟੇਕ–ਓਟ।੧। ਮੂਆ–ਮਰਿਆ ਹੈ। ਰੇ–ਹੇ ਭਾਈ!। ਬ੍ਰਹਮ ਗਿਆਨੀ–ਬ੍ਰਹਮ ਦਾ ਗਿਆਨ ਰੱਖਣ ਵਾਲਾ ਪੁਰਖ। ਮਿਲਿ–ਮਿਲ ਕੇ। ਕਰਹੁ–ਕਰੋ। ਇਹੁ ਤਉ–ਇਹ ਤਾਂ। ਚਲਤੁ–ਕੌਤਕ। ਭਇਆ–ਹੋਇਆ ਹੈ।੧। ਰਹਾਉ। ਅਗਲੀ–ਅੱਗੇ (ਪ੍ਰਲੋਕ) ਦੀ; ਅੱਗੇ ਆਉਣ ਵਾਲੇ ਸਮੇਂ ਦੀ (ਅੱਗੇ ਵਾਪਰਨ ਵਾਲੀ ਘਟਨਾ)। ਖਬਰਿ–ਸਮਝ; ਸੋਝੀ। ਨ ਪਾਈ–ਪਾਈ ਨਹੀਂ ਜਾਂਦੀ। ਉਠਿ–ਉਠ ਕੇ। ਸਿਧਾਈ–ਚਲੇ ਜਾਂਦਾ ਹੈ। ਬਾਂਧੇ ਬੰਧ–ਬੰਧਨ ਵਿਚ ਬੰਨ੍ਹੇ ਹੋਏ ਹਨ। ਭਇਆ–ਹੋ ਜਾਂਦਾ ਹੈ। ਭਖਲਾਏ–ਬਰੜਾਉਂਦੇ ਹਨ; ਭਟਕਦੇ ਹਨ। ਅੰਧ–ਅੰਨ੍ਹਾ (ਮਨੁੱਖ)।੨। ਰਚਨੁ–ਜਗਤ। ਕਰਤਾਰਿ–ਕਰਤਾਰ ਨੇ। ਆਵਤ ਜਾਵਤ–ਆਉਂਦੇ ਜਾਂਦੇ (ਜੰਮਦੇ ਮਰਦੇ) ਹਨ। ਹੁਕਮਿ ਅਪਾਰਿ–ਬੇਅੰਤ ਪ੍ਰਭੂ ਦੇ ਹੁਕਮ ਅਨੁਸਾਰ। ਨਹ ਕੋ–ਕੋਈ ਨਹੀਂ। ਨਹ ਬਿਨਸੈ–ਨਾਸ਼ ਨਹੀਂ ਹੁੰਦਾ। ਅਬਿਨਾਸੀ–ਨਾਸ਼ ਰਹਿਤ; ਅਮਰ। ਹੋਗੁ–ਹੁੰਦਾ ਹੈ।੩। ਜਾਣਹੁ–ਤੁਸੀਂ ਸਮਝਦੇ ਹੋ। ਸੋ ਇਹੁ ਨਾਹਿ–ਇਹ (ਜੀਵਾਤਮਾ) ਉਹੋ ਜਿਹਾ ਨਹੀਂ ਹੈ। ਕਉ–ਨੂੰ; ਤੋਂ। ਬਲਿ ਜਾਉ–ਸਦਕੇ ਜਾਂਦਾ ਹਾਂ। ਗੁਰਿ–ਗੁਰੂ ਨੇ। ਚੁਕਾਇਆ–ਦੂਰ ਕਰ ਦਿਤਾ। ਆਵੈ ਜਾਇਆ–ਜੰਮਦਾ ਮਰਦਾ ਹੈ।੪।੧੦।

ਰਾਮਕਲੀ ਮਹਲਾ ੫ ॥ ਜਪਿ ਗੋਬਿੰਦੁ ਗੋਪਾਲ ਲਾਲੁ ॥ ਰਾਮ ਨਾਮ ਸਿਮਰਿ ਤੂ ਜੀਵਹਿ, ਫਿਰਿ ਨ ਖਾਈ ਮਹਾ ਕਾਲੁ ॥੧॥ਰਹਾਉ ॥ (ਹੇ ਭਾਈ!) ਪ੍ਰਿਥਵੀ ਦੀ ਪਾਲਣਾ ਕਰਨ ਵਾਲੇ ਪਿਆਰੇ ਗੋਬਿੰਦ ਨੂੰ ਜਪਿਆ ਕਰ। ਸਰਬ ਵਿਆਪਕ ਰਾਮ ਦਾ ਨਾਮ ਸਿਮਰ ਕੇ ਤੂੰ (ਸਦਾ ਲਈ) ਜਿਉਂਦਾ ਰਹੇਂਗਾ, ਫਿਰ (ਤੈਨੂੰ) ਮਹਾਂ ਕਾਲ ਨਹੀਂ ਖਾ ਸਕੇਗਾ।੧। ਰਹਾਉ।

ਅੰਗ ੮੮੬ = ਕੋਟਿ ਜਨਮ, ਭ੍ਰਮਿ ਭ੍ਰਮਿ ਭ੍ਰਮਿ ਆਇਓ ॥ ਬਡੈ ਭਾਗਿ, ਸਾਧ ਸੰਗੁ ਪਾਇਓ ॥੧॥ ਬਿਨੁ ਗੁਰ ਪੂਰੇ, ਨਾਹੀ ਉਧਾਰੁ ॥ ਬਾਬਾ ਨਾਨਕੁ ਆਖੈ ਏਹੁ ਬੀਚਾਰੁ ॥੨॥੧੧॥ (ਹੇ ਭਾਈ!) ਤੂੰ ਕ੍ਰੋੜਾਂ ਜਨਮਾਂ ਵਿਚ ਭਰਮ ਦਾ ਭਰਮਾਇਆ ਘੁੰਮ ਕੇ (ਹੁਣ ਮਨੁੱਖਾ ਜਨਮ ਵਿਚ) ਆਇਆ ਹੈਂ। ਵੱਡੇ ਭਾਗਾਂ ਨਾਲ (ਹੁਣ ਤੈਨੂੰ) ਸਾਧ ਸੰਗ ਪ੍ਰਾਪਤ ਹੋਇਆ ਹੈ।੧। (ਹੇ ਭਾਈ!) ਬਾਬਾ ਨਾਨਕ ਇਹ ਬਿਚਾਰ ਆਖਦਾ ਹੈ ਕਿ ਪੂਰੇ ਗੁਰੂ ਤੋਂ ਬਿਨਾ (ਜੋਨੀਆਂ ਤੋਂ ਤੇਰਾ) ਉਧਾਰ ਨਹੀਂ ਹੋ ਸਕੇਗਾ।੨।੧੧।

ਪਦਾਰਥ = ਜਪਿ–ਜਪਿਆ ਕਰ। ਗੋਪਾਲ–ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪ੍ਰਮਾਤਮਾ। ਲਾਲੁ–ਪਿਆਰਾ। ਜੀਵਹਿ–ਤੂੰ ਜਿਉਂਦਾ

ਰਹੇਂਗਾ। ਫਿਰਿ-ਮੁੜ ਕੇ। ਮਹਾ ਕਾਲੁ-ਭਿਆਨਕ ਮੌਤ। ਨ ਖਾਈ-ਨਹੀਂ ਖਾਵੇਗਾ।੧। ਰਹਾਉ। ਕੋਟਿ-ਕ੍ਰੋੜਾਂ। ਭ੍ਰਮਿ ਭ੍ਰਮਿ ਭ੍ਰਮਿ-ਭਰਮਾਂ ਦਾ ਭਰਮਾਇਆ (ਅਨੇਕਾਂ ਜਨਮਾਂ ਵਿਚ) ਘੁੰਮ ਫਿਰ ਕੇ (ਸੰ.ਸ.; ਫ.ਸ.); ਬਾਰ ਬਾਰ ਭਟਕ ਭਟਕ ਕੇ। ਆਇਓ-(ਇਸ ਮਨੁੱਖਾ ਜਨਮ ਵਿਚ) ਆਇਆ ਹੈ। ਬਡੈ ਭਾਗਿ-ਵੱਡੇ ਭਾਗਾਂ ਨਾਲ। ਉਧਾਰੁ-ਸੰਸਾਰ ਸਮੁੰਦਰ ਤੋਂ ਪਾਰ ਉਤਾਰਾ।੨।੧੧।

ਰਾਗੁ ਰਾਮਕਲੀ ਮਹਲਾ ੫ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਚਾਰਿ ਪੁਕਾਰਹਿ, ਨਾ ਤੂ ਮਾਨਹਿ ॥ ਖਟੁ ਭੀ ਏਕਾ ਬਾਤ ਵਖਾਨਹਿ ॥ ਦਸ ਅਸਟੀ ਮਿਲਿ, ਏਕੋ ਕਹਿਆ ॥ ਤਾ ਭੀ, ਜੋਗੀ ਭੇਦੁ ਨ ਲਹਿਆ ॥੧॥ ਕਿੰਕੁਰੀ ਅਨੂਪ ਵਾਜੈ ॥ ਜੋਗੀਆ ਮਤਵਾਰੋ ਰੇ ॥੧॥ਰਹਾਉ॥ ਪ੍ਰਥਮੇ ਵਸਿਆ ਸਤ ਕਾ ਖੇੜਾ ॥ ਤ੍ਰਿਤੀਏ ਮਹਿ, ਕਿਛੁ ਭਇਆ ਦੁਤੇੜਾ ॥ ਦੁਤੀਆ, ਅਰਧੋ ਅਰਧਿ ਸਮਾਇਆ ॥ ਏਕੁ ਰਹਿਆ, ਤਾ ਏਕੁ ਦਿਖਾਇਆ ॥੨॥ ਏਕੈ ਸੂਤਿ ਪਰੋਏ ਮਣੀਏ ॥ ਗਾਠੀ ਭਿਨਿ ਭਿਨਿ, ਭਿਨਿ ਭਿਨਿ ਤਣੀਏ ॥ ਫਿਰਤੀ ਮਾਲਾ, ਬਹੁ ਬਿਧਿ ਭਾਇ ॥ ਖਿੰਚਿਆ ਸੂਤੁ ਤ ਆਈ ਥਾਇ ॥੩॥ ਚਹੁ ਮਹਿ, ਏਕੈ ਮਟੁ ਹੈ ਕੀਆ ॥ ਤਹ ਬਿਖੜੇ ਥਾਨ ਅਨਿਕ ਖਿੜਕੀਆ ॥ ਖੋਜਤ ਖੋਜਤ ਦੁਆਰੇ ਆਇਆ ॥ ਤਾ ਨਾਨਕ, ਜੋਗੀ ਮਹਲੁ ਘਰੁ ਪਾਇਆ ॥੪॥ ਇਉ ਕਿੰਕੁਰੀ ਆਨੂਪ ਵਾਜੈ ॥ ਸੁਣਿ ਜੋਗੀ ਕੈ ਮਨਿ ਮੀਠੀ ਲਾਗੈ ॥੧॥ਰਹਾਉ ਦੂਜਾ॥੧॥੧੨॥ (ਹੇ ਜੋਗੀ! ਜਿਸ ਪ੍ਰਭੂ ਨੂੰ) ਚਾਰ ਵੇਦ ਪੁਕਾਰਦੇ ਹਨ, (ਤੂੰ ਉਸ ਪ੍ਰਭੂ ਨੂੰ) ਨਹੀਂ ਮੰਨਦਾ। ਛੇ ਸ਼ਾਸਤ੍ਰ ਵੀ ਇਕੋ ਪ੍ਰਭੂ ਦੀ ਗੱਲ ਆਖਦੇ ਹਨ। ਅਠਾਰਾਂ ਪੁਰਾਣਾਂ ਨੇ ਮਿਲ ਕੇ ਇਕੋ ਪ੍ਰਭੂ ਨੂੰ ਬਿਆਨ ਕੀਤਾ ਹੈ। ਹੇ ਜੋਗੀ! ਤਾਂ ਭੀ ਤੈਂ (ਉਸ ਪ੍ਰਭੂ ਦਾ) ਭੇਤ ਨਹੀਂ ਜਾਨਿਆ।੧। ਹੇ (ਕਿੰਗਰੀ ਵਜਾਉਣ ਵਿਚ) ਮਸਤ ਹੋਏ ਜੋਗੀ! (ਤੇਰੀ) ਕਿੰਗਰੀ ਤਾਂ ਸੋਹਣੀ ਵਜ ਰਹੀ ਹੈ (ਹਰੇਕ ਜੀਵ ਦੇ ਹਿਰਦੇ ਅੰਦਰ ਪ੍ਰਭੂ ਦੀ ਚੇਤਨ ਸੱਤਾ ਰੂਪ ਕਿੰਗਰੀ ਵੱਜ ਰਹੀ ਹੈ, ਜੋਗੀ ਬਾਹਰਲੀ ਕਿੰਗਰੀ ਵਿਚ ਮਦ ਮਸਤ ਹੋਣ ਕਰਕੇ ਅੰਦਰਲੀ ਕਿੰਗਰੀ ਦਾ ਰਸ ਨਹੀਂ ਮਾਣ ਸਕਦਾ)।੧। ਰਹਾਉ। (ਹੇ ਜੋਗੀ) ਪਹਿਲੇ ਸਤਿਜੁਗ ਵਿਚ ਸੱਚ ਦਾ ਨਗਰ ਵਸਿਆ ਸੀ (ਸੱਚ ਪ੍ਰਧਾਨ ਸੀ)। ਤ੍ਰੇਤੇ ਜੁਗ ਵਿਚ ਕੁਛ ਫਰਕ ਪੈ ਗਿਆ; ਦੁਐਤ ਭਾਵ ਹੋ ਗਿਆ (ਧਰਮ ਦਾ ਇਕ ਪੈਰ ਘਟ ਗਿਆ)। ਦੁਆਪਰ ਜੁਗ ਵਿਚ (ਧਰਮ) ਅੱਧੋ ਅੱਧ ਵਰਤਣ ਲੱਗ ਪਿਆ (ਧਰਮ ਦੇ ਚਾਰ ਪੈਰਾਂ ਵਿਚੋਂ ਦੋ ਰਹਿ ਗਏ। ਜਦ) ਕਲਜੁਗ ਵਿਚ (ਧਰਮ ਰੂਪ ਬਲਦ ਦਾ) ਇਕੋ ਪੈਰ ਰਹਿ ਗਿਆ, ਤਦ (ਗੁਰੂ ਨੇ ਸੰਸਾਰ ਸਮੁੰਦਰ ਤੋਂ ਪਾਰ ਹੋਣ ਲਈ) ਇਕ ਪ੍ਰਭੂ ਦੇ ਨਾਮ ਸਿਮਰਨ ਦਾ ਰਸਤਾ ਦਿਖਾਇਆ ਗਿਆ ਹੈ।੨। (ਹੇ ਜੋਗੀ! ਜੀਵ ਰੂਪ) ਮਣਕੇ ਇਕ ਚੇਤਨ ਸੱਤਾ ਰੂਪ ਧਾਗੇ ਵਿਚ ਪ੍ਰੋਏ ਹੋਏ ਹਨ (ਮਾਲਾ ਦੀ ਬਣਤਰ ਵਿਚ ਸੂਤਰ ਇਕ ਹੈ। ਪਰ ਧਾਗੇ ਦੀਆਂ) ਗੰਢਾਂ ਅੱਡ ਅੱਡ ਅਤੇ ਤਣੀਆਂ ਵੀ ਅੱਡ ਅੱਡ ਹਨ (ਜੀਵਾਂ ਦੀਆਂ ਵੱਖ ਵੱਖ ਸ਼ਖਸ਼ੀਅਤਾਂ ਹਨ ਅਤੇ ਵੱਖ ਵੱਖ ਸ਼੍ਰੇਣੀਆਂ ਹਨ। ਜੀਵ ਰੂਪ) ਮਾਲਾ ਬਹੁਤ ਤਰੀਕਿਆਂ ਨਾਲ (ਅਨੇਕਾਂ ਜੋਨੀਆਂ ਵਿਚ) ਫਿਰਦੀ ਹੈ। (ਜਦੋਂ ਹਰੀ ਅਪਣਾ) ਸੱਤਾ ਰੂਪ ਧਾਗਾ ਸਰੀਰ ਰੂਪ ਮਾਲਾ ਵਿਚੋਂ ਧਾਗਾ ਖਿੱਚ ਲੈਂਦਾ ਹੈ, (ਤਾਂ ਮਾਲਾ ਦੀ ਹੋਂਦ ਖਤਮ ਹੋ ਜਾਂਦੀ ਹੈ, ਮਣਕੇ ਕੱਠੇ ਕਰਕੇ ਇਕ ਥੈਲੀ ਵਿਚ ਪਾ ਲਈਦੇ ਹਨ) ਤਾਂ ਸਾਰੀ ਮਾਲਾ ਅਪਣੇ ਅਸਲੀ ਟਿਕਾਣੇ ਵਿਚ ਆ ਜਾਂਦੀ ਹੈ (ਸਾਰੇ ਜੀਵਾਂ ਦੇ ਸਰੀਰ ਇਕ ਹਰੀ ਵਿਚ ਸਮਾ ਜਾਂਦੇ ਹਨ)।੩। (ਹੇ ਜੋਗੀ!) ਪ੍ਰਭੂ ਨੇ ਚੌਂਹਾਂ ਜੁਗਾਂ ਵਿਚ ਇਕ ਸਰੀਰ (ਜਾਂ ਇਕ ਜਗਤ) ਨੂੰ ਅਪਣਾ ਮਠ ਬਣਾਇਆ ਹੈ। ਉਸ ਬਿਖੜੇ ਥਾਂ ਵਿਚ ਕਈ ਖਿੜਕੀਆਂ (ਗੋਲਕਾਂ) ਹਨ। (ਪ੍ਰਭੂ ਨੂੰ) ਖੋਜਦਿਆਂ ਖੋਜਦਿਆਂ (ਜਦ ਕੋਈ ਮਨੁੱਖ ਗੁਰੂ ਦੇ) ਦੁਆਰੇ ਤੇ ਆਇਆ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਤਦ ਉਸ) ਹਰੀ ਨਾਲ ਜੁੜਨ ਵਾਲੇ ਜੋਗੀ ਨੇ ਅਪਣਾ ਅਸਲੀ ਘਰ ਰੱਬੀ ਮਹਿਲ ਪ੍ਰਾਪਤ ਕਰ ਲਿਆ ਹੈ।੪। ਇਸ ਤਰ੍ਹਾਂ (ਗੁਰੂ ਦੇ ਦਰ ਤੇ ਆ ਕੇ ਸਮਝ ਪੈਂਦੀ ਹੈ ਕਿ ਹਰੇਕ ਜੀਵ ਦੇ ਅੰਦਰ ਹਰੀ ਦੀ ਚੇਤਨ ਸੱਤਾ ਰੂਪ) ਸੁੰਦਰ ਕਿੰਗਰੀ ਵਜ ਰਹੀ ਹੈ। (ਜਿਸ ਦੀ ਧੁਨੀ ਨੂੰ) ਸੁਣ ਕੇ ਜੋਗੀ ਦੇ ਮਨ ਵਿਚ ਮਿੱਠੀ ਲਗਦੀ ਹੈ (ਸੁਣ ਕੇ ਅਨੰਦ ਆਉਂਦਾ ਹੈ, ਕਿਉਂਕਿ ਹੁਣ ਜੋਗੀ ਮਤਵਾਲਾ ਨਹੀਂ ਰਿਹਾ)।੧। ਰਹਾਉ ਦੂਜਾ।੧।੧੨।

ਪਦਾਰਥ = ਚਾਰਿ-ਚਾਰ ਵੇਦ। ਪੁਕਾਰਹਿ-ਪੁਕਾਰਦੇ ਹਨ। ਨਾ ਮਾਨਹਿ-ਨਹੀਂ ਮੰਨਦਾ। ਖਟੁ-ਛੇ ਸ਼ਾਸਤਰ। ਏਕਾ ਬਾਤ-ਇਕੋ ਹਰੀ ਦੀ ਗੱਲ। ਵਖਾਨਹਿ-ਆਖਦੇ ਹਨ। ਦਸ ਅਸਟੀ-(ਦਸ+ਅੱਠ) ਅਠਾਰਾਂ ਪੁਰਾਣ। ਮਿਲਿ-ਮਿਲ ਕੇ। ਏਕੋ ਕਹਿਆ-ਇਕੋ ਪ੍ਰਭੂ ਦਾ ਬਿਆਨ ਕੀਤਾ ਹੈ। ਤਾ ਭੀ-ਤਾਂ ਭੀ; ਫਿਰ ਵੀ। ਭੇਦੁ-ਭੇਤ। ਨ ਲਹਿਆ-ਨਹੀਂ ਜਾਣਿਆ।੧। ਕਿੰਕੁਰੀ-ਜੋਗੀਆਂ ਦੀ ਇਕ ਤਾਰਾ ਵੀਣਾ, ਜੋ ਸਰੰਗੀ ਵਰਗੀ ਦਿਸਦੀ ਹੈ। ਅਨੂਪ-ਸੁੰਦਰ; ਬੇ ਮਿਸਾਲ। ਵਾਜੈ-ਵੱਜ ਰਹੀ ਹੈ। ਜੋਗੀਆ ਰੇ-ਹੇ ਜੋਗੀ!। ਮਤਵਾਰੋ-(ਕਿੰਗਰੀ ਵਜਾਉਣ ਦੇ) ਨਸ਼ੇ ਵਿਚ ਮਸਤ।੧। ਰਹਾਉ। ਪ੍ਰਥਮੇ-ਪਹਿਲੇ (ਸਤਜੁਗ) ਵਿਚ। ਸਤ ਕਾ-ਸੱਚ ਦਾ; ਸਤ ਸੰਤੋਖ ਆਦਿ ਗੁਣਾਂ ਦਾ। ਖੇੜਾ-ਨਗਰ। ਤ੍ਰਿਤੀਏ ਮਹਿ-ਤ੍ਰੇਤੇ ਜੁਗ ਵਿਚ। ਭਇਆ ਦੁਤੇੜਾ-ਫਰਕ ਪੈ ਗਿਆ; ਦੁਐਤ ਭਾਵ ਹੋ

ਗਿਆ।ਦੁਤੀਆ–ਦੁਆਪਰ ਜੁਗ ਵਿਚ।ਅਰਧੋ ਅਰਧ–ਅੱਧੋ ਅੱਧ (ਧਰਮ ਰੂਪ ਬਲਦ ਦੇ ਚਾਰ ਵਿਚੋਂ ਦੋ ਪੈਰ ਰਹਿ ਗਏ)। ਸਮਾਇਆ–ਵਰਤਣ ਲਗ ਪਿਆ; (ਦੋ ਪੈਰਾਂ ਤੇ) ਟਿਕ ਗਿਆ।ਏਕੁ ਰਹਿਆ–ਧਰਮ ਦਾ ਇਕ ਪੈਰ ਰਹਿ ਗਿਆ।ਏਕੁ ਦਿਖਾਇਆ –(ਗੁਰੂ ਨੇ) ਇਕ ਨਾਮ ਸਿਮਰਨ ਦਾ ਰਸਤਾ ਦਿਖਾਇਆ।੨।ਏਕੈ ਸੂਤਿ–ਇਕ (ਪ੍ਰਭੂ ਦੀ ਚੇਤਨ ਸੱਤਾ ਰੂਪ) ਧਾਗੇ ਵਿਚ।ਮਣੀਏ –(ਜੀਵ ਰੂਪ) ਮਣਕੇ।ਗਾਠੀ–ਗੰਢਾਂ (ਸ਼ਕਲਾਂ; ਸ਼ਖਸ਼ੀਅਤਾਂ)।ਭਿਨਿ ਭਿਨਿ–ਵੱਖ ਵੱਖ।ਤਣੀਏ–ਤਣੀਆਂ; ਪਸਾਰੇ।ਫਿਰਤੀ– ਫਿਰਦੀ ਹੈ (ਜੀਵ ਰੂਪ ਮਾਲਾ ਜੋਨੀਆਂ ਵਿਚ ਘੁੰਮਦੀ ਰਹਿੰਦੀ ਹੈ)।ਬਹੁ ਬਿਧਿ ਭਾਇ–ਬਹੁਤ ਤਰੀਕਿਆਂ ਨਾਲ।ਆਈ ਥਾਇ– (ਸਾਰੀ ਮਾਲਾ ਅਪਣੇ) ਅਸਲੀ ਟਿਕਾਣੇ ਵਿਚ ਆ ਜਾਂਦੀ ਹੈ (ਸਾਰੇ ਜੀਵ ਪ੍ਰਭੂ ਵਿਚ ਸਮਾ ਜਾਂਦੇ ਹਨ)।੩।ਚਹੁ ਮਹਿ–ਚੌਹਾਂ ਜੁਗਾਂ ਵਿਚ; ਚਾਰ ਖਾਣੀਆਂ (ਅੰਡਜ ਜੇਰਜ ਸੇਤਕ ਤੇ ਉਤਭੁਜ)।ਏਕੈ ਮਟੁ–ਇਕ ਸਰੀਰ ਰੂਪ ਮਠ (ਜਾਂ ਜਗਤ ਰੂਪ ਮਠ– ਜੋਗੀਆਂ ਦੇ ਰਹਿਣ ਵਾਲਾ ਅਸਥਾਨ)।ਕੀਆ–ਬਣਾਇਆ।ਤਹ ਬਿਖੜੇ–ਉਸ ਔਖੇ ਥਾਂ ਵਿਚ (ਔਖਾਂ ਇਸ ਲਈ ਹੈ ਕਿ ਇਸ ਦਾ ਭੇਤ ਲੈਣਾ ਔਖਾ ਹੈ)।ਖਿੜਕੀਆ–ਗੋਲਕਾਂ (ਸੁਰਾਖ)।ਖੋਜਤ–ਖੋਜਦਿਆਂ।ਦੁਆਰੇ–ਗੁਰੂ ਦਾ ਦੁਆਰਾ।ਜੋਗੀ–ਜੋਗੀ (ਹਰੀ ਨਾਲ ਜੁੜੇ ਮਨੁੱਖ) ਨੇ।ਮਹਲੁ ਘਰੁ–ਪ੍ਰਭੂ ਦਾ ਮਹਿਲ, ਜੋ ਮਨੁੱਖ ਦਾ ਅਸਲੀ ਘਰ ਹੈ।੪।ਇਉ–ਇਉਂ (ਇਸ ਤਰ੍ਹਾਂ)।ਸੁਨਿ– ਸੁਣ ਕੇ।ਕੈ ਮਨਿ–ਦੇ ਮਨ ਵਿਚ।ਮੀਠੀ ਲਾਗੈ–ਮਿੱਠੀ ਲਗਦੀ (ਅਨੰਦ ਆਉਂਦਾ) ਹੈ।੧।ਰਹਾਉ ਦੂਜਾ।੧।੧੨।

ਰਾਮਕਲੀ ਮਹਲਾ ੫ ॥ ਤਾਗਾ ਕਰਿ ਕੈ ਲਾਈ ਥਿਗਲੀ ॥ ਲਉ ਨਾੜੀ, ਸੂਆ ਹੈ ਅਸਤੀ ॥ ਅੰਭੈ ਕਾ ਕਰਿ ਡੰਡਾ ਧਰਿਆ ॥ ਕਿਆ ਤੂ ਜੋਗੀ, ਗਰਬਹਿ ਪਰਿਆ ॥੧॥ ਜਪਿ ਨਾਥੁ ਦਿਨੁ ਰੈਨਾਈ ॥ ਤੇਰੀ ਖਿੰਥਾ ਦੋ ਦਿਹਾਈ ॥੧॥ਰਹਾਉ॥ ਗਹਰੀ ਬਿਭੂਤ, ਲਾਇ ਬੈਠਾ ਤਾੜੀ ॥ ਮੇਰੀ ਤੇਰੀ, ਮੁੰਦ੍ਰਾ ਧਾਰੀ ॥ ਮਾਗਹਿ ਟੂਕਾ, ਤ੍ਰਿਪਤਿ ਨ ਪਾਵੈ ॥ ਨਾਥੁ ਛੋਡਿ ਜਾਚਹਿ, ਲਾਜ ਨ ਆਵੈ ॥ ੨॥ ਚਲ ਚਿਤ ਜੋਗੀ ਆਸਣੁ ਤੇਰਾ ॥ ਸਿੰਙੀ ਵਾਜੈ, ਨਿਤ ਉਦਾਸੇਰਾ ॥ ਗੁਰ ਗੋਰਖ ਕੀ, ਤੈ ਬੂਝ ਨ ਪਾਈ ॥ ਫਿਰਿ ਫਿਰਿ ਜੋਗੀ ਆਵੈ ਜਾਈ ॥੩॥ ਜਿਸ ਨੋ ਹੋਆ ਨਾਥੁ ਕ੍ਰਿਪਾਲਾ ॥ ਰਹਰਾਸਿ ਹਮਾਰੀ, ਗੁਰ ਗੋਪਾਲਾ ॥ ਨਾਮੈ ਖਿੰਥਾ, ਨਾਮੈ ਬਸਤਰੁ ॥ ਜਨ ਨਾਨਕ, ਜੋਗੀ ਹੋਆ ਅਸਥਿਰੁ ॥੪॥ ਇਉ ਜਪਿਆ ਨਾਥੁ ,ਦਿਨੁ ਰੈਨਾਈ ॥ ਹੁਣਿ ਪਾਇਆ ਗੁਰੁ ਗੋਸਾਈ ॥੧॥ਰਹਾਉ ਦੂਜਾ॥੨॥੧੩॥ (ਹੇ ਜੋਗੀ! ਪ੍ਰਭੂ ਨੇ ਸਰੀਰ ਦੀਆਂ ਨਾੜਾਂ ਨੂੰ) ਧਾਗਾ ਬਣਾ ਕੇ (ਸਰੀਰ ਦੇ ਅੰਗਾਂ ਨੂੰ) ਟਾਕੀ ਲਾਈ ਹੈ (ਸਰੀਰ ਦਾ ਢਾਂਚਾ ਜੋੜਿਆ ਹੈ)।ਹੱਡੀਆਂ ਦੇ ਸੂਏ ਨਾਲ (ਸਰੀਰ ਨੂੰ) ਨਾੜੀਆਂ ਦੇ ਤੋਪੇ ਲਾਏ ਹਨ।ਪਾਣੀ (ਰਕਤ ਬਿੰਦ) ਦਾ ਸਰੀਰ ਰੂਪ ਡੰਡਾ ਬਣਾ ਕੇ ਰੱਖ ਦਿਤਾ ਹੈ।ਹੇ ਜੋਗੀ! ਤੂੰ (ਇਸ ਸਰੀਰ ਦੇ) ਹੰਕਾਰ ਵਿਚ ਕਿਉਂ ਪਿਆ ਹੋਇਆ ਹੈਂ?।੧। (ਹੇ ਜੋਗੀ!) ਤੇਰਾ ਸਰੀਰ ਰੂਪ ਖਪਣੀ ਦੋ ਦਿਨਾਂ ਦੀ ਖੇਡ (ਛੇਤੀ ਨਾਸ਼ ਹੋਣ ਜਾਣ ਵਾਲੀ) ਹੈ।ਤੂੰ ਦਿਨ ਰਾਤ ਜਗਤ ਦੇ ਮਾਲਕ ਪ੍ਰਭੂ ਦਾ ਨਾਮ ਜਪਿਆ ਕਰ।੧।ਰਹਾਉ।(ਹੇ ਜੋਗੀ!) ਤੂੰ ਸਰੀਰ ਉਤੇ ਸੰਘਣੀ ਸੁਆਹ ਮਲ ਕੇ ਸਮਾਧੀ ਲਾਈ ਬੈਠਾ ਹੈਂ।(ਤੈ ਅਪਣੇ ਕੰਨਾਂ ਵਿਚ) ਮੁੰਦ੍ਰਾਂ ਪਹਿਨ ਰੱਖੀਆਂ ਹਨ, (ਪਰ ਤੇਰੇ ਦਿਲ ਵਿਚ) ਮੇਰ ਤੇਰ ਹੈ।(ਘਰ ਘਰ ਜਾ ਕੇ) ਟੁਕੜੇ ਮੰਗਦਾ ਹੈਂ, (ਪਰ) ਤ੍ਰਿਪਤੀ ਨਹੀਂ ਪ੍ਰਾਪਤ ਕਰਦਾ (ਤੇਰੇ ਮਨ ਵਿਚ ਸ਼ਾਂਤੀ ਨਹੀਂ)।ਮਾਲਕ ਪ੍ਰਭੂ ਨੂੰ ਛਡ ਕੇ (ਲੋਕਾਂ ਪਾਸੋਂ) ਤੂੰ ਮੰਗਦਾ ਹੈਂ, ਤੈਨੂੰ ਸ਼ਰਮ ਨਹੀਂ ਆਉਂਦੀ।੨।ਹੇ ਜੋਗੀ! ਤੇਰਾ ਚਿੱਤ ਚੰਚਲ (ਮਨ ਡੋਲਦਾ ਰਹਿੰਦਾ) ਹੈ, ਤੂੰ ਆਸਣ ਲਾ ਕੇ ਬੈਠਦਾ ਹੈਂ (ਮਨ ਤੇਰਾ ਟਿਕਦਾ ਨਹੀਂ)।ਤੂੰ ਸਿੰਙੀ ਵਜਾ ਰਿਹਾ ਹੈਂ, (ਪਰ ਤੇਰਾ ਮਨ) ਨਿਤ ਉਦਾਸ ਰਹਿੰਦਾ ਹੈ (ਖੁਸ਼ ਨਹੀਂ ਰਹਿੰਦਾ)।ਤੈਂ ਪੂਜਨੀਕ ਪ੍ਰਭੂ ਦੀ ਸੋਝੀ ਪ੍ਰਾਪਤ ਨਹੀਂ ਕੀਤੀ।(ਇਸ ਲਈ ਤੂੰ) ਮੁੜ ਮੁੜ ਆਉਂਦਾ ਜਾਂਦਾ (ਜੰਮਦਾ ਮਰਦਾ) ਰਹੇਂਗਾ।੩।(ਹੇ ਜੋਗੀ!) ਜਿਸ ਮਨੁੱਖ ਉਤੇ ਜਗਤ ਦਾ ਮਾਲਕ ਪ੍ਰਭੂ ਮੇਹਰਵਾਨ ਹੋਇਆ ਹੈ।(ਉਹ ਆਖਦਾ ਹੈ ਕਿ) ਹੇ ਗੁਰੂ ਗੋਪਾਲ! ਤੇਰੇ ਅੱਗੇ ਸਾਡੀ ਬੇਨਤੀ ਹੈ (ਹੋਰ ਕਿਸੇ ਅੱਗੇ ਨਹੀਂ)।ਤੇਰਾ ਨਾਮ ਹੀ ਮੇਰੀ ਗੋਦੜੀ ਹੈ ਅਤੇ ਤੇਰਾ ਨਾਮ ਹੀ ਮੇਰਾ (ਭਗਵੇਂ ਰੰਗ ਦਾ) ਬਸਤ੍ਰ ਹੈ।ਦਾਸ ਨਾਨਕ ਆਖਦਾ ਹੈ ਕਿ (ਇਹੋ ਜਿਹੇ) ਜੋਗੀ ਦਾ ਮਨ ਅਚੱਲ ਹੋਇਆ ਹੈ।੪।ਜਿਸ ਜੋਗੀ ਨੇ ਇਸ ਤਰ੍ਹਾਂ ਦਿਨ ਰਾਤ ਪ੍ਰਭੂ ਨੂੰ ਜਪਿਆ ਹੈ।ਹੁਣ (ਇਸੇ ਜਨਮ ਵਿਚ ਉਸ ਨੇ) ਗੁਰੂ ਪ੍ਰਮੇਸਰ ਨੂੰ ਪ੍ਰਾਪਤ ਕਰ ਲਿਆ ਹੈ।੧।ਰਹਾਉ ਦੂਜਾ।੨।੧੩।

ਪਦਾਰਥ = ਤਾਗਾ–ਧਾਗਾ (ਨਾੜੀਆਂ)।ਕਰਿ ਕੈ–ਬਣਾ ਕੇ।ਥਿਗਲੀ–ਟਾਕੀ (ਸਰੀਰ ਦੇ ਵੱਖ ਵੱਖ ਅੰਗ)।ਲਉ–ਟੰਕੇ; ਤੋਪੇ। ਸੂਆ–ਸਿਉਣ ਵਾਲੀ ਵੱਡੀ ਸੂਈ।ਅਸਤੀ–ਹੱਡੀਆਂ।ਅੰਭੈ ਕਾ–ਪਾਣੀ (ਰਕਤ ਬਿੰਦ) ਦਾ।ਡੰਡਾ–ਸਰੀਰ।ਕਰਿ ਧਰਿਆ–ਬਣਾ ਕੇ ਰੱਖ ਦਿਤਾ।ਗਰਬਹਿ–ਹੰਕਾਰ ਵਿਚ।ਪਰਿਆ–ਪਿਆ ਹੈਂ।੧।ਜਪਿ–ਜਪਿਆ ਕਰ।ਨਾਥੁ–ਜਗਤ ਦਾ ਮਾਲਕ ਪ੍ਰਭੂ।ਰੈਨਾਈ –ਰਾਤ।ਖਿੰਥਾ–ਖਪਣੀ (ਗੋਦੜੀ)।ਦੋ ਦਿਹਾਈ–ਦੋ ਦਿਨ ਰਹਿਣ ਵਾਲੀ।੧।ਰਹਾਉ।ਗਹਰੀ–ਸੰਘਣੀ; ਗਾੜ੍ਹੀ।ਬਿਭੂਤ–ਸੁਆਹ।

ਤਾੜੀ–ਸਮਾਧੀ। ਮੇਰੀ ਤੇਰੀ–ਮੇਰ ਤੇਰ (ਦ੍ਵੈਤ)। ਧਾਰੀ–ਪਹਿਨ ਰਖੀਆਂ ਹਨ। ਮਾਗਹਿ–ਤੂੰ ਮੰਗਦਾ ਫਿਰਦਾ ਹੈਂ। ਟੂਕਾ–ਰੋਟੀਆਂ। ਤ੍ਰਿਪਤਿ–ਰੱਜ। ਛੋਡਿ–ਛਡ ਕੇ। ਜਾਚਹਿ–ਤੂੰ ਮੰਗਦਾ ਹੈਂ। ਲਾਜ–ਸ਼ਰਮ। ੨। ਚਲ–ਚੰਚਲ। ਜੋਗੀ–ਹੇ ਜੋਗੀ !। ਵਾਜੈ–ਵਜ ਰਹੀ ਹੈ। ਨਿਤ–ਹਰ ਰੋਜ। ਉਦਾਸੇਰਾ–ਉਦਾਸ। ਗੁਰ ਗੋਰਖ–ਧਰਤੀ ਦੀ ਰੱਖਿਆ ਕਰਨ ਵਾਲਾ ਪੂਜਨੀਕ ਪ੍ਰਭੂ। ਤੈ–ਤੈਂ। ਬੂਝ–ਸੋਝੀ। ਫਿਰਿ ਫਿਰਿ–ਮੁੜ ਮੁੜ। ਆਵੈ ਜਾਈ–ਆਉਂਦਾ ਜਾਂਦਾ (ਜੰਮਦਾ ਮਰਦਾ)। ੩। ਜਿਸ ਨੋ–ਜਿਸ ਉਤੇ। ਹੋਆ–ਹੋਇਆ ਹੈ। ਕ੍ਰਿਪਾਲਾ–ਮੇਹਰਵਾਨ। ਰਹਰਾਸਿ–ਬੇਨਤੀ। ਗੁਰ ਗੋਪਾਲਾ–ਹੇ ਧਰਤੀ ਦੀ ਪਾਲਣਾ ਕਰਨ ਵਾਲੇ ਪੂਜਨੀਕ ਪ੍ਰਭੂ !। ਨਾਮੈ–ਨਾਮ ਹੀ। ਜਨ ਨਾਨਕ –ਦਾਸ ਨਾਨਕ। ਅਸਥਿਰੁ–ਅਚੱਲ; ਅਡੋਲ। ੪। ਇਉ–ਇਸ ਤਰ੍ਹਾਂ। ਹੁਣਿ–ਇਸੇ ਜਨਮ ਵਿਚ। ੧। ਰਹਾਉ ਦੂਜਾ। ੨। ੧੩।

ਰਾਮਕਲੀ ਮਹਲਾ ੫ ॥ ਕਰਨ ਕਰਾਵਨ ਸੋਈ ॥ ਆਨ ਨ ਦੀਸੈ ਕੋਈ ॥ ਠਾਕੁਰੁ ਮੇਰਾ ਸੁਘੜੁ ਸੁਜਾਨਾ ॥ ਗੁਰਮੁਖਿ ਮਿਲਿਆ ਰੰਗੁ ਮਾਨਾ ॥੧॥ ਐਸੋ ਰੇ, ਹਰਿ ਰਸੁ ਮੀਠਾ ॥ ਗੁਰਮੁਖਿ ਕਿਨੈ ਵਿਰਲੈ ਡੀਠਾ ॥੧॥ਰਹਾਉ॥ (ਹੇ ਭਾਈ !) ਉਹ ਪ੍ਰਭੂ ਸਾਰੇ ਕੰਮ ਕਰਨ ਵਾਲਾ ਅਤੇ (ਜੀਵਾਂ ਪਾਸੋਂ ਸਾਰੇ ਕੰਮ) ਕਰਾਉਣ ਵਾਲਾ ਹੈ। (ਉਸ ਤੋਂ ਬਿਨਾ ਸਮਰੱਥ) ਹੋਰ ਕੋਈ ਦੂਜਾ ਦਿਸਦਾ ਨਹੀਂ ਹੈ। ਮੇਰਾ ਮਾਲਕ ਪ੍ਰਭੂ ਸਿਆਣਾ ਅਤੇ (ਸਭ ਦੇ ਦਿਲਾਂ ਦੀਆਂ) ਜਾਨਣ ਵਾਲਾ ਹੈ। (ਜਿਸ ਮਨੁੱਖ ਨੂੰ ਉਹ) ਗੁਰੂ ਦੁਆਰਾ ਮਿਲਿਆ ਹੈ, (ਉਸ ਨੇ) ਆਤਮਕ ਅਨੰਦ ਮਾਣਿਆ ਹੈ। ੧। ਹੇ ਭਾਈ ! ਹਰੀ ਦਾ ਨਾਮ ਰਸ ਇਹੋ ਜਿਹਾ ਮਿੱਠਾ ਹੈ। (ਪਰ) ਕਿਸੇ ਵਿਰਲੇ ਮਨੁੱਖ ਨੇ ਗੁਰੂ ਦੀ ਸਰਨ ਵਿਚ ਪੈ ਕੇ (ਇਹ ਰਸ ਚਖ ਕੇ) ਦੇਖਿਆ ਹੈ। ੧। ਰਹਾਉ।

ਅੰਗ ੮੯੨ = ਨਿਰਮਲ ਜੋਤਿ ਅੰਮ੍ਰਿਤੁ ਹਰਿ ਨਾਮ ॥ ਪੀਵਤ ਅਮਰ ਭਏ ਨਿਹਕਾਮ ॥ ਤਨੁ ਮਨੁ ਸੀਤਲੁ ,ਅਗਨਿ ਨਿਵਾਰੀ ॥ ਅਨਦ ਰੂਪ ਪ੍ਰਗਟੇ ਸੰਸਾਰੀ ॥੨॥ ਕਿਆ ਦੇਵਉ ,ਜਾ ਸਭੁ ਕਿਛੁ ਤੇਰਾ ॥ ਸਦ ਬਲਿਹਾਰਿ ਜਾਉ ਲਖ ਬੇਰਾ ॥ ਤਨੁ ਮਨੁ ਜੀਉ ਪਿੰਡੁ ਦੇ ਸਾਜਿਆ ॥ ਗੁਰ ਕਿਰਪਾ ਤੇ, ਨੀਚੁ ਨਿਵਾਜਿਆ ॥੩॥ ਖੋਲਿ ਕਿਵਾਰਾ ਮਹਲਿ ਬੁਲਾਇਆ ॥ ਜੈਸਾ ਸਾ ਤੈਸਾ ਦਿਖਲਾਇਆ ॥ ਕਹੁ ਨਾਨਕ ਸਭੁ ਪੜਦਾ ਤੂਟਾ ॥ ਹਉ ਤੇਰਾ, ਤੂ ਮੈ ਮਨਿ ਵੂਠਾ ॥੪॥੩॥੧੪॥ (ਹੇ ਭਾਈ !) ਹਰੀ ਦੀ ਜੋਤ ਨਿਰਮਲ ਹੈ ਅਤੇ (ਉਸ ਦਾ) ਨਾਮ ਅੰਮ੍ਰਿਤ ਰੂਪ ਹੈ। (ਪੀਣ ਵਾਲੇ ਮਨੁੱਖ ਇਹ ਅੰਮ੍ਰਿਤ) ਪੀਂਦਿਆਂ ਇੱਛਾ ਰਹਿਤ ਹੋ ਕੇ ਅਮਰ ਹੋ ਗਏ ਹਨ। (ਅੰਮ੍ਰਿਤ ਨਾਮ ਨੇ ਉਨ੍ਹਾਂ ਦੀ) ਤ੍ਰਿਸ਼ਨਾ ਦੀ ਅੱਗ ਦੂਰ ਕਰ ਦਿਤੀ ਹੈ ਅਤੇ (ਉਨ੍ਹਾਂ ਦਾ) ਤਨ ਮਨ ਸੀਤਲ ਹੋ ਗਿਆ ਹੈ। ਸੰਸਾਰ ਵਿਚ ਰਹਿੰਦਿਆਂ (ਉਨ੍ਹਾਂ ਦੇ ਹਿਰਦੇ ਵਿਚ) ਅਨੰਦ ਸਰੂਪ ਪ੍ਰਭੂ ਪ੍ਰਗਟ ਹੋ ਗਿਆ ਹੈ। ੨। (ਹੇ ਪ੍ਰਭੂ !) ਜਦ ਸਭ ਕੁਛ ਮੈਨੂੰ ਤੇਰਾ ਹੀ ਦਿਤਾ ਹੋਇਆ ਹੈ, ਤਾਂ ਮੈਂ ਤੈਨੂੰ ਕੀ ਭੇਟਾ ਦੇਵਾਂ? (ਕਿਉਂਕਿ ਮੇਰਾ ਅਪਣਾ ਤਾਂ ਕੁਛ ਹੈ ਹੀ ਨਹੀਂ)। ਮੈਂ ਸਦਾ ਤੇਰੇ ਤੋਂ ਲੱਖਾਂ ਵਾਰੀ ਬਲਿਹਾਰ ਜਾਂਦਾ ਹਾਂ। (ਤੈਂ ਸੂਖਮ) ਸਰੀਰ, ਮਨ, ਜਿੰਦ ਜਾਨ ਤੇ ਸਥੂਲ ਸਰੀਰ ਦੇ ਕੇ ਮੈਨੂੰ ਬਣਾਇਆ ਹੈ। ਗੁਰੂ ਦੀ ਕਿਰਪਾ ਨਾਲ (ਤੈਂ ਹੀ ਮੈਨੂੰ) ਨੀਚ ਨੂੰ ਮਾਣ ਬਖਸ਼ਿਆ ਹੈ। ੩। (ਹੇ ਪ੍ਰਭੂ ! ਤੈਂ ਮੇਰੇ) ਭਰਮ ਦੇ ਤਖਤੇ ਖੋਲ੍ਹ ਕੇ ਮੈਨੂੰ ਅਪਣੇ ਮਹਿਲ ਵਿਚ ਬੁਲਾ ਲਿਆ ਹੈ। ਜਿਹੋ ਜਿਹਾ ਤੇਰਾ ਸਰੂਪ ਸੀ, ਉਹੋ ਜਿਹਾ ਤੈਂ ਮੈਨੂੰ ਦਿਖਾ ਦਿਤਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਅਗਿਆਨ ਦਾ ਸਾਰਾ ਪੜਦਾ ਟੁੱਟ ਗਿਆ ਹੈ। ਮੈਂ ਤੇਰਾ ਦਾਸ ਹਾਂ ਅਤੇ ਤੂੰ ਮੇਰੇ ਮਨ ਵਿਚ ਆ ਵਸਿਆ ਹੈਂ। ੪। ੩। ੧੪।

ਪਦਾਰਥ = ਕਰਨ–ਕਰਨ ਵਾਲਾ। ਕਰਾਵਨ–ਕਰਾਉਣ ਵਾਲਾ। ਸੋਈ–ਉਹ (ਪ੍ਰਭੂ)। ਆਨ–ਹੋਰ ਦੂਜਾ। ਨ ਦੀਸੈ–ਨਹੀਂ ਦਿਸਦਾ। ਠਾਕੁਰੁ–ਮਾਲਕ ਪ੍ਰਭੂ। ਸੁਘੜੁ–ਸਿਆਣਾ; ਚੰਗੀ ਘਾੜਤ ਘੜਨ ਵਾਲਾ। ਸੁਜਾਨਾ–ਜਾਨਣ ਵਾਲਾ। ਗੁਰਮੁਖਿ–ਗੁਰੂ ਰਾਹੀਂ। ਰੰਗੁ–ਅਨੰਦ। ਮਾਨਾ–ਮਾਣਿਆ। ੧। ਐਸੋ–ਇਹੋ ਜਿਹਾ। ਰੇ–ਹੇ ਭਾਈ !। ਕਿਨੈ ਵਿਰਲੈ–ਕਿਸੇ ਵਿਰਲੇ ਮਨੁੱਖ ਨੇ। ਡੀਠਾ–ਦੇਖਿਆ ਹੈ। ੧। ਰਹਾਉ। ਨਿਰਮਲ–ਮੈਲ ਰਹਿਤ; ਪਵਿਤ੍ਰ। ਜੋਤਿ–ਪ੍ਰਕਾਸ਼। ਪੀਵਤ–ਪੀਂਦਿਆਂ। ਅਮਰ–(ਅ+ਮਰ) ਮੌਤ ਰਹਿਤ। ਭਏ–ਹੋ ਗਏ। ਨਿਹਕਾਮ–ਇੱਛਾ ਰਹਿਤ। ਅਗਨਿ–ਤ੍ਰਿਸ਼ਨਾ ਦੀ ਅੱਗ। ਨਿਵਾਰੀ–ਦੂਰ ਕਰ ਦਿਤੀ। ਸੰਸਾਰੀ–ਸੰਸਾਰ ਵਿਚ। ੨। ਦੇਵਉ–ਮੈਂ ਭੇਟਾ ਦੇਵਾਂ। ਜਾ–ਜਦ। ਸਦ–ਸਦਾ। ਬਲਿਹਾਰਿ ਜਾਉ–ਕੁਰਬਾਨ ਜਾਂਦਾ ਹਾਂ। ਲਖ ਬੇਰਾ–ਲੱਖਾਂ ਵਾਰੀ। ਤਨੁ–ਸੂਖਮ ਸਰੀਰ। ਜੀਉ–ਜਿੰਦ। ਪਿੰਡੁ–ਸਥੂਲ ਸਰੀਰ। ਦੇ–ਦੇ ਕੇ। ਸਾਜਿਆ–ਪੈਦਾ ਕੀਤਾ। ਤੇ–ਤੋਂ; ਨਾਲ। ਨਿਵਾਜਿਆ–ਵਡਿਆਈ ਦਿਤੀ; ਮਾਣ ਦਿਤਾ। ੩। ਖੋਲਿ–ਖੋਲ੍ਹ ਕੇ। ਕਿਵਾਰਾ–(ਭਰਮ ਦੇ; ਆਸਾ ਤ੍ਰਿਸ਼ਨਾ ਦੇ) ਤਖਤੇ। ਮਹਲਿ–ਮਹਿਲ ਵਿਚ। ਸਾ–ਸੀ। ਪੜਦਾ–(ਅਗਿਆਨ ਦਾ) ਪੜਦਾ। ਤੂਟਾ–ਟੁੱਟ ਗਿਆ। ਹਉ–ਮੈਂ। ਮੈ ਮਨਿ–ਮੇਰੇ ਮਨ ਵਿਚ। ਵੂਠਾ–ਆ ਵਸਿਆ ਹੈਂ। ੪। ੩। ੧੪।

ਰਾਮਕਲੀ ਮਹਲਾ ੫ ॥ ਸੇਵਕੁ ਲਾਇਓ ਅਪੁਨੀ ਸੇਵ ॥ ਅੰਮ੍ਰਿਤੁ ਨਾਮੁ ਦੀਓ ਮੁਖਿ ਦੇਵ ॥ ਸਗਲੀ ਚਿੰਤਾ ਆਪਿ ਨਿਵਾਰੀ ॥ ਤਿਸੁ ਗੁਰ ਕਉ ,ਹਉ ਸਦ ਬਲਿਹਾਰੀ ॥੧॥ ਕਾਜ ਹਮਾਰੇ ਪੂਰੇ ਸਤਗੁਰ ॥ ਬਾਜੇ ਅਨਹਦ ਤੂਰੇ ਸਤਗੁਰ ॥੧॥ਰਹਾਉ॥ ਮਹਿਮਾ

ਜਾ ਕੀ ਗਹਿਰ ਗੰਭੀਰ ॥ ਹੋਇ ਨਿਹਾਲੁ ਦੇਇ ਜਿਸੁ ਧੀਰ ॥ ਜਾ ਕੇ ਬੰਧਨ ਕਾਟੇ ਰਾਇ ॥ ਸੋ ਨਰੁ ਬਹੁਰਿ ਨ ਜੋਨੀ ਪਾਇ ॥੨॥ ਜਾ ਕੈ ਅੰਤਰਿ ਪ੍ਰਗਟਿਓ ਆਪ ॥ ਤਾ ਕਉ ਨਾਹੀ ਦੂਖ ਸੰਤਾਪ ॥ ਲਾਲੁ ਰਤਨੁ ਤਿਸੁ ਪਾਲੈ ਪਰਿਆ ॥ ਸਗਲ ਕੁਟੰਬ ਓਹੁ ਜਨੁ ਲੈ ਤਰਿਆ ॥੩॥ ਨਾ ਕਿਛੁ ਭਰਮੁ ਨ ਦੁਬਿਧਾ ਦੂਜਾ ॥ ਏਕੋ ਏਕੁ ਨਿਰੰਜਨ ਪੂਜਾ ॥ ਜਤ ਕਤ ਦੇਖਉ ,ਆਪਿ ਦਇਆਲ ॥ ਕਹੁ ਨਾਨਕ ਪ੍ਰਭ ਮਿਲੇ ਰਸਾਲ ॥੪॥੪॥੧੫॥ (ਹੇ ਭਾਈ! ਗੁਰੂ ਨੇ ਮੈਨੂੰ ਅਪਣੇ) ਸੇਵਕ ਨੂੰ ਅਪਣੀ ਸੇਵਾ ਵਿਚ ਲਾਇਆ ਹੈ। (ਗੁਰੂ ਨੇ) ਪ੍ਰਕਾਸ਼ ਸਰੂਪ ਪ੍ਰਭੂ ਦਾ ਅੰਮ੍ਰਿਤ ਨਾਮ ਮੇਰੇ ਮੂੰਹ ਵਿਚ ਪਾ ਦਿਤਾ ਹੈ। ਅਤੇ (ਮੇਰੀ) ਸਾਰੀ ਚਿੰਤਾ ਆਪ ਹੀ ਦੂਰ ਕਰ ਦਿਤੀ ਹੈ। (ਇਸ ਲਈ) ਮੈਂ ਉਸ ਗੁਰੂ ਤੋਂ ਸਦਾ ਬਲਹਾਰ ਜਾਂਦਾ ਹਾਂ।੧। (ਹੇ ਭਾਈ!) ਸਤਗੁਰੂ ਨੇ ਮੇਰੇ ਸਾਰੇ ਕੰਮ ਪੂਰੇ ਕਰ ਦਿਤੇ ਹਨ। ਸਤਗੁਰੂ ਦੀ ਕ੍ਰਿਪਾ ਨਾਲ (ਮੇਰੇ ਹਿਰਦੇ ਅੰਦਰ ਖੁਸ਼ੀ ਦੇ) ਇਕ ਰਸ ਵਾਜੇ ਵੱਜਣ ਲਗ ਪਏ ਹਨ (ਪੂਰਨ ਆਤਮਕ ਅਨੰਦ ਪ੍ਰਾਪਤ ਹੋਇਆ ਹੈ)।੧। ਰਹਾਉ। (ਹੇ ਭਾਈ!) ਜਿਸ ਗੁਰੂ ਦੀ ਮਹਿਮਾ ਬਹੁਤ ਗੰਭੀਰ ਹੈ। ਜਿਸ ਮਨੁੱਖ ਨੂੰ (ਗੁਰੂ) ਧੀਰਜ ਦੇਂਦਾ ਹੈ, ਉਹ ਨਿਹਾਲ ਹੋ ਜਾਂਦਾ ਹੈ। ਪ੍ਰਭੂ ਪਾਤਸ਼ਾਹ ਨੇ ਜਿਸ ਮਨੁੱਖ ਦੇ ਬੰਧਨ ਕੱਟ ਦਿਤੇ ਹਨ। ਉਹ ਮਨੁੱਖ ਮੁੜ ਕੇ ਜੋਨੀਆਂ ਵਿਚ ਨਹੀਂ ਪੈਂਦਾ।੨। (ਹੇ ਭਾਈ!) ਜਿਸ ਮਨੁੱਖ ਦੇ ਹਿਰਦੇ ਅੰਦਰ ਪ੍ਰਭੂ ਆਪ ਪ੍ਰਗਟਿਆ ਹੈ। ਉਸ ਨੂੰ ਦੁਖ ਤੇ ਕਲੇਸ਼ ਨਹੀ ਲਗਦਾ। ਨਾਮ ਰੂਪ ਅਮੋਲਕ ਲਾਲ (ਉਸ ਦੇ ਹਿਰਦੇ ਰੂਪ) ਪੱਲੇ ਵਿਚ ਪੈ ਗਿਆ। ਉਹ ਮਨੁੱਖ (ਅਪਣੇ) ਸਾਰੇ ਪ੍ਰਵਾਰ ਨੂੰ ਨਾਲ ਲੈ ਕੇ (ਸੰਸਾਰ ਸਮੁੰਦਰ ਤੋਂ) ਤਰ ਗਿਆ ਹੈ।੩। (ਹੇ ਭਾਈ! ਜਿਹੜਾ ਮਨੁੱਖ) ਮਾਇਆ ਤੋਂ ਰਹਿਤ ਇਕੋ ਇਕ ਪ੍ਰਭੂ ਦੀ ਪੂਜਾ ਕਰਦਾ ਹੈ। (ਉਸ ਦੇ ਅੰਦਰ) ਨਾ ਭਰਮ ਹੈ, ਨਾ ਦੁਬਿਧਾ ਹੈ ਅਤੇ ਨਾ ਹੀ ਦੂਜਾ ਭਾਵ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਰਸਾਂ ਦਾ ਘਰ ਪ੍ਰਭੂ (ਮੈਨੂੰ) ਮਿਲ ਪਿਆ ਹੈ। ਜਿੱਥੇ ਕਿੱਥੇ ਮੈਂ ਦੇਖਦਾ ਹਾਂ, ਉਥੇ ਦਇਆ ਦਾ ਘਰ ਆਪ ਪ੍ਰਭੂ ਦਿਸਦਾ ਹੈ।੪।੪।੧੫।

ਪਦਾਰਥ = ਸੇਵ–ਸੇਵਾ ਵਿਚ। ਦੀਓ–ਦਿਤਾ ਹੈ। ਮੁਖਿ–ਮੂੰਹ ਵਿਚ। ਦੇਵ–ਪ੍ਰਕਾਸ਼ ਸਰੂਪ ਪ੍ਰਭੂ ਦਾ। ਸਗਲੀ–ਸਾਰੀ। ਨਿਵਾਰੀ–ਦੂਰ ਕਰ ਦਿਤੀ। ਗੁਰ ਕਉ–ਗੁਰੂ ਤੋਂ। ਸਦ–ਸਦਾ। ਬਲਿਹਾਰੀ–ਕੁਰਬਾਨ ਹਾਂ।੧। ਕਾਜ–ਕੰਮ। ਹਮਾਰੇ–ਮੇਰੇ। ਪੂਰੇ–ਪੂਰੇ ਕਰ ਦਿਤੇ। ਬਾਜੇ–ਵੱਜਦੇ ਹਨ। ਅਨਹਦ–ਇਕ ਰਸ; ਲਗਾਤਾਰ। ਤੂਰੇ–ਵਾਜੇ।੧। ਰਹਾਉ। ਜਾ ਕੀ–ਜਿਸ ਦੀ। ਗਹਿਰ ਗੰਭੀਰ–ਬਹੁਤ ਡੂੰਘੀ। ਨਿਹਾਲੁ–ਪ੍ਰਸੰਨ। ਦੇਇ–ਦੇਂਦਾ ਹੈ। ਧੀਰ–ਧੀਰਜ। ਜਾ ਕੇ–ਜਿਸ ਦੇ। ਰਾਇ–ਪ੍ਰਭੂ ਪਾਤਸ਼ਾਹ ਨੇ। ਸੋ ਨਰੁ–ਉਹ ਮਨੁੱਖ। ਬਹੁਰਿ–ਮੁੜ ਕੇ। ਜੋਨੀ–ਜੋਨੀਆਂ ਵਿਚ। ਨ ਪਾਇ–ਨਹੀਂ ਪੈਂਦਾ।੨। ਜਾ ਕੈ–ਜਿਸ ਦੇ। ਅੰਤਰਿ–ਹਿਰਦੇ ਅੰਦਰ। ਤਾ ਕਉ–ਉਸ ਨੂੰ। ਸੰਤਾਪ –ਕਲੇਸ਼। ਤਿਸੁ ਪਾਲੈ–ਉਸ ਦੇ ਪੱਲੇ ਵਿਚ। ਪਰਿਆ–ਪੈ ਗਿਆ। ਸਗਲ–ਸਾਰੇ। ਕੁਟੰਬ–ਪ੍ਰਵਾਰ। ਓਹੁ ਜਨੁ–ਉਹ ਮਨੁੱਖ। ਲੈ–ਲੈ ਕੇ। ਤਰਿਆ–(ਭਵਜਲ ਤੋਂ) ਤਰ ਗਿਆ।੩। ਦੁਬਿਧਾ–ਦੁਚਿੱਤਾ ਪਣ। ਦੂਜਾ–ਦ੍ਵੈਤ ਭਾਵ। ਨਿਰੰਜਨ–ਮਾਇਆ ਤੋਂ ਰਹਿਤ। ਜਤ ਕਤ–ਜਿਥੇ ਕਿਥੇ (ਹਰ ਥਾਂ)। ਦੇਖਉ–ਦੇਖਦਾ ਹਾਂ। ਰਸਾਲ–ਰਸਾਂ ਦਾ ਘਰ।੪।੪।੧੫।

ਰਾਮਕਲੀ ਮਹਲਾ ੫ ॥ ਤਨ ਤੇ ਛੁਟਕੀ, ਅਪਨੀ ਧਾਰੀ ॥ ਪ੍ਰਭ ਕੀ ਆਗਿਆ ਲਗੀ ਪਿਆਰੀ ॥ ਜੋ ਕਿਛੁ ਕਰੈ, ਸੁ ਮਨਿ ਮੇਰੈ ਮੀਠਾ ॥ ਤਾ ਇਹੁ ਅਚਰਜੁ ,ਨੈਨਹੁ ਡੀਠਾ ॥੧॥ ਅਬ ਮੋਹਿ ਜਾਨੀ ਰੇ, ਮੇਰੀ ਗਈ ਬਲਾਇ ॥ ਬੁਝਿ ਗਈ ਤ੍ਰਿਸਨ ਨਿਵਾਰੀ ਮਮਤਾ, ਗੁਰਿ ਪੂਰੈ ਲੀਓ ਸਮਝਾਇ ॥੧॥ਰਹਾਉ॥ ਕਰਿ ਕਿਰਪਾ ਰਾਖਿਓ ਗੁਰਿ ਸਰਨਾ ॥ ਗੁਰਿ ਪਕਰਾਏ ਹਰਿ ਕੇ ਚਰਨਾ ॥ ਬੀਸੁ ਬਿਸੁਏ, ਜਾ ਮਨੁ ਠਹਰਾਨੇ ॥ ਗੁਰ ਪਾਰਬ੍ਰਹਮ ਏਕੈ ਹੀ ਜਾਨੇ ॥੨॥ ਜੋ ਜੋ ਕੀਨੋ, ਹਮ ਤਿਸ ਕੇ ਦਾਸ ॥ ਪ੍ਰਭ ਮੇਰੇ ਕੋ ਸਗਲ ਨਿਵਾਸ ॥ ਨਾ ਕੋ ਦੂਤੁ ਨਹੀ ਬੈਰਾਈ ॥ ਗਲਿ ਮਿਲਿ ਚਾਲੇ ਏਕੈ ਭਾਈ ॥੩॥ ਜਾ ਕਉ ਗੁਰਿ ਹਰਿ ਦੀਏ ਸੂਖਾ ॥ ਤਾ ਕਉ ਬਹੁਰਿ ਨ ਲਾਗਹਿ ਦੂਖਾ ॥ ਆਪੇ ਆਪਿ ਸਰਬ ਪ੍ਰਤਿਪਾਲ ॥ ਨਾਨਕ ਰਾਤਉ ਰੰਗਿ ਗੋਪਾਲ ॥੪॥੫॥੧੬॥ (ਹੇ ਭਾਈ! ਮੈਂ ਜਿਹੜੀ) ਅਪਣੱਤ ਧਾਰਨ ਕੀਤੀ ਹੋਈ ਸੀ, (ਉਹ ਗੁਰੂ ਦੀ ਕ੍ਰਿਪਾ ਨਾਲ) ਸਰੀਰ ਤੋਂ ਛੁਟ ਗਈ ਹੈ। ਅਤੇ ਪ੍ਰਮੇਸਰ ਦੀ ਆਗਿਆ ਪਿਆਰੀ ਲੱਗਣ ਲਗ ਪਈ ਹੈ। ਜੋ ਕੁਛ ਪ੍ਰਭੂ ਕਰਦਾ ਹੈ, ਉਹ ਮੇਰੇ ਮਨ ਵਿਚ ਮਿੱਠਾ ਲਗਦਾ ਹੈ। ਤਦ ਹੀ ਮੈਂ ਇਹ ਅਸਚਰਜ (ਮਨ ਦੇ ਬਦਲਾਓ ਨੂੰ) ਅੱਖਾਂ ਨਾਲ ਦੇਖ ਲਿਆ ਹੈ।੧। ਹੇ ਭਾਈ! ਹੁਣ ਮੈਂ ਇਹ ਗੱਲ ਜਾਣ ਲਈ ਹੈ ਕਿ ਮੇਰੀ (ਅਵਿਦਿਆ ਰੂਪ) ਬਲਾ ਚਲੀ ਗਈ ਹੈ। ਪੂਰੇ ਗੁਰੂ ਨੇ (ਮੇਰੇ ਮਨ ਨੂੰ) ਸਮਝਾ ਲਿਆ ਹੈ, (ਜਿਸ ਕਰਕੇ ਮਾਇਆ ਦੀ) ਤ੍ਰਿਸ਼ਨਾ ਰੂਪ ਅੱਗ ਬੁਝ ਗਈ ਹੈ ਅਤੇ (ਗੁਰੂ ਨੇ ਪਦਾਰਥਾਂ ਦੀ) ਮਮਤਾ ਵੀ ਦੂਰ ਕਰ ਦਿਤੀ ਹੈ।੧। ਰਹਾਉ। (ਹੇ ਭਾਈ!) ਗੁਰੂ ਨੇ ਕ੍ਰਿਪਾ ਕਰਕੇ (ਮੈਨੂੰ ਅਪਣੀ) ਸਰਨ ਵਿਚ ਰੱਖਿਆ ਹੈ। ਅਤੇ ਗੁਰੂ ਨੇ ਮੈਨੂੰ ਹਰੀ ਦੇ ਚਰਨ ਪਕੜਾਏ ਹਨ। ਜਦੋਂ ਪੂਰਨ ਤੌਰ ਤੇ ਮਨ ਟਿਕ ਗਿਆ (ਮਨ ਦੀ ਪੂਰੀ ਨਿਸ਼ਾ ਹੋ ਗਈ। ਤਦ ਤੋਂ) ਮੈਂ ਗੁਰੂ ਅਤੇ ਪ੍ਰਭੂ ਨੂੰ ਇਕ ਸਰੂਪ ਕਰਕੇ ਜਾਣਿਆ ਹੈ।੨। (ਹੇ ਭਾਈ!)

ਜੋ ਜੋ ਜੀਵ ਪ੍ਰਭੂ ਨੇ ਪੈਦਾ ਕੀਤਾ ਹੈ, ਅਸੀਂ ਉਸ ਦੇ ਦਾਸ ਹਾਂ।(ਕਿਉਂਕਿ) ਮੇਰੇ ਪ੍ਰਭੂ ਦਾ ਸਾਰੇ ਜੀਵਾਂ ਵਿਚ ਨਿਵਾਸ ਹੈ।(ਇਸ ਲਈ ਮੈਨੂੰ) ਨਾ ਹੀ ਕੋਈ ਦੋਖੀ ਦਿਸਦਾ ਹੈ ਅਤੇ ਨਾ ਹੀ ਕੋਈ ਵੈਰੀ।(ਹੁਣ ਮੈਂ) ਸਾਰਿਆਂ ਦੇ ਗਲ ਨਾਲ ਮਿਲ ਕੇ ਚਲਦਾ ਹਾਂ, ਜਿਵੇਂ ਇਕ ਪਿਤਾ ਦੇ ਪੁਤ੍ਰ ਭਰਾ ਚਲਦੇ ਹਨ।੩।(ਹੇ ਭਾਈ!) ਜਿਸ ਮਨੁੱਖ ਨੂੰ ਗੁਰੂ ਦੁਆਰਾ ਹਰੀ ਨੇ ਸੁਖ ਦਿਤੇ ਹਨ।ਉਸ ਨੂੰ ਮੁੜ ਕੇ ਦੁਖ ਨਹੀਂ ਲਗ ਸਕਦੇ।(ਉਹ ਜਾਣ ਲੈਂਦਾ ਹੈ ਕਿ) ਪ੍ਰਭੂ ਆਪੇ ਆਪ ਸਾਰੇ ਜੀਵਾਂ ਦੀ ਪਾਲਣਾ ਕਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਮਨੁੱਖ) ਪ੍ਰਿਥਵੀ ਦੀ ਪਾਲਣਾ ਕਰਨ ਵਾਲੇ ਪ੍ਰਭੂ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ।੪।੫।੧੬।

ਪਦਾਰਥ = ਤਨ ਤੇ–ਸਰੀਰ ਤੋਂ।ਛੁਟਕੀ–ਦੂਰ ਹੋ ਗਈ।ਅਪਨੀ ਧਾਰੀ–ਧਾਰਨ ਕੀਤੀ ਅਪਣੱਤ; ਮਨੌਤ; ਹੰਕਾਰ।ਸੁ–ਉਹ।ਮਨਿ –ਮਨ ਵਿਚ।ਤਾ–ਤਦ ਹੀ।ਨੈਨਹੁ–ਅੱਖਾਂ ਨਾਲ।ਡੀਠਾ–ਦੇਖਿਆ।੧।ਅਬ–ਹੁਣ।ਮੋਹਿ–ਮੈਂ।ਜਾਨੀ–ਜਾਣ ਲਈ ਹੈ।ਰੇ–ਹੇ ਭਾਈ!।ਬਲਾਇ–ਬਲਾ (ਅਵਿਦਿਆ ਦੀ ਬਿਪਤਾ ਜਾਂ ਦੁਖ)।ਤ੍ਰਿਸਨ–ਤ੍ਰਿਸ਼ਨਾ ਦੀ ਅੱਗ।ਨਿਵਾਰੀ–ਦੂਰ ਕਰ ਦਿਤੀ ਹੈ।ਗੁਰਿ ਪੂਰੈ–ਪੂਰੇ ਗੁਰੂ ਨੇ।੧।ਰਹਾਉ।ਕਰਿ–ਕਰ ਕੇ।ਗੁਰਿ–ਗੁਰੂ ਨੇ।ਬੀਸ ਬਿਸੁਏ–ਬੀਹ ਵਿਸਵੇ (ਇਕ ਬਿੱਘਾ ਬੀਹ ਵਿਸਵਿਆਂ ਵਿਚ ਵੰਡਿਆ ਹੁੰਦਾ ਹੈ, ਜਿਸ ਦੀ ਵਰਤੋਂ ਉਸੇ ਤਰ੍ਹਾਂ ਹੈ, ਜਿਵੇਂ ਸੌ ਫੀ ਸਦੀ) ਪੂਰਨ ਤੌਰ ਤੇ।ਠਹਰਾਨੇ–ਟਿਕ ਗਿਆ।ਏਕੈ ਹੀ–ਇਕ ਸਰੂਪ।ਜਾਨੇ–ਜਾਣਿਆ ਹੈ।੨।ਜੋ ਜੋ–ਜੋ ਜੋ ਜੀਵ।ਕੀਨੋ–ਪੈਦਾ ਕੀਤਾ ਹੈ।ਹਮ–ਅਸੀਂ; ਮੈਂ।ਤਿਸ ਕੇ–ਉਸ ਦੇ।ਸਗਲ–ਸਾਰੇ (ਜੀਵਾਂ ਵਿਚ)।ਕੋ–ਕੋਈ।ਦੂਤੁ–ਚੁਗਲ; ਦੋਖੀ।ਬੈਰਾਈ–ਵੈਰੀ।ਗਲਿ ਮਿਲਿ–ਗਲ ਨਾਲ ਮਿਲ ਕੇ।ਏਕੈ–ਇਕ (ਪਿਤਾ) ਦੇ। ਭਾਈ–ਭਰਾ।੩।ਜਾ ਕਉ–ਜਿਸ ਨੂੰ।ਗੁਰਿ–ਗੁਰੂ ਦੁਆਰਾ।ਦੀਏ–ਦਿਤੇ ਹਨ।ਤਾ ਕਉ–ਉਸ ਨੂੰ।ਬਹੁਰਿ–ਮੁੜ ਕੇ।ਸਰਬ–ਸਾਰੇ (ਜੀਵਾਂ ਦੀ)।ਪ੍ਰਤਿਪਾਲ–ਪ੍ਰਤੀ ਜੀਵ ਪਾਲਣਾ ਕਰਦਾ ਹੈ।ਰਾਤਉ–ਰੰਗਿਆ ਹੈ।ਰੰਗਿ–ਰੰਗ ਵਿਚ।੪।੫।੧੬।

ਉਥਾਨਕਾ = ਅੰਮ੍ਰਿਤਸਰ ਸਾਹਿਬ ਦੀਆਂ ਪ੍ਰਕਰਮਾ ਵਿਚ ਬਾਬਾ ਬੁਢਾ ਜੀ ਦੀ ਬੇਰ ਕੋਲ ਆ ਕੇ ਇਕ ਪੰਡਤ ਬੈਠ ਗਿਆ।ਗੁਰੂ ਜੀ ਪੰਡਤ ਦੇ ਕੋਲੋਂ ਦੀ ਲੰਘ ਗਏ, ਜਦ ਵਾਪਸ ਆ ਕੇ ਗੁਰੂ ਜੀ ਪੰਡਤ ਕੋਲੋਂ ਲੰਘਣ ਲੱਗੇ, ਤਾਂ ਪੰਡਤ ਗੁੱਸੇ ਵਿਚ ਕਹਿਣ ਲੱਗਾ ਕਿ ਤੁਸੀਂ ਖੱਤ੍ਰੀ ਹੋ, ਤੁਹਾਨੂੰ ਮਰਿਆਦਾ ਦਾ ਪਤਾ ਨਹੀਂ? ਮੈਂ ਬ੍ਰਾਹਮਣ ਹਾਂ, ਤੁਹਾਡਾ ਫਰਜ ਬਣਦਾ ਸੀ ਕਿ ਮੈਨੂੰ ਨਮਸ਼ਕਾਰ ਕਰਦੇ।ਅਸੀਂ ਜਗਤ ਗੁਰੂ ਹਾਂ, ਖਤ੍ਰੀ ਲੋਕ ਸਾਨੂੰ ਨਮਸ਼ਕਾਰ ਕਰਦੇ ਹਨ।ਸੁਣ ਕੇ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ।

ਰਾਮਕਲੀ ਮਹਲਾ ੫ ॥ ਮੁਖ ਤੇ ਪੜਤਾ ,ਟੀਕਾ ਸਹਿਤ ॥ ਹਿਰਦੈ ਰਾਮੁ ਨਹੀ ਪੂਰਨ ਰਹਤ ॥ ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥ ਅਪਨਾ ਕਹਿਆ, ਆਪਿ ਨ ਕਮਾਵੈ ॥੧॥ ਪੰਡਿਤ ਬੇਦੁ ਬੀਚਾਰਿ ਪੰਡਿਤ ॥ ਮਨ ਕਾ ਕ੍ਰੋਧੁ ,ਨਿਵਾਰਿ ਪੰਡਿਤ ॥੧॥ਰਹਾਉ॥ (ਹੇ ਪੰਡਤ! ਤੂੰ ਧਰਮ ਗ੍ਰੰਥ ਅਪਨੇ) ਮੂੰਹ ਤੋਂ ਅਰਥਾਂ ਸਹਿਤ ਪੜ੍ਹਦਾ ਹੈਂ।(ਪਰ ਤੇਰੇ) ਹਿਰਦੇ ਵਿਚ ਹਰੀ ਨਹੀਂ ਹੈ ਅਤੇ ਨਾ ਹੀ ਤੇਰੀ ਪੂਰਨ ਰਹਿਤ ਹੈ।ਤੂੰ ਉਪਦੇਸ਼ ਕਰ ਕਰਕੇ ਲੋਕਾਂ ਦੇ ਮਨ ਵਿਚ (ਧਰਮ ਗ੍ਰੰਥਾਂ ਦਾ ਉਪਦੇਸ਼) ਦ੍ਰਿੜ ਕਰਾਉਂਦਾ ਹੈਂ।(ਪਰ) ਅਪਣਾ ਕਿਹਾ ਹੋਇਆ ਉਪਦੇਸ਼ ਤੂੰ ਆਪ ਨਹੀਂ ਕਮਾਉਂਦਾ।੧।ਹੇ ਪੰਡਤ! ਤੂੰ ਬੇਦ ਨੂੰ ਵਿਚਾਰਨ ਵਾਲਾ ਪੰਡਤ ਹੈਂ।ਹੇ ਪੰਡਤ! ਤੂੰ ਅਪਣੇ ਮਨ ਦਾ ਕ੍ਰੋਧ ਦੂਰ ਕਰ (ਕਿ ਮੈਨੂੰ ਗੁਰੂ ਜੀ ਨੇ ਨਮਸ਼ਕਾਰ ਕਿਉਂ ਨਹੀਂ ਕੀਤੀ)।੧।

ਅੰਗ ੮੮੮ = ਆਗੈ ਰਾਖਿਓ ਸਾਲਗਿਰਾਮੁ ॥ ਮਨੁ ਕੀਨੋ ਦਹਦਿਸ ਬਿਸ੍ਰਾਮੁ ॥ ਤਿਲਕੁ ਚਰਾਵੈ ਪਾਈ ਪਾਇ ॥ ਲੋਕ ਪਚਾਰਾ ਅੰਧੁ ਕਮਾਇ ॥੨॥ ਖਟੁ ਕਰਮਾ ਅਰੁ ਆਸਣੁ ਧੋਤੀ ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ ॥ ਮਾਲਾ ਫੇਰੈ ਮੰਗੈ ਬਿਭੂਤ ॥ ਇਹ ਬਿਧਿ ਕੋਇ ਨ ਤਰਿਓ ਮੀਤ ॥੩॥ ਸੋ ਪੰਡਿਤੁ ਗੁਰ ਸਬਦੁ ਕਮਾਇ ॥ ਤ੍ਰੈ ਗੁਣ ਕੀ ਓਸੁ ਉਤਰੀ ਮਾਇ ॥ ਚਤੁਰ ਬੇਦ ਪੂਰਨ ਹਰਿ ਨਾਇ ॥ ਨਾਨਕ ਤਿਸ ਕੀ ਸਰਣੀ ਪਾਇ ॥੪॥੬॥੧੭॥ (ਹੇ ਪੰਡਤ! ਤੂੰ ਅਪਣੇ) ਅੱਗੇ ਸਾਲਗਰਾਮ ਰੱਖਿਆ ਹੋਇਆ ਹੈ।(ਪਰ ਤੇਰਾ) ਮਨ ਦਸੇ ਦਿਸ਼ਾਵਾਂ ਵਿਚ ਟਿਕਿਆ ਹੋਇਆ ਹੈ ਭਾਵ ਭੱਜਾ ਫਿਰਦਾ ਹੈ।(ਮੂਰਤੀ ਦੇ ਮੱਥੇ ਤੇ) ਤੂੰ ਤਿਲਕ ਚੜ੍ਹਾਉਂਦਾ ਹੈਂ ਅਤੇ (ਉਸ ਦੇ) ਪੈਰੀਂ ਪੈਂਦਾ (ਮੱਥੇ ਟੇਕਦਾ) ਹੈਂ।ਤੂੰ ਅੰਨ੍ਹਾ ਹੋਇਆ ਲੋਕ ਪਰਚਾਵੇ ਦਾ ਕੰਮ ਕਰਦਾ ਹੈ; ਅੰਨ੍ਹਾ (ਅਗਿਆਨਤਾ ਵਾਲਾ) ਕਰਮ ਕਰਦਾ ਹੈਂ।੨।(ਹੇ ਪੰਡਤ! ਸ਼ਾਸ਼ਤ੍ਰਾਂ ਦੇ ਦੱਸੇ ਤੂੰ) ਛੇ ਤਰ੍ਹਾਂ ਦੇ ਕਰਮ ਕਰਦਾ ਹੈਂ, ਆਸਣ ਵਿਛਾ ਕੇ ਬੈਠਦਾ ਹੈਂ ਅਤੇ ਧੋਤੀ ਪਹਿਨਦਾ ਹੈਂ।ਸ਼ਾਹੂਕਾਰਾਂ ਦੇ ਘਰ ਵਿਚ ਜਾ ਕੇ (ਧਨ ਲੈਣ ਲਈ) ਹਰ ਰੋਜ ਪੋਥੀ ਪੜ੍ਹਦਾ ਹੈਂ।(ਉਨ੍ਹਾਂ ਦੇ ਘਰ ਵਿਚ) ਮਾਲਾ ਫੇਰਦਾ ਹੈਂ ਅਤੇ ਧਨ ਮੰਗਦਾ ਹੈਂ।ਹੇ ਮਿਤ੍ਰ! ਇਸ ਤਰੀਕੇ ਨਾਲ ਕੋਈ ਮਨੁੱਖ (ਸੰਸਾਰ ਸਮੁੰਦਰ ਤੋਂ) ਨਹੀਂ ਤਰਿਆ।੩। ਅਸਲੀ ਪੰਡਤ ਉਹ ਹੈ, ਜੋ ਗੁਰੂ ਦੇ ਉਪਦੇਸ਼ ਨੂੰ ਕਮਾਉਂਦਾ ਹੈ।ਤਿੰਨ ਗੁਣਾਂ ਦੀ ਮਾਇਆ ਦਾ ਅਸਰ ਉਸ ਪੰਡਤ ਮਨ ਵਿਚੋਂ ਉਤਰ ਗਿਆ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਪੰਡਤ! ਜਿਸ) ਪੂਰਨ ਪ੍ਰਭੂ ਦੇ ਨਾਮ ਵਿਚ ਚਾਰੇ ਬੇਦ ਆ ਜਾਂਦੇ ਹਨ।

(ਅਪਣੇ ਆਪ ਨੂੰ) ਉਸ ਪ੍ਰਭੂ ਦੀ ਸਰਣ ਵਿਚ ਪਾ ਲੈ।੪।੬।੧੭।

ਪਦਾਰਥ = ਮੁਖ ਤੇ–ਮੂੰਹ ਤੋਂ।ਟੀਕਾ ਸਹਿਤ–ਅਰਥਾਂ ਸਮੇਤ।ਹਿਰਦੈ–ਹਿਰਦੇ ਵਿਚ।ਰਾਮੁ–ਸਰਬ ਵਿਆਪਕ ਪ੍ਰਮਾਤਮਾ।ਰਹਤ–ਰਹਿਣੀ ਬਹਿਣੀ।ਕਰੇ ਕਰਿ–ਕਰ ਕਰਕੇ।ਲੋਕ ਦ੍ਰਿੜਾਵੈ–ਲੋਕਾਂ ਦੇ ਮਨ ਵਿਚ ਪੱਕੀ ਤਰ੍ਹਾਂ ਬਿਠਾਉਂਦਾ ਹੈਂ।੧।ਪੰਡਿਤ–ਹੇ ਪੰਡਤ! ।ਬੀਚਾਰਿ–ਵਿਚਾਰਨ ਵਾਲਾ।ਨਿਵਾਰਿ–ਦੂਰ ਕਰ।੧।ਰਹਾਉ।ਆਗੈ–ਸਾਮ੍ਹਣੇ।ਸਾਲਗਿਰਾਮ–ਗੰਡਕਾ ਨਦੀ ਵਿਚੋਂ ਨਿਕਲਿਆ ਲੀਕਦਾਰ ਪੱਥਰ, ਜਿਸ ਨੂੰ ਹਿੰਦੂ ਵਿਸ਼ਨੂੰ ਦੀ ਮੂਰਤੀ ਸਮਝਦੇ ਹਨ।ਦਹਦਿਸ–ਦਸੇ ਦਿਸ਼ਾਵਾਂ ਵਿਚ।ਬਿਸ੍ਰਾਮੁ–ਟਿਕਾਇਆ ਹੈ। ਚਰਾਵੈ–ਚੜ੍ਹਾਉਂਦਾ ਹੈਂ।ਪਾਈ ਪਾਇ–ਪੈਰੀਂ ਪੈਂਦਾ ਹੈਂ।ਲੋਕ ਪਚਾਰਾ–ਲੋਕਾਂ ਦਾ ਪਰਚਾਵਾ; ਲੋਕਾਰੀਤ; ਲੋਕ ਵਿਹਾਰ।ਅੰਧੁ–ਅੰਨ੍ਹਾ ਹੋਇਆ ਮਨੁੱਖ।੨।ਖਟੁ ਕਰਮਾ–ਸ਼ਾਸ਼ਤ੍ਰਾਂ ਦੇ ਦੱਸੇ ਛੇ ਧਾਰਮਕ ਕਰਮ (ਦਾਨ ਦੇਣ ਤੇ ਲੈਣਾ, ਜਗ ਕਰਨਾ ਤੇ ਕਰਾਉਣਾ, ਵਿਦਿਆ ਪੜ੍ਹਨੀ ਤੇ ਪੜ੍ਹਾਉਣੀ)।ਅਰੁ–ਅਤੇ।ਭਾਗਠਿ–ਭਾਗਾਂ ਵਾਲਾ; ਅਮੀਰ ਮਨੁੱਖ।ਗ੍ਰਿਹਿ–ਘਰ ਵਿਚ।ਨਿਤ–ਹਰ ਰੋਜ। ਬਿਭੂਤ–ਮਾਇਆ।ਇਹ ਬਿਧਿ–ਇਸ ਤਰੀਕੇ ਨਾਲ।ਮੀਤ–ਹੇ ਮਿਤ੍ਰ!।੩।ਸੋ–ਉਹ।ਸਬਦੁ ਕਮਾਇ–ਉਪਦੇਸ਼ ਨੂੰ ਕਮਾਉਂਦਾ ਹੈ ।ਤ੍ਰੈ ਗੁਣ ਕੀ–ਤਿੰਨ (ਰਜੋ, ਸਤੋ ਤੇ ਤਮੋ) ਗੁਣਾਂ ਦੀ।ਉਤਰੀ–ਉਤਰ ਗਈ।ਮਾਇ–ਮਾਇਆ।ਚਤੁਰ ਬੇਦ–ਚਾਰ ਬੇਦ।ਨਾਇ–ਨਾਮ ਵਿਚ।ਤਿਸ ਕੀ–ਉਸ (ਪ੍ਰਭੂ) ਦੀ।ਸਰਣੀ ਪਾਇ–(ਅਪਣੇ ਆਪ ਨੂੰ) ਸ਼ਰਣ ਵਿਚ ਪਾ ਲੈ।੪।੬।੧੭।

ਰਾਮਕਲੀ ਮਹਲਾ ੫ ॥ ਕੋਟਿ ਬਿਘਨ ਨਹੀ ਆਵਹਿ ਨੇਰਿ ॥ ਅਨਿਕ ਮਾਇਆ ਤਾ ਕੀ ਹੈ ਚੇਰਿ ॥ ਅਨਿਕ ਪਾਪ ਤਾ ਕੇ ਪਾਨੀਹਾਰ ॥ ਜਾ ਕਉ ਮਇਆ ਭਈ ਕਰਤਾਰ ॥੧॥ ਜਿਸਹਿ ਸਹਾਈ ਹੋਇ ਭਗਵਾਨ ॥ ਅਨਿਕ ਜਤਨ ਉਆ ਕੈ ਸਰੰਜਾਮ ॥ ੧॥ਰਹਾਉ॥ ਕਰਤਾ ਰਾਖੈ ਕੀਤਾ ਕਉਨੁ ॥ ਕੀਰੀ ਜੀਤੋ ਸਗਲਾ ਭਵਨੁ ॥ ਬੇਅੰਤ ਮਹਿਮਾ ਤਾ ਕੀ, ਕੇਤਕ ਬਰਨ ॥ ਬਲਿ ਬਲਿ ਜਾਈਐ ਤਾ ਕੇ ਚਰਨ ॥੨॥ ਤਿਨ ਹੀ ਕੀਆ ਜਪੁ ਤਪੁ ਧਿਆਨੁ ॥ ਅਨਿਕ ਪ੍ਰਕਾਰ ਕੀਆ ਤਿਨਿ ਦਾਨੁ ॥ ਭਗਤੁ ਸੋਈ ਕਲਿ ਮਹਿ ਪਰਵਾਨੁ ॥ ਜਾ ਕਉ ਠਾਕੁਰਿ ਦੀਆ ਮਾਨੁ ॥੩॥ ਸਾਧ ਸੰਗਿ ਮਿਲਿ ਭਏ ਪ੍ਰਗਾਸ ॥ ਸਹਜ ਸੂਖ ਆਸ ਨਿਵਾਸ ॥ ਪੂਰੈ ਸਤਿਗੁਰਿ ਦੀਆ ਬਿਸਾਸ ॥ ਨਾਨਕ ਹੋਇ ਦਾਸਨਿ ਦਾਸ ॥੪॥੭॥੧੮॥ (ਚੌਥੀ ਤੁਕ ਦਾ ਅਰਥ ਪਹਿਲਾਂ।ਹੇ ਭਾਈ!) ਜਿਸ ਮਨੁੱਖ ਉਤੇ ਕਰਤਾਰ ਦੀ ਮੇਹਰ ਹੋਈ ਹੈ।ਕ੍ਰੋੜਾਂ ਬਿਘਨ (ਉਸ ਦੇ) ਨੇੜੇ ਨਹੀਂ ਆਉਂਦੇ।ਅਨੇਕਾਂ ਤਰ੍ਹਾਂ ਨਾਲ ਮੋਹ ਲੈਣ ਵਾਲੀ ਮਾਇਆ (ਉਸ ਦੀ) ਦਾਸੀ ਬਣ ਕੇ ਰਹਿੰਦੀ ਹੈ।ਅਨੇਕਾਂ ਪਾਪ (ਕਰਨ ਵਾਲੇ ਮਨੁੱਖ ਪਾਪ ਕਰਨਾ ਛਡ ਕੇ) ਉਸ ਦੇ ਪਾਣੀ ਭਰਨ ਵਾਲੇ (ਗੁਲਾਮ ਬਣ ਕੇ ਰਹਿੰਦੇ) ਹਨ।੧।(ਹੇ ਭਾਈ!) ਜਿਸ ਮਨੁੱਖ ਦਾ ਸਹਾਈ ਭਗਵਾਨ ਹੁੰਦਾ ਹੈ।ਉਸ ਦੇ ਅਨੇਕਾਂ ਜਤਨ ਸਫਲ ਹੁੰਦੇ ਹਨ।੧।ਰਹਾਉ।(ਹੇ ਭਾਈ! ਜਿਸ ਮਨੁੱਖ ਦੀ) ਰੱਖਿਆ ਕਰਤਾਰ ਕਰਦਾ ਹੈ।(ਉਸ ਦਾ) ਪੈਦਾ ਕੀਤਾ ਹੋਇਆ ਜੀਵ ਕੌਣ ਹੈ? (ਜੋ ਉਸ ਦਾ ਕੁਛ ਵਿਗਾੜ ਸਕੇ।ਜੇ ਪ੍ਰਭੂ ਦੀ ਮੇਹਰ ਹੋਵੇ, ਤਾਂ) ਕੀੜੀ ਸਾਰੇ ਜਗਤ ਨੂੰ ਜਿਤ ਲੈਂਦੀ ਹੈ।ਉਸ ਪ੍ਰਭੂ ਦੀ ਮਹਿਮਾ ਬੇਅੰਤ ਹੈ, ਕਿੰਨੀ ਕੁ ਵਰਨਣ ਕਰੀਏ? (ਉਸ ਦੀ ਪੂਰਨ ਮਹਿਮਾ ਵਰਨਣ ਨਹੀਂ ਹੋ ਸਕਦੀ)।ਉਸ ਦੇ ਚਰਨਾਂ ਤੋਂ ਮਨ ਬਾਣੀ ਦੁਆਰਾ ਬਲਿਹਾਰ ਜਾਈਏ।੨।(ਚੌਥੀ ਤੁਕ ਦਾ ਅਰਥ ਪਹਿਲਾਂ।ਹੇ ਭਾਈ!) ਮਾਲਕ ਪ੍ਰਭੂ ਨੇ ਜਿਸ ਮਨੁੱਖ ਨੂੰ ਆਦਰ ਮਾਣ ਦਿਤਾ ਹੈ।ਉਸ ਨੇ ਹੀ ਜਪ, ਤਪ ਅਤੇ ਧਿਆਨ ਆਦਿ ਸਾਧਨਾਂ ਨੂੰ ਕੀਤਾ ਹੈ।ਉਸ ਨੇ ਅਨੇਕਾਂ ਪ੍ਰਕਾਰ ਦਾ ਦਾਨ ਵੀ ਕੀਤਾ ਹੈ।ਉਹ ਹੀ ਭਗਤ ਕਲਜੁਗ ਵਿਚ ਪ੍ਰਵਾਨ ਹੋਇਆ ਹੈ।੩।(ਹੇ ਭਾਈ!) ਸਾਧ ਸੰਗਤ ਵਿਚ ਮਿਲ ਕੇ (ਮਨੁੱਖ) ਗਿਆਨਵਾਨ ਹੋਏ ਹਨ।(ਸਾਧ ਸੰਗਤ ਵਿਚ) ਆਤਮਕ ਸੁਖ ਦੀ ਪ੍ਰਾਪਤੀ ਅਤੇ ਆਸਾਂ ਦਾ ਨਿਵਾਸ ਹੈ (ਜਿਥੋਂ ਆਸਾਂ ਪੂਰੀਆਂ ਹੁੰਦੀਆਂ ਹਨ)।ਨਾਨਕ ਗੁਰੂ ਜੀ ਆਖਦੇ ਹਨ ਕਿ ਪੂਰੇ ਸਤਿਗੁਰੂ ਨੇ (ਜਿਨ੍ਹਾਂ ਪੁਰਖਾਂ ਦਾ) ਵਿਸ਼ਵਾਸ ਦ੍ਰਿੜ ਕਰਾ ਦਿਤਾ ਹੈ।(ਉਹ) ਦਾਸਾਂ ਦੇ ਦਾਸ ਹੋ ਗਏ ਹਨ।੪।੭।੧੮।

ਪਦਾਰਥ = ਕੋਟਿ–ਕ੍ਰੋੜਾਂ।ਬਿਘਨ–ਰੁਕਾਵਟਾਂ।ਨੇਰਿ–ਨੇੜੇ।ਤਾ ਕੀ–ਉਸ ਦੀ।ਚੇਰਿ–ਚੇਲੀ; ਦਾਸੀ।ਤਾ ਕੇ–ਉਸ ਦੇ।ਪਾਨੀਹਾਰ –ਪਾਣੀ ਭਰਨ ਵਾਲੇ।ਮਇਆ–ਮੇਹਰ।੧।ਜਿਸਹਿ–ਜਿਸ ਦਾ।ਸਹਾਈ–ਸਹਾਇਤਾ ਕਰਨ ਵਾਲਾ।ਉਆ ਕੈ–ਉਸ ਦੇ।ਸਰੰਜਾਮ (ਫਾ.)–ਸਫਲ।੧।ਰਹਾਉ।ਕਰਤਾ–ਕਰਤਾਰ।ਰਾਖੈ–ਰੱਖਿਆ ਕਰਦਾ ਹੈ।ਕੀਤਾ–(ਪ੍ਰਭੂ ਦਾ) ਪੈਦਾ ਕੀਤਾ ਹੋਇਆ ਜੀਵ।ਕਉਨੁ –ਕੌਣ।ਕੀਰੀ–ਕੀੜੀ (ਤੁੱਛ ਜਿਹਾ ਮਨੁੱਖ)।ਜੀਤੋ–ਜਿੱਤ ਲਿਆ।ਸਗਲਾ ਭਵਨੁ–ਸਾਰੇ ਜਗਤ ਨੂੰ।ਕੇਤਕ–ਕਿੰਨੀ ਕੁ।ਬਰਨ–ਵਰਨਣ ਕਰੀਏ।ਬਲਿ ਬਲਿ–ਮਨ ਬਾਣੀ ਦੁਆਰਾ ਕੁਰਬਾਨ ਜਾਈਏ।੨।ਤਿਨ ਹੀ–ਉਸ ਨੇ ਹੀ।ਕੀਆ–ਕੀਤਾ ਹੈ।ਤਿਨਿ–ਉਸ ਨੇ।ਸੋਈ–ਉਹ ਹੀ।ਕਲਿ ਮਹਿ–ਕਲਜੁਗ ਵਿਚ।ਜਾ ਕਉ–ਜਿਸ ਨੂੰ।ਠਾਕੁਰਿ–ਮਾਲਕ ਪ੍ਰਭੂ ਨੇ।ਦੀਆ–ਦਿਤਾ ਹੈ।ਮਾਨੁ–ਆਦਰ

।੩।ਸਾਧ ਸੰਗਿ–ਸਾਧ ਸੰਗਤ ਵਿਚ।ਮਿਲਿ–ਮਿਲ ਕੇ।ਭਏ–ਹੋਏ ਹਨ।ਪ੍ਰਗਾਸ–ਗਿਆਨਵਾਨ।ਸਹਜ ਸੁਖ–ਆਤਮਕ ਸੁਖ। ਆਸ ਨਿਵਾਸ–ਉਹ ਟਿਕਾਣਾ, ਜਿਥੋਂ ਆਸਾਂ ਪੂਰੀਆਂ ਹੁੰਦੀਆਂ ਹਨ।ਪੂਰੈ ਸਤਿਗੁਰਿ–ਪੂਰੇ ਸਤਿਗੁਰੂ ਨੇ।ਬਿਸਾਸ–ਵਿਸ਼ਵਾਸ; ਨਿਸ਼ਚਾ।ਦਾਸਨਿ ਦਾਸ–ਦਾਸਾਂ ਦੇ ਦਾਸ।੪।੭।੧੮।

ਰਾਮਕਲੀ ਮਹਲਾ ੫ ॥ ਦੋਸੁ ਨ ਦੀਜੈ ਕਾਹੂ ਲੋਗ ॥ ਜੋ ਕਮਾਵਨੁ ਸੋਈ ਭੋਗ ॥ ਆਪਨ ਕਰਮ ਆਪੇ ਹੀ ਬੰਧ ॥ ਆਵਨੁ ਜਾਵਨੁ ਮਾਇਆ ਧੰਧ ॥੧॥ ਐਸੀ ਜਾਨੀ ਸੰਤ ਜਨੀ ॥ ਪਰਗਾਸੁ ਭਇਆ, ਪੂਰੇ ਗੁਰ ਬਚਨੀ ॥੧॥ਰਹਾਉ॥ ਤਨੁ ਧਨੁ ਕਲਤੁ ,ਮਿਥਿਆ ਬਿਸਥਾਰ ॥ ਹੈਵਰ ਗੈਵਰ ਚਾਲਨਹਾਰ ॥ ਰਾਜ ਰੰਗ ਰੂਪ ਸਭਿ ਕੂਰ ॥ ਨਾਮ ਬਿਨਾ ਹੋਇ ਜਾਸੀ ਧੂਰ ॥੨॥ ਭਰਮਿ ਭੂਲੇ ਬਾਦਿ ਅਹੰਕਾਰੀ ॥ ਸੰਗਿ ਨਾਹੀ ਰੇ, ਸਗਲ ਪਸਾਰੀ ॥ ਸੋਗ ਹਰਖ ਮਹਿ ਦੇਹ ਬਿਰਧਾਨੀ ॥ ਸਾਕਤ ਇਵ ਹੀ ਕਰਤ ਬਿਹਾਨੀ ॥੩॥ ਹਰਿ ਕਾ ਨਾਮੁ ,ਅੰਮ੍ਰਿਤੁ ਕਲਿ ਮਾਹਿ ॥ ਏਹੁ ਨਿਧਾਨਾ ਸਾਧੂ ਪਾਹਿ ॥ ਨਾਨਕ ਗੁਰੁ ਗੋਵਿਦੁ ਜਿਸੁ ਤੂਠਾ ॥ ਘਟਿ ਘਟਿ ਰਮਈਆ ਤਿਨ ਹੀ ਡੀਠਾ ॥੪॥੮॥੧੯॥ (ਹੇ ਭਾਈ! ਅਪਨੇ ਕਰਮਾਂ ਦਾ) ਦੋਸ਼ ਕਿਸੇ ਹੋਰ ਮਨੁੱਖ ਨੂੰ ਨਹੀਂ ਦੇਣਾ ਚਾਹੀਦਾ।(ਕਿਉਂਕਿ) ਮਨੁੱਖ ਜੋ ਕਰਮ ਕਰਦਾ ਹੈ, ਉਹ (ਅਪਨੇ ਕੀਤੇ ਕਰਮਾਂ ਦਾ ਫਲ) ਭੋਗਦਾ ਹੈ।(ਮਨੁੱਖ) ਅਪਨੇ ਕੀਤੇ ਕਰਮਾਂ ਨਾਲ ਆਪ ਹੀ ਬੰਨ੍ਹਿਆ ਜਾਂਦਾ ਹੈ।ਮਾਇਆ ਦੇ ਧੰਧਿਆਂ ਕਰਕੇ ਹੀ (ਹਰੇਕ ਜੀਵ ਦਾ) ਜਨਮ ਤੇ ਮਰਨ ਹੁੰਦਾ ਰਹਿੰਦਾ ਹੈ।੧।(ਹੇ ਭਾਈ!) ਇਹੋ ਜਿਹੀ (ਜੀਵਨ ਜੁਗਤੀ) ਸੰਤ ਜਨਾਂ ਨੇ ਜਾਣੀ ਹੈ।(ਉਨ੍ਹਾਂ ਦੇ ਹਿਰਦੇ ਵਿਚ) ਪੂਰੇ ਗੁਰੂ ਦੇ ਬਚਨਾਂ ਦੁਆਰਾ ਆਤਮਕ ਚਾਨਣ ਹੋਇਆ ਹੈ।੧।ਰਹਾਉ।(ਹੇ ਭਾਈ!) ਸਰੀਰ, ਧਨ ਤੇ (ਘਰ ਵਾਲੀ) ਇਸਤ੍ਰੀ (ਦੇ ਮੋਹ) ਦਾ ਪਸਾਰਾ ਝੂਠਾ ਹੈ।ਚੰਗੇ ਘੋੜੇ ਤੇ ਚੰਗੇ ਹਾਥੀ ਚਲੇ ਜਾਣ ਵਾਲੇ ਹਨ।ਰਾਜ ਦਾ ਅਨੰਦ ਤੇ ਸੁੰਦਰ ਰੂਪ ਵੀ ਸਭ ਝੂਠੇ ਹਨ।ਨਾਮ ਤੋਂ ਬਿਨਾ (ਹਰੇਕ ਵਸਤੂ) ਮਿੱਟੀ ਹੋ ਜਾਵੇਗੀ।੨।ਹੇ ਭਾਈ! ਸਾਰੀ ਪਸਾਰੀ ਹੋਈ ਸਮੱਗਰੀ (ਕਿਸੇ ਦੇ) ਨਾਲ ਨਹੀਂ ਜਾਂਦੀ।ਭਰਮ ਵਿਚ ਭੁੱਲੇ ਹੋਏ ਮਨੁੱਖ ਬਿਅਰਥ ਹੰਕਾਰੀ ਬਣੇ ਹੋਏ ਹਨ।ਸੋਗ ਅਤੇ ਖੁਸ਼ੀ ਵਿਚ (ਜੀਵਨ ਗੁਜਾਰਦਿਆਂ) ਦੇਹ ਬਿਰਧ ਹੋ ਜਾਂਦੀ ਹੈ।ਸਾਕਤ ਮਨੁੱਖ ਦੀ ਉਮਰ ਇਸੇ ਤਰ੍ਹਾਂ ਹੀ (ਮੈਂ ਮੇਰੀ) ਕਰਦਿਆਂ ਬੀਤ ਜਾਂਦੀ ਹੈ।੩।(ਹੇ ਭਾਈ!) ਕਲਜੁਗ ਵਿਚ ਹਰੀ ਦਾ ਨਾਮ ਮ੍ਰਿਤੂ ਤੋਂ ਰਹਿਤ ਕਰ ਦੇਣ ਵਾਲਾ ਪਦਾਰਥ ਹੈ।(ਪਰ) ਇਹ ਨਾਮ ਦਾ ਖਜਾਨਾ ਸਾਧੂ ਗੁਰੂ ਪਾਸ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਮੇਸਰ ਰੂਪ ਗੁਰੂ ਜਿਸ ਮਨੁੱਖ ਉਤੇ ਪ੍ਰਸੰਨ ਹੋਇਆ ਹੈ।ਉਸ ਨੇ ਹੀ ਹਰੇਕ ਜੀਵ ਵਿਚ ਪ੍ਰਮਾਤਮਾ ਨੂੰ ਦੇਖਿਆ ਹੈ।੪।੮।੧੯।

ਪਦਾਰਥ = ਨ ਦੀਜੈ–ਦੇਣਾ ਨਹੀਂ ਚਾਹੀਦਾ।ਕਾਹੂ–ਕਿਸੇ ਹੋਰ ਨੂੰ।ਲੋਗ–ਲੋਕਾਂ ਨੂੰ; ਮਨੁੱਖ ਨੂੰ।ਕਮਾਵਨ–ਕਰਮ ਕਾਉਂਦਾ ਹੈ। ਸੋਈ–ਉਹ; ਉਸ ਦਾ।ਭੋਗ–ਭੋਗਦਾ ਹੈ।ਬੰਧ–ਬੰਨ੍ਹਿਆ ਜਾਂਦਾ ਹੈ।ਆਵਨੁ ਜਾਵਨੁ–ਆਉਣਾ ਜਾਣਾ (ਜਨਮ ਮਰਨ)।ਧੰਧ–ਧੰਧਿਆਂ ਕਰਕੇ।੧।ਐਸੀ–ਇਹੋ ਜਿਹੀ।ਸੰਤ ਜਨੀ–ਸੰਤ ਜਨਾਂ ਨੇ।ਜਾਨੀ–ਜਾਣੀ (ਸਮਝੀ) ਹੈ।ਪਰਗਾਸੁ ਭਇਆ–ਚਾਨਣ ਹੋਇਆ ਹੈ।ਗੁਰ ਬਚਨੀ–ਗੁਰੂ ਦੇ ਬਚਨਾਂ ਦੁਆਰਾ।੧।ਰਹਾਉ।ਤਨੁ–ਸਰੀਰ।ਕਲਤੁ–ਘਰ ਵਾਲੀ ਇਸਤ੍ਰੀ।ਮਿਥਿਆ–ਝੂਠਾ; ਨਾਸ਼ਵੰਤ।ਬਿਸਥਾਰ–ਪਸਾਰਾ; ਅਡੰਬਰ।ਹੈਵਰ–ਵਧੀਆ ਕਿਸਮ ਦੇ ਘੋੜੇ।ਗੈਵਰ–ਵਧੀਆ ਹਾਥੀ।ਚਾਲਨਹਾਰ–ਚਲੇ ਜਾਣ ਵਾਲੇ ;ਨਾਸ਼ਵੰਤ।ਰਾਜ ਰੰਗ–ਰਾਜ ਦਾ ਅਨੰਦ; ਚਸਕਾ।ਕੂਰ–ਝੂਠੇ; ਨਾਸ਼ਵੰਤ।ਹੋਇ ਜਾਸੀ–ਹੋ ਜਾਵੇਗਾ।ਧੂਰ–ਮਿੱਟੀ।੨।ਭਰਮਿ ਭੂਲੇ–ਭਰਮ ਵਿਚ ਭੁੱਲੇ ਹੋਏ ਮਨੁੱਖ।ਬਾਦਿ–ਬਿਅਰਥ।ਸੰਗਿ–ਨਾਲ।ਰੇ–ਹੇ ਭਾਈ!।ਸਗਲ ਪਸਾਰੀ–ਸਾਰੀ ਖਿਲਾਰੀ ਹੋਈ ਸਮੱਗਰੀ।ਸੋਗ–ਗਮੀ।ਹਰਖ ਮਹਿ–ਖੁਸ਼ੀ ਵਿਚ।ਦੇਹ–ਸਰੀਰ।ਬਿਰਧਾਨੀ–ਬੁੱਢਾ ਹੋ ਜਾਂਦਾ ਹੈ।ਸਾਕਤ–ਧਰਮ ਤੋਂ ਗਿਰਿਆ ਮਨੁੱਖ।ਇਵ ਹੀ–ਇਸੇ ਤਰ੍ਹਾਂ ਹੀ।ਕਰਤ–ਕਰਦਿਆਂ।ਬਿਹਾਨੀ–ਬੀਤ ਜਾਂਦੀ ਹੈ।੩।ਅੰਮ੍ਰਿਤ–ਅਮਰ ਕਰ ਦੇਣ ਵਾਲਾ ਪਦਾਰਥ। ਕਲਿ ਮਾਹਿ–ਕਲਜੁਗ ਵਿਚ।ਨਿਧਾਨਾ–ਖਜਾਨਾ।ਸਾਧੂ ਪਾਹਿ–ਸਾਧ ਗੁਰੂ ਪਾਸ।ਤੂਠਾ–ਪ੍ਰਸੰਨ ਹੋਇਆ ਹੈ।ਘਟਿ ਘਟਿ–ਹਰੇਕ ਜੀਵ ਵਿਚ।ਰਮਈਆ–ਸਰਬ ਵਿਆਪਕ ਪ੍ਰਭੂ।ਤਿਨ ਹੀ–ਉਸ ਨੇ ਹੀ ਡੀਠਾ–ਦੇਖਿਆ।੪।੮।੧੯।

ਰਾਮਕਲੀ ਮਹਲਾ ੫ ॥ ਪੰਚ ਸਬਦ, ਤਹ ਪੂਰਨ ਨਾਦ ॥ ਅਨਹਦ ਬਾਜੇ, ਅਚਰਜ ਬਿਸਮਾਦ ॥ ਕੇਲ ਕਰਹਿ, ਸੰਤ ਹਰਿ ਲੋਗ ॥ ਪਾਰਬ੍ਰਹਮ ਪੂਰਨ ਨਿਰਜੋਗ ॥੧॥ ਸੁਖ ਸਹਜ ਆਨੰਦ ਭਵਨ ॥ ਸਾਧ ਸੰਗਿ ਬੈਸਿ ਗੁਣ ਗਾਵਹਿ, ਤਹ ਰੋਗ ਸੋਗ ਨਹੀ ਜਨਮ ਮਰਨ ॥੧॥ਰਹਾਉ॥ ਊਹਾ ਸਿਮਰਹਿ ਕੇਵਲ ਨਾਮੁ ॥ ਬਿਰਲੇ ਪਾਵਹਿ ਓਹੁ ਬਿਸ੍ਰਾਮੁ ॥ (ਹੇ ਭਾਈ!) ਉਥੇ ਸਤਸੰਗਤ ਵਿਚ ਪੰਜ ਕਿਸਮ ਦੇ ਸ਼ਬਦਾਂ ਦੀ ਪੂਰਨ ਧੁਨੀ ਵਜ ਰਹੀ ਹੈ।(ਉਥੇ) ਬਿਨਾ ਵਜਾਏ ਬਾਜੇ ਵਜ ਰਹੇ ਹਨ, (ਜਿਨ੍ਹਾਂ ਦਾ ਰਸ) ਅਸਚਰਜ ਤੇ ਬਿਸਮਾਦ ਅਵਸਥਾ ਵਿਚ ਲੈ ਜਾਣ ਵਾਲਾ ਹੈ।ਹਰੀ ਦੇ ਸੰਤ ਲੋਕ (ਉਥੇ) ਖੁਸ਼ੀਆਂ ਦਾ ਖੇਲ ਕਰਦੇ (ਆਤਮਕ ਅਨੰਦ ਮਾਣਦੇ)

ਹਨ।(ਉਹ ਸੰਤ) ਨਿਰਲੇਪ ਹੋ ਕੇ ਪੂਰਨ ਪ੍ਰਭੂ ਨਾਲ ਜੁੜੇ ਹੋਏ ਹਨ।੧।(ਹੇ ਭਾਈ!) ਸਤਸੰਗਤ ਪੂਰਨ ਸਹਿਜ ਵਾਲੇ ਸੁਖ ਤੇ ਅਨੰਦ ਦਾ ਘਰ ਹੈ।ਸਾਧ ਸੰਗਤ ਵਿਚ ਬੈਠ ਕੇ (ਗੁਰਮੁਖ) ਹਰੀ ਦੇ ਗੁਣ ਗਾਉਂਦੇ ਹਨ, ਉਥੇ (ਉਨ੍ਹਾਂ ਨੂੰ ਸਰੀਰਕ ਤੇ ਮਾਨਸਕ) ਰੋਗ, ਸੋਗ ਤੇ ਜਨਮ ਮਰਨ ਨਹੀਂ ਵਿਆਪਦਾ।੧।ਰਹਾਉ।ਉਥੇ (ਸਤਸੰਗਤ ਵਿਚ ਸੰਤ) ਕੇਵਲ ਹਰੀ ਦਾ ਨਾਮ ਸਿਮਰਦੇ ਹਨ। (ਸਤਸੰਗਤ ਦਾ) ਉਹ ਟਿਕਾਣਾ ਵਿਰਲੇ ਪੁਰਖ ਪ੍ਰਾਪਤ ਕਰਦੇ ਹਨ।

ਅੰਗ ੮੯੯ = ਭੋਜਨੁ ਭਾਉ ,ਕੀਰਤਨ ਆਧਾਰੁ ॥ ਨਿਹਚਲੁ ਆਸਨੁ ,ਬੇਸੁਮਾਰੁ ॥੨॥ ਡਿਗਿ ਨ ਡੋਲੈ, ਕਤਹੂ ਨ ਧਾਵੈ ॥ ਗੁਰ ਪ੍ਰਸਾਦਿ, ਕੋ ਇਹੁ ਮਹਲੁ ਪਾਵੈ ॥ ਭ੍ਰਮ ਭੈ ਮੋਹ ਨ ਮਾਇਆ ਜਾਲ ॥ ਸੁੰਨ ਸਮਾਧਿ ਪ੍ਰਭੂ ਕਿਰਪਾਲ ॥੩॥ ਤਾ ਕਾ ਅੰਤੁ ਨ ਪਾਰਾਵਾਰੁ ॥ ਆਪੇ ਗੁਪਤੁ ਆਪੇ ਪਾਸਾਰੁ ॥ ਜਾ ਕੈ ਅੰਤਰਿ, ਹਰਿ ਹਰਿ ਸੁਆਦੁ ॥ ਕਹਨੁ ਨ ਜਾਈ, ਨਾਨਕ ਬਿਸਮਾਦੁ ॥੪॥੯ ॥ ੨੦॥ (ਉਥੇ ਸਤਸੰਗਤ ਵਿਚ) ਪ੍ਰੇਮ ਹੀ ਸੰਤਾਂ ਦਾ ਭੋਜਨ ਹੈ ਅਤੇ ਕੀਰਤਨ ਦਾ (ਉਨ੍ਹਾਂ ਨੂੰ) ਆਸਰਾ ਹੈ।(ਸਤਸੰਗਤ ਦਾ) ਆਸਣ ਅਡੋਲ ਹੈ ਅਤੇ ਬੇਸ਼ੁਮਾਰ ਹੈ (ਵਾਸ਼ਨਾਂ ਨਾਲ ਡੋਲਦਾ ਨਹੀਂ ਅਤੇ ਨਾ ਹੀ ਆਸਣ ਦੀ ਗਿਣਤੀ ਮਿਣਤੀ ਹੋ ਸਕਦੀ ਹੈ) ।੨।(ਸਤਸੰਗੀ ਪੁਰਖ ਵਾਸ਼ਨਾਂ ਵਿਚ) ਡਿਗ ਕੇ ਡੋਲਦਾ ਨਹੀਂ ਤੇ ਨਾ ਹੀ (ਉਸ ਦਾ ਮਨ) ਕਿਸੇ ਪਾਸੇ ਦੌੜਦਾ ਹੈ (ਮਨ ਟਿਕਿਆ ਰਹਿੰਦਾ ਹੈ।ਪਰ) ਗੁਰੂ ਦੀ ਕ੍ਰਿਪਾ ਨਾਲ ਕੋਈ ਵਿਰਲਾ ਮਨੁੱਖ ਇਹ ਅਸਥਾਨ ਪ੍ਰਾਪਤ ਕਰਦਾ ਹੈ।(ਸਤਸੰਗਤ ਵਿਚ ਕਿਸੇ ਕਿਸਮ ਦਾ) ਭਰਮ, ਦੁਨੀਆਂ ਦਾ ਡਰ ਤੇ ਮੋਹ ਮਾਇਆ ਦਾ ਜਾਲ ਪੋਹ ਨਹੀਂ ਸਕਦੇ।(ਉਥੇ) ਕ੍ਰਿਪਾ ਦੇ ਘਰ ਪ੍ਰਭੂ ਵਿਚ ਅਫੁਰ ਸਮਾਧੀ ਲਗ ਜਾਂਦੀ ਹੈ।੩।(ਹੇ ਭਾਈ!) ਉਸ ਪ੍ਰਭੂ ਦਾ ਉਰਾਰ ਪਾਰ ਅਤੇ ਅੰਤ ਨਹੀਂ ਹੈ।ਪ੍ਰਭੂ ਆਪ ਹੀ ਗੁਪਤ (ਨਿਰਗੁਣ ਸਰੂਪ) ਹੈ ਅਤੇ ਆਪ ਹੀ ਵਿਸਥਾਰ (ਸਰਗੁਣ) ਰੂਪ ਹੈ।ਜਿਸ ਮਨੁੱਖ ਦੇ ਹਿਰਦੇ ਅੰਦਰ ਹਰੀ ਦੇ ਨਾਮ ਦਾ ਸੁਆਦ ਪ੍ਰਾਪਤ ਹੋਇਆ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਉਹ ਸੁਆਦ) ਅਸਚਰਜ ਹੈ (ਉਸ ਨੂੰ) ਬਿਆਨ ਨਹੀਂ ਕੀਤਾ ਜਾ ਸਕਦਾ।੪।੯।੨੦।

ਪਦਾਰਥ = ਪੰਚ ਸਬਦ = ਪੰਜ ਵਾਜਿਆਂ ਦੇ ਸ਼ਬਦ (੧.ਤਾਰ ਤੇ ਤੰਦ ਵਾਲੇ ਵਾਜੇ, ਜਿਵੇਂ ਸਿਤਾਰ ਤੇ ਰਬਾਬ ਆਦਿ, ੨. ਚੰਮ ਨਾਲ ਮੜ੍ਹੇ ਵਾਜੇ, ਜਿਵੇਂ ਮਿਰਦੰਗ ਤੇ ਢੋਲਕ ਆਦਿ, ੩. ਧਾਤ ਦੇ, ਜਿਵੇਂ ਘੰਟਾ ਤੇ ਛੈਣੇ ਆਦਿ. ੪.ਨਾਦ, ਜਿਵੇਂ ਘੜਾ ਆਦਿ, ੫. ਫੂਕ ਨਾਲ ਵੱਜਣ ਵਾਲੇ ਵਾਜੇ, ਜਿਵੇਂ ਬੰਸਰੀ, ਹਰਮੋਨੀਅਮ ਆਦਿ)।ਤਹ-ਉਥੇ (ਸਤਸੰਗਤ ਜਾਂ ਆਤਮ ਮੰਡਲ ਵਿਚ)। ਪੂਰਨ ਨਾਦ-ਪੂਰਨ ਧੁਨੀ।ਅਨਹਦ ਬਾਜੇ-ਬਿਨਾ ਵਜਾਏ ਵਾਜੇ ਵਜ ਰਹੇ ਹਨ।ਅਚਰਜ-ਅਸਚਰਜ।ਬਿਸਮਾਦ-ਆਤਮਕ ਅਨੰਦ ਵਿਚ ਮਗਨ ਕਰ ਦੇਣ ਵਾਲੀ ਅਵਸਥਾ।ਕੇਲ ਕਰਹਿ-ਖੁਸ਼ੀਆਂ ਦੇ ਖੇਲ ਕਰਦੇ (ਆਤਮਕ ਅਨੰਦ ਮਾਣਦੇ) ਹਨ।ਪੂਰਨ-ਸਰਬ ਵਿਆਪਕ ਪ੍ਰਭੂ।ਨਿਰਜੋਗ-ਨਿਰਲੇਪ।੧।ਸੁਖ ਸਹਜ-ਕੁਦਰਤੀ ਅਸਲੀ ਸੁਖ।ਭਵਨ-ਘਰ।ਬੈਸਿ-ਬੈਠ ਕੇ।ਸੋਗ-ਗਮ।੧। ਰਹਾਉ।ਊਹਾ-ਉਥੇ (ਸਤਸੰਗਤ ਵਿਚ)।ਸਿਮਰਹਿ-ਸਿਮਰਦੇ ਹਨ।ਕੇਵਲ-ਸਿਰਫ।ਬਿਰਲੇ ਪਾਵਹਿ-ਵਿਰਲੇ ਮਨੁੱਖ ਪ੍ਰਾਪਤ ਕਰਦੇ ਹਨ।ਓਹ ਬਿਸ੍ਰਾਮ-ਉਹ (ਸਤਸੰਗਤ ਦਾ) ਟਿਕਾਣਾ।ਭਾਉ-ਪ੍ਰੇਮ।ਆਧਾਰੁ-ਆਸਰਾ।ਨਿਹਚਲ-ਅਡੋਲ।ਬੇਸੁਮਾਰ-ਬੇ ਹਿਸਾਬ (ਗਿਣਤੀ ਮਿਣਤੀ ਤੋਂ ਰਹਿਤ)।੨।ਡਿਗਿ-ਡਿਗ ਕੇ।ਨ ਡੋਲੈ-ਡੋਲਦਾ ਨਹੀਂ।ਕਤਹੂ-ਕਿਸੇ ਪਾਸੇ।ਨ ਧਾਵੈ-ਦੌੜਦਾ ਨਹੀਂ।ਗੁਰ ਪ੍ਰਸਾਦਿ-ਗੁਰੂ ਦੀ ਕਿਰਪਾ ਨਾਲ।ਕੋ-ਕੋਈ (ਵਿਰਲਾ ਮਨੁੱਖ)।ਮਹਲੁ-ਅਸਥਾਨ।ਪਾਵੈ-ਪਾਉਂਦਾ ਹੈ।ਭ੍ਰਮ-ਭਰਮ; ਭਟਕਣਾ।ਭੈ-ਡਰ।ਸੁੰਨ ਸਮਾਧਿ-ਸੰਕਲਪ ਵਿਕਲਪ ਰਹਿਤ ਸਮਾਧੀ; ਪੂਰਨ ਟਿਕਾਉ ਵਾਲੀ ਸਮਾਧੀ।੩।ਤਾ ਕਾ-ਉਸ (ਪ੍ਰਭੂ) ਦਾ।ਪਾਰਾਵਾਰੁ-ਪਰਲਾ ਤੇ ਉਰਲਾ ਕੰਢਾ।ਗੁਪਤੁ-(ਸਾਰੇ ਜੀਵਾਂ ਅੰਦਰ) ਲੁਕਿਆ ਹੋਇਆ; ਨਿਰਗੁਣ ਰੂਪ।ਪਾਸਾਰੁ-ਵਿਸਥਾਰ (ਸਰਗੁਣ) ਰੂਪ।ਜਾ ਕੈ-ਜਿਸ ਦੇ।ਅੰਤਰਿ-ਹਿਰਦੇ ਅੰਦਰ।ਕਹਨੁ-ਕਥਨ; ਬਿਆਨ।ਬਿਸਮਾਦੁ-ਅਸਚਰਜ।੪।੯।੨੦।

ਰਾਮਕਲੀ ਮਹਲਾ ੫ ॥ ਭੇਟਤ ਸੰਗਿ, ਪਾਰਬ੍ਰਹਮੁ ਚਿਤਿ ਆਇਆ ॥ ਸੰਗਤਿ ਕਰਤ, ਸੰਤੋਖੁ ਮਨਿ ਪਾਇਆ ॥ ਸੰਤਹ ਚਰਨ, ਮਾਥਾ ਮੇਰੋ ਪਉਤ ॥ ਅਨਿਕ ਬਾਰ, ਸੰਤਹ ਡੰਡਉਤ ॥੧॥ ਇਹੁ ਮਨੁ ,ਸੰਤਨ ਕੈ ਬਲਿਹਾਰੀ ॥ ਜਾ ਕੀ ਓਟ ਗਹੀ ਸੁਖੁ ਪਾਇਆ ,ਰਾਖੇ ਕਿਰਪਾ ਧਾਰੀ ॥੧॥ਰਹਾਉ॥ ਸੰਤਹ ਚਰਣ, ਧੋਇ ਧੋਇ ਪੀਵਾ ॥ ਸੰਤਹ ਦਰਸੁ ,ਪੇਖਿ ਪੇਖਿ ਜੀਵਾ ॥ ਸੰਤਹ ਕੀ ਮੇਰੈ ਮਨਿ ਆਸ ॥ ਸੰਤ ਹਮਾਰੀ ਨਿਰਮਲ ਰਾਸਿ ॥੨॥ ਸੰਤ ਹਮਾਰਾ ਰਾਖਿਆ ਪੜਦਾ ॥ ਸੰਤ ਪ੍ਰਸਾਦਿ, ਮੋਹਿ ਕਬਹੂ ਨ ਕੜਦਾ ॥ ਸੰਤਹ ਸੰਗੁ ਦੀਆ ਕਿਰਪਾਲ ॥ ਸੰਤ ਸਹਾਈ ਭਏ ਦਇਆਲ ॥੩॥ ਸੁਰਤਿ ਮਤਿ ਬੁਧਿ ਪਰਗਾਸੁ ॥ ਗਹਿਰ ਗੰਭੀਰ ਅਪਾਰ ਗੁਣਤਾਸੁ ॥ ਜੀਅ ਜੰਤ ਸਗਲੇ ਪ੍ਰਤਿਪਾਲ ॥ ਨਾਨਕ ਸੰਤਹ ਦੇਖਿ ਨਿਹਾਲ ॥੪॥੧੦॥੨੧॥(ਹੇ ਭਾਈ!) ਸੰਤਾਂ ਦੀ ਸੰਗਤ ਵਿਚ ਮਿਲਣ ਨਾਲ ਪਾਰਬ੍ਰਹਮ ਮੇਰੇ ਚਿਤ ਵਿਚ ਆ ਵਸਿਆ ਹੈ।(ਉਨ੍ਹਾਂ ਦੀ) ਸੰਗਤ ਕਰਦਿਆਂ ਮੇਰੇ ਮਨ ਵਿਚ ਸੰਤੋਖ ਪ੍ਰਾਪਤ ਹੋਇਆ

ਹੈ।ਮੇਰਾ ਮੱਥਾ ਸੰਤਾਂ ਦੇ ਚਰਨਾਂ ਉਤੇ ਪੈਂਦਾ ਹੈ।ਮੈਂ ਅਨੇਕਾਂ ਬਾਰ ਸੰਤਾਂ ਨੂੰ ਨਮਸ਼ਕਾਰ ਕਰਦਾ ਹਾਂ।੧।(ਹੇ ਭਾਈ!) ਮੇਰਾ ਇਹ ਮਨ ਸੰਤਾਂ ਦੇ ਉਤੋਂ ਕੁਰਬਾਨ ਜਾਂਦਾ ਹੈ।ਜਿਨ੍ਹਾਂ ਦੀ ਓਟ ਫੜਨ ਨਾਲ ਮੈਂ ਸੁਖ ਪਾਇਆ ਹੈ, (ਉਨ੍ਹਾਂ ਸੰਤਾਂ ਨੇ) ਕ੍ਰਿਪਾ ਕਰਕੇ ਮੇਰੀ ਰੱਖਿਆ ਕੀਤੀ ਹੈ।੧।ਰਹਾਉ।(ਹੇ ਭਾਈ!) ਮੈਂ ਸੰਤਾਂ ਦੇ ਚਰਨ ਧੋ ਧੋ ਕੇ ਪੀਂਦਾ ਹਾਂ।ਮੈਂ ਸੰਤਾਂ ਦਾ ਦਰਸ਼ਨ ਦੇਖ ਦੇਖ ਕੇ ਜਿਉਂਦਾ ਹਾਂ।ਮੇਰੇ ਮਨ ਵਿਚ ਸੰਤਾਂ ਦੀ ਆਸ ਹੈ।ਸੰਤਾਂ (ਤੋਂ ਪ੍ਰਾਪਤ ਹੋਇਆ ਨਾਮ) ਮੇਰੀ ਨਿਰਮਲ ਪੂੰਜੀ ਹੈ।੨।(ਹੇ ਭਾਈ!) ਸੰਤਾਂ ਨੇ ਮੇਰਾ ਪੜਦਾ ਢਕ ਰੱਖਿਆ ਹੈ।ਸੰਤਾਂ ਦੀ ਕ੍ਰਿਪਾ ਨਾਲ ਮੈਂ ਕਦੇ ਝੁਰਦਾ ਨਹੀਂ ਭਾਵ ਦੁਖੀ ਨਹੀਂ ਹੁੰਦਾ।ਕ੍ਰਿਪਾ ਕਰਨ ਵਾਲੇ ਪ੍ਰਭੂ ਨੇ ਮੈਨੂੰ ਸੰਤਾਂ ਦਾ ਸਾਥ ਦਿਤਾ ਹੈ।ਦਇਆ ਦੇ ਘਰ ਸੰਤ ਮੇਰੇ ਸਹਾਈ ਹੋਏ ਹਨ; ਸੰਤ ਸਹਾਈ ਹੋਏ, ਤਾਂ ਪ੍ਰਭੂ ਦਇਆਲ ਹੋ ਗਿਆ ਹੈ।੩।(ਹੇ ਭਾਈ! ਸੰਤਾਂ ਦੀ ਸੰਗਤ ਕਰਕੇ ਮੇਰੀ) ਸੁਰਤ ਵਿਚ, ਮੱਤ ਵਿਚ ਅਤੇ ਬੁੱਧੀ ਵਿਚ ਗਿਆਨ ਦਾ ਚਾਨਣ ਹੋਇਆ ਹੈ।ਪ੍ਰਭੂ ਬਹੁਤ ਡੂੰਘਾ, ਸੰਜੀਦਾ ਅਤੇ ਬੇਅੰਤ ਗੁਣਾਂ ਦਾ ਖਜਾਨਾ ਹੈ।(ਉਹ) ਸਾਰੇ ਜੀਵ ਜੰਤਾਂ ਦੀ ਪਾਲਣਾ ਕਰਦਾ ਹੈ।ਨਾਨਕ ਸੰਤਾਂ ਨੂੰ ਦੇਖ ਕੇ ਨਿਹਾਲ ਹੋ ਗਿਆ ਹੈ।੪।੧੦।੨੧।

ਪਦਾਰਥ = ਭੇਟਤ–ਮਿਲਣ ਨਾਲ।ਸੰਗਿ–ਸੰਗਤ ਵਿਚ।ਚਿਤਿ–ਚਿਤ ਵਿਚ।ਕਰਤ–ਕਰਦਿਆਂ।ਮਨਿ–ਮਨ ਵਿਚ।ਸੰਤਹ–ਸੰਤਾਂ ਨੂੰ।ਡੰਡਉਤ–ਨਮਸ਼ਕਾਰ।੧।ਕੈ–ਦੇ; ਤੋਂ।ਬਲਿਹਾਰੀ–ਕੁਰਬਾਨ ਜਾਂਦਾ ਹੈ।ਜਾ ਕੀ–ਜਿਨ੍ਹਾਂ ਦੀ।ਗਹੀ–ਫੜਨ ਨਾਲ।ਧਾਰੀ–ਧਾਰ ਕੇ; ਕਰਕੇ।੧।ਰਹਾਉ।ਸੰਤਹ–ਸੰਤਾਂ ਦੇ।ਧੋਇ–ਧੋ ਕੇ।ਪੀਵਾ–ਮੈਂ ਪੀਂਦਾ ਹਾਂ।ਪੇਖਿ–ਦੇਖ ਕੇ।ਜੀਵਾ–ਜਿਉਂਦਾ ਹਾਂ।ਹਮਾਰੀ–ਮੇਰੀ।ਨਿਰਮਲ ਰਾਸਿ–ਪਵਿਤ੍ਰ ਪੂੰਜੀ।੨।ਸੰਤ ਪ੍ਰਸਾਦਿ–ਸੰਤਾਂ ਦੀ ਕ੍ਰਿਪਾ ਨਾਲ।ਮੋਹਿ–ਮੈਂ; ਮੈਨੂੰ।ਕਬਹੂ–ਕਦੇ ਵੀ।ਨ ਕੜਦਾ–ਝੁਰਦਾ ਨਹੀਂ; ਦੁਖੀ ਨਹੀਂ ਹੁੰਦਾ।ਸੰਗੁ–ਸਾਥ।ਸਹਾਈ–ਸਹਾਇਤਾ ਕਰਨ ਵਾਲਾ।ਭਏ–ਹੋਏ।੩।ਪਰਗਾਸੁ–ਗਿਆਨ ਦਾ ਚਾਨਣ।ਗਹਿਰ–ਡੂੰਘਾ।ਗੰਭੀਰ–ਸੰਜੀਦਾ; ਅਡੋਲ।ਅਪਾਰ–ਬੇਅੰਤ।ਗੁਣ ਤਾਸੁ–ਗੁਣਾਂ ਦਾ ਖਜਾਨਾ।ਜੀਅ ਜੰਤ–ਛੋਟੇ ਵੱਡੇ ਜੀਵਾਂ ਦੀ। ਸਗਲੇ–ਸਾਰੇ।ਪ੍ਰਤਿਪਾਲ–ਪਾਲਣਾ ਕਰਦਾ ਹੈ।ਨਿਹਾਲ–ਪ੍ਰਸੰਨ; ਦੁਖ ਰਹਿਤ ਅਵਸਥਾ।੪।੧੦।੨੧।

ਰਾਮਕਲੀ ਮਹਲਾ ੫ ॥ ਤੇਰੈ ਕਾਜਿ ਨ, ਗ੍ਰਿਹੁ ਰਾਜੁ ਮਾਲੁ ॥ ਤੇਰੈ ਕਾਜਿ ਨ, ਬਿਖੈ ਜੰਜਾਲੁ ॥ ਇਸਟ ਮੀਤ ਜਾਣੁ ਸਭ ਛਲੈ ॥ ਹਰਿ ਹਰਿ ਨਾਮੁ ,ਸੰਗਿ ਤੇਰੈ ਚਲੈ ॥੧॥ ਰਾਮ ਨਾਮ ਗੁਣ ਗਾਇ ਲੇ ਮੀਤਾ, ਹਰਿ ਸਿਮਰਤ ਤੇਰੀ ਲਾਜ ਰਹੈ ॥ ਹਰਿ ਸਿਮਰਤ ਜਮੁ ਕਛੁ ਨ ਕਹੈ ॥੧॥ਰਹਾਉ॥ ਬਿਨੁ ਹਰਿ, ਸਗਲ ਨਿਰਾਰਥ ਕਾਮ ॥ ਸੁਇਨਾ ਰੁਪਾ ਮਾਟੀ ਦਾਮ ॥ ਗੁਰ ਕਾ ਸਬਦੁ ,ਜਾਪਿ ਮਨ ਸੁਖਾ ॥ ਈਹਾ ਊਹਾ, ਤੇਰੋ ਊਜਲ ਮੁਖਾ ॥੨॥ ਕਰਿ ਕਰਿ ਥਾਕੇ ਵਡੇ ਵਡੇਰੇ ॥ ਕਿਨਹੀ ਨ ਕੀਏ, ਕਾਜ ਮਾਇਆ ਪੂਰੇ ॥ ਹਰਿ ਹਰਿ ਨਾਮੁ ਜਪੈ ਜਨੁ ਕੋਇ ॥ ਤਾ ਕੀ ਆਸਾ ਪੂਰਨ ਹੋਇ ॥੩॥ ਹਰਿ ਭਗਤਨ ਕੋ ਨਾਮੁ ਅਧਾਰੁ ॥ ਸੰਤੀ ਜੀਤਾ ਜਨਮੁ ਅਪਾਰੁ ॥ ਹਰਿ ਸੰਤੁ ਕਰੇ ਸੋਈ ਪਰਵਾਣੁ ॥ ਨਾਨਕ ਦਾਸੁ ਤਾ ਕੈ ਕੁਰਬਾਣੁ ॥੪॥੧੧॥੨੨॥ (ਹੇ ਭਾਈ!) ਘਰ, ਰਾਜ ਅਤੇ ਧਨ ਸੰਪਦਾ ਆਦਿਕ ਤੇਰੇ ਕਿਸੇ ਕੰਮ ਵਿਚ ਆਉਣੇ।ਵਿਹੁ ਰੂਪ ਮਾਇਆ ਦਾ ਜੰਜਾਲ ਵੀ ਤੇਰੇ ਕੰਮ ਨਹੀਂ ਅਉਣਾ।ਤੂੰ ਜਾਣ ਲੈ ਕਿ ਪਿਆਰੇ ਮਿਤ੍ਰ ਸਭ ਧੋਖਾ ਦੇਣ ਵਾਲੇ ਹਨ।(ਕੇਵਲ) ਹਰੀ ਦਾ ਨਾਮ ਤੇਰੇ ਨਾਲ ਚੱਲੇਗਾ।੧।ਹੇ ਮਿਤ੍ਰ! ਪ੍ਰਮਾਤਮਾ ਦਾ ਨਾਮ ਜਪ ਲੈ ਅਤੇ ਹਰੀ ਦੇ ਗੁਣ ਗਾ ਲੈ, ਹਰੀ ਦਾ ਨਾਮ ਸਿਮਰਦਿਆਂ (ਲੋਕ ਪ੍ਰਲੋਕ ਵਿਚ) ਤੇਰੀ ਇੱਜਤ ਰਹਿ ਜਾਏਗੀ।ਹਰੀ ਦਾ ਨਾਮ ਸਿਮਰਦਿਆਂ ਜਮ ਕੁਛ ਨਹੀਂ ਕਹੇਗਾ।੧।ਰਹਾਉ।(ਹੇ ਮਿਤ੍ਰ!) ਹਰੀ ਦੇ ਨਾਮ ਤੋਂ ਬਿਨਾ ਸਾਰੇ ਕੀਤੇ ਕੰਮ ਬਿਅਰਥ ਹਨ। ਸੋਨਾ, ਚਾਂਦੀ ਅਤੇ ਦਮੜੇ (ਰੁਪਏ) ਸਭ ਮਿੱਟੀ ਰੂਪ ਹਨ (ਕਿਸੇ ਕੰਮ ਦੇ ਨਹੀਂ)।ਗੁਰੂ ਦਾ ਸ਼ਬਦ ਜਪ ਕੇ ਮਨ ਨੂੰ ਸੁਖ ਮਿਲਦਾ ਹੈ।(ਇਸ ਤਰ੍ਹਾਂ) ਇਸ ਲੋਕ ਵਿਚ ਅਤੇ ਉਸ ਪ੍ਰਲੋਕ ਵਿਚ ਤੇਰਾ ਮੂੰਹ ਉਜਲ ਹੋਵੇਗਾ।੨।(ਹੇ ਮਿਤ੍ਰ! ਤੇਰੇ ਤੋਂ ਪਹਿਲਾਂ ਹੋ ਚੁੱਕੇ) ਵੱਡੇ ਤੋਂ ਵੱਡੇ ਲੋਕ (ਮਾਇਆ ਵਾਸਤੇ ਕੰਮ ਧੰਧੇ) ਕਰ ਕਰਕੇ ਥੱਕ ਗਏ।ਕਿਸੇ ਨੇ ਵੀ ਮਾਇਆ ਦੇ ਕੰਮ ਪੂਰੇ ਨਹੀਂ ਕੀਤੇ (ਕੰਮ ਅਧੂਰੇ ਹੀ ਰਹੇ।ਜਿਹੜਾ) ਕੋਈ ਪੁਰਖ ਹਰਿ ਹਰਿ ਨਾਮ ਜਪਦਾ ਹੈ।ਉਸ ਦੀ ਆਸ ਪੂਰਨ ਹੋ ਜਾਂਦੀ ਹੈ।੩।(ਹੇ ਮਿਤ੍ਰ!) ਹਰੀ ਦੇ ਭਗਤਾਂ ਨੂੰ ਹਰੀ ਦਾ ਨਾਮ ਹੀ ਆਸਰਾ ਹੈ।ਸੰਤਾਂ ਨੇ ਅਪਣਾ ਅਮੋਲਕ ਜਨਮ ਜਿਤ ਲਿਆ ਹੈ।ਹਰੀ ਦਾ ਸੰਤ (ਜੋ ਕਰਮ) ਕਰਦਾ ਹੈ, ਉਹ (ਪ੍ਰਭੂ ਨੂੰ) ਪ੍ਰਵਾਨ ਹੁੰਦਾ ਹੈ।ਦਾਸ ਨਾਨਕ ਉਸ ਸੰਤ ਦੇ ਕੁਰਬਾਨ ਜਾਂਦਾ ਹੈ।੪। ੧੧।੨੨।

ਪਦਾਰਥ = ਤੇਰੈ ਕਾਜਿ–ਤੇਰੇ ਕੰਮ ਵਿਚ।ਗ੍ਰਿਹੁ–ਘਰ।ਮਾਲੁ–ਧਨ ਸੰਪਦਾ।ਬਿਖੈ ਜੰਜਾਲੁ–ਵਿਹੁ ਰੂਪ ਝਮੇਲਾ।ਇਸਟ ਮੀਤ–ਪਿਆਰੇ ਮਿਤ੍ਰ।ਜਾਣੁ–ਜਾਣ ਲੈ।ਛਲੈ–ਧੋਖਾ ਦੇਣ ਵਾਲੇ ਹਨ।੧।ਸੰਗਿ–ਨਾਲ।ਚਲੈ–ਚਲੇਗਾ।ਮੀਤਾ–ਹੇ ਮਿਤ੍ਰ!।ਗਾਇ ਲੇ–ਗਾ ਲੈ।ਲਾਜ ਰਹੈ–ਇੱਜਤ ਰਹਿ ਜਾਵੇਗੀ।੧।ਰਹਾਉ।ਸਗਲ–ਸਾਰੇ।ਨਿਰਾਰਥ–ਬਿਅਰਥ।ਕਾਮ–ਕੰਮ।ਸੁਇਨਾ–ਸੋਨਾ।ਰੁਪਾ–

ਚਾਂਦੀ।ਮਾਟੀ–ਮਿੱਟੀ।ਦਾਮ–ਦਮੜੇ (ਰੁਪਏ)।ਸੁਖਾ–ਸੁਖ।ਈਹਾ–ਇਸ ਲੋਕ ਵਿਚ।ਊਹਾ–ਉਸ ਲੋਕ ਵਿਚ।ਮੁਖਾ–ਮੂੰਹ।੨। ਕਰਿ ਕਰਿ–ਕਰ ਕਰਕੇ।ਥਾਕੀ–ਥੱਕ ਗਏ।ਵੱਡੇ ਵਡੇਰੇ–ਵੱਡੇ ਵੱਡੇ ਲੋਕ।ਕਿਨਹੀ–ਕਿਸੇ ਨੇ ਵੀ।ਨ ਕੀਏ–ਨਹੀਂ ਕੀਤੇ।ਜਨੁ–ਮਨੁੱਖ।ਤਾ ਕੀ–ਉਸ ਦੀ।੩।ਭਗਤਨ ਕੋ–ਭਗਤਾਂ ਨੂੰ।ਆਧਾਰੁ–ਆਸਰਾ।ਸੰਤੀ–ਸੰਤਾਂ ਨੇ।ਜੀਤਾ–ਜਿਤ ਲਿਆ ਹੈ।ਅਪਾਰੁ–ਅਮੋਲਕ।ਕਰੇ–(ਜੋ ਵੀ ਕਰਮ) ਕਰਦਾ ਹੈ।ਸੋਈ–ਉਹ।ਪਰਵਾਣੁ–ਪ੍ਰਮਾਣੀਕ।ਤਾ ਕੈ–ਉਸ (ਸੰਤ) ਦੇ।੪।੧੧।੨੨।

ਰਾਮਕਲੀ ਮਹਲਾ ੫ ॥ ਸਿੰਚਹਿ ਦਰਬੁ ,ਦੇਹਿ ਦੁਖੁ ਲੋਗ ॥ ਤੇਰੈ ਕਾਜਿ ਨ ਅਵਰਾ ਜੋਗ ॥ ਕਰਿ ਅਹੰਕਾਰੁ ਹੋਇ ਵਰਤਹਿ ਅੰਧ ॥ ਜਮ ਕੀ ਜੇਵੜੀ, ਤੂ ਆਗੈ ਬੰਧ ॥੧॥ ਛਾਡਿ ਵਿਡਾਣੀ ਤਾਤਿ ਮੂੜੇ ॥ ਈਹਾ ਬਸਨਾ ਰਾਤਿ ਮੂੜੇ ॥ ਮਾਇਆ ਕੇ ਮਾਤੇ, ਤੈ ਉਠਿ ਚਲਨਾ ॥ ਰਾਚਿ ਰਹਿਓ ਤੂ ,ਸੰਗਿ ਸੁਪਨਾ ॥੧॥ਰਹਾਉ॥ ਬਾਲ ਬਿਵਸਥਾ, ਬਾਰਿਕੁ ਅੰਧ ॥ ਭਰਿ ਜੋਬਨਿ, ਲਾਗਾ ਦੁਰਗੰਧ ॥ (ਹੇ ਭਾਈ!) ਤੂੰ ਲੋਕਾਂ ਨੂੰ ਦੁਖ ਦੇ ਕੇ ਧਨ ਇਕੱਠਾ ਕਰਦਾ ਹੈਂ।(ਪਰ ਅੰਤ ਸਮੇਂ ਇਹ ਧਨ) ਤੇਰੇ ਕੰਮ ਵਿਚ ਨਹੀਂ ਆਵੇਗਾ, ਹੋਰਨਾਂ (ਦੇ ਵਰਤਣ) ਜੋਗਾ ਹੀ ਰਹਿ ਜਾਵੇਗਾ।ਤੂੰ ਹੰਕਾਰ ਕਰਕੇ ਅੰਨ੍ਹਾ ਹੋ ਕੇ (ਲੋਕਾਂ ਨਾਲ) ਵਰਤਦਾ ਹੈਂ।ਤੂੰ ਜਮ ਦੀ ਰੱਸੀ ਨਾਲ ਬੰਨ੍ਹਿਆ ਹੋਇਆ ਅੱਗੇ (ਪ੍ਰਲੋਕ ਵਿਚ) ਜਾਵੇਂਗਾ।੧।ਹੇ ਮੂਰਖ ਮਨੁੱਖ! ਤੂੰ ਦੂਜਿਆਂ ਨਾਲ ਈਰਖਾ ਕਰਨੀ ਛਡ ਦੇਹ।ਹੇ ਮੂਰਖ ਮਨੁੱਖ! ਇਸ ਲੋਕ ਵਿਚ ਤੂੰ ਇਕ ਰਾਤ (ਥੋੜਾ ਸਮਾਂ) ਹੀ ਵਸਨਾ ਹੈ।ਹੇ ਮਾਇਆ ਵਿਚ ਮਸਤ ਹੋਏ ਮਨੱਖ! ਤੈਂ (ਇਸ ਸੰਸਾਰ ਵਿਚੋਂ ਛੇਤੀ ਹੀ) ਉਠ ਕੇ ਚਲੇ ਜਾਣਾ ਹੈ।ਸੁਪਨੇ (ਦੀ ਨਿਆਈ ਜੋ ਜਗਤ ਹੈ, ਇਸ) ਨਾਲ ਤੂੰ ਮਸਤ ਹੋ ਰਿਹਾ ਹੈਂ।੧। ਰਹਾਉ।ਬਚਪਨ ਦੀ ਉਮਰ ਵਿਚ ਬਚਾ ਬੇਸਮਝ ਰਹਿੰਦਾ ਹੈ।ਭਰ ਜਵਾਨੀ ਵਿਚ ਵਿਸ਼ੇ ਵਿਕਾਰਾਂ ਵਿਚ ਲਗ ਜਾਂਦਾ ਹੈ।

ਅੰਗ ੮੯੦ = ਤ੍ਰਿਤੀਅ ਬਿਵਸਥਾ, ਸਿੰਚੇ ਮਾਇ ॥ ਬਿਰਧਿ ਭਇਆ, ਛੋਡਿ ਚਲਿਓ ਪਛੁਤਾਇ ॥੨॥ ਚਿਰੰਕਾਲ ਪਾਈ ਦ੍ਰੁਲਭ ਦੇਹ ॥ ਨਾਮ ਬਿਹੂਣੀ, ਹੋਈ ਖੇਹ ॥ ਪਸੂ ਪਰੇਤ ਮੁਗਧ ਤੇ ਬੁਰੀ ॥ ਤਿਸਹਿ ਨ ਬੂਝੈ, ਜਿਨਿ ਏਹ ਸਿਰੀ ॥੩॥ ਸੁਣਿ ਕਰਤਾਰ ਗੋਵਿੰਦ ਗੋਪਾਲ ॥ ਦੀਨ ਦਇਆਲ, ਸਦਾ ਕਿਰਪਾਲ ॥ ਤੁਮਹਿ ਛਡਾਵਹੁ ,ਛੁਟਕਹਿ ਬੰਧ ॥ ਬਖਸਿ ਮਿਲਾਵਹੁ ,ਨਾਨਕ ਜਗ ਅੰਧ ॥੪॥੧੨॥੨੩॥ ਤੀਜੀ (ਜਵਾਨੀ ਤੋਂ ਬਾਦ ਅਧਖੜ) ਉਮਰ ਵਿਚ ਮਾਇਆ ਇੱਕਠੀ ਕਰਦਾ ਹੈ।(ਫਿਰ ਜਦੋਂ) ਬੁੱਢਾ ਹੋਇਆ ਤਾਂ ਅੰਤ ਪਛਤਾ ਕੇ (ਇੱਕਠੀ ਕੀਤੀ ਮਾਇਆ ਇਥੇ ਹੀ) ਛਡ ਕੇ ਪ੍ਰਲੋਕ ਨੂੰ ਚਲ ਪੈਂਦਾ ਹੈ।੨।(ਹੇ ਭਾਈ! ਮਨੁੱਖ ਨੂੰ) ਬਹੁਤ ਦੇਰ ਪਿੱਛੋਂ ਦੁਰਲੱਭ ਦੇਹ ਪ੍ਰਾਪਤ ਹੋਈ ਹੈ।(ਪਰ) ਨਾਮ ਸਿਮਰਨ ਤੋਂ ਬਿਨਾ (ਇਹ ਦੇਹ) ਮਿੱਟੀ ਹੋ ਗਈ ਹੈ।(ਨਾਮ ਤੋਂ ਬਿਨਾ) ਮੂਰਖ ਮਨੁੱਖ ਦੀ ਦੇਹ ਪਸ਼ੂ ਤੇ ਪਰੇਤਾਂ ਤੋਂ ਵੀ ਬੁਰੀ ਹੈ।ਜਿਸ ਪ੍ਰਭੂ ਨੇ ਇਹ ਮਨੁੱਖਾ ਦੇਹੀ ਸਿਰਜੀ ਹੈ, ਉਸ ਨੂੰ ਇਹ ਨਹੀਂ ਸਮਝਦਾ।੩।ਹੇ ਕਰਤਾਰ! ਹੇ ਗੋਵਿੰਦ! ਹੇ ਗੋਪਾਲ! ਹੇ ਗਰੀਬਾਂ ਉਤੇ ਦਇਆ ਕਰਨ ਵਾਲੇ! ਹੇ ਸਦਾ ਕ੍ਰਿਪਾ ਕਰਨ ਵਾਲੇ ਪ੍ਰਭੂ! ਮੇਰੀ ਬੇਨਤੀ ਸੁਣ।ਜੀਵਾਂ ਦੇ ਬੰਧਨ ਤਾਂ ਛੁੱਟ ਸਕਣਗੇ, ਜੇ ਤੁਸੀਂ ਛਡਾਵੋਂਗੇ।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ (ਕਿ ਹੇ ਪ੍ਰਭੂ!) ਜਗਤ ਦੇ ਜੀਵ ਅੰਨ੍ਹੇ (ਅਗਿਆਨੀ) ਹਨ, ਬਖਸ਼ਿਸ਼ ਕਰਕੇ (ਇਨ੍ਹਾਂ ਨੂੰ ਅਪਣੇ ਨਾਲ) ਮਿਲਾ ਲਵੋ।੪।੧੨।੨੩।

ਪਦਾਰਥ = ਸਿੰਚਹਿ–ਇੱਕਠਾ ਕਰਦਾ ਹੈਂ।ਦਰਬੁ–ਧਨ।ਦੇਹਿ–ਦੇ ਕੇ; ਦੇਂਦਾ ਹੈਂ।ਲੋਗ–ਲੋਕਾਂ ਨੂੰ।ਕਾਜਿ–ਕੰਮ ਵਿਚ।ਅਵਰਾ ਜੋਗ–ਹੋਰਨਾਂ ਜੋਗਾ।ਕਰਿ–ਕਰਕੇ।ਹੋਇ ਅੰਧ–ਅੰਨ੍ਹਾ ਹੋ ਕੇ।ਵਰਤਹਿ–ਵਰਤਦਾ ਹੈਂ।ਜਮ–ਜਮ ਦੀ।ਜੇਵੜੀ–ਰੱਸੀ; ਫਾਹੀ। ਆਗੈ–ਅੱਗੇ ਪ੍ਰਲੋਕ ਵਿਚ।ਬੰਧ–ਬੰਨ੍ਹਿਆ ਹੋਇਆ।੧।ਛਾਡਿ–ਛਡ ਦੇਹ।ਵਿਡਾਣੀ–ਬਿਗਾਨਿਆਂ (ਦੂਜਿਆਂ) ਨਾਲ।ਤਾਤਿ–ਸਾੜਾ ;ਈਰਖਾ।ਮੂੜੇ–ਹੇ ਮੂਰਖ ਮਨੁੱਖ!।ਈਹਾ–ਇਸ ਲੋਕ ਵਿਚ।ਬਸਨਾ–ਵਸਣਾ ਹੈ।ਰਾਤਿ–ਰਾਤ (ਥੋੜਾ ਸਮਾਂ)।ਮਾਤੇ–ਮਸਤੇ ਹੋਏ।ਉਠਿ–ਉਠ ਕੇ।ਚਲਨਾ–ਚਲੇ ਜਾਣਾ ਹੈ।ਰਾਚਿ ਰਹਿਓ–ਤੂੰ ਮਸਤ ਹੋ ਰਿਹਾ ਹੈਂ।ਸੰਗਿ ਸੁਪਨਾ–ਸੁਪਨੇ (ਜਗਤ) ਨਾਲ।੧। ਰਹਾਉ।ਬਾਲ ਬਿਵਸਥਾ–ਬਚਪਨ ਦੀ ਉਮਰ ਵਿਚ।ਬਾਰਿਕੁ–ਬੱਚਾ।ਅੰਧ–ਬੇਸਮਝ; ਵਿਚਾਰਹੀਨ।ਭਰਿ ਜੋਬਨਿ–ਭਰੀ ਜਵਾਨੀ ਵਿਚ।ਦੁਰਗੰਧ–ਵਿਸ਼ੇ ਵਿਕਾਰਾਂ ਵਿਚ।ਤ੍ਰਿਤੀਅ ਬਿਵਸਥਾ–ਤੀਜੀ ਅਧਖੜ ਉਮਰ ਵਿਚ।ਸਿੰਚੇ–ਇਕੱਠੀ ਕਰਦਾ ਹੈ।ਮਾਇ–ਮਾਇਆ।ਬਿਰਧਿ ਭਇਆ–ਬੁੱਢਾ ਹੋਇਆ।ਪਛੁਤਾਇ–ਪਛਤਾ ਕੇ।੨।ਚਿਰੰਕਾਲ–ਬਹੁਤ ਦੇਰ ਪਿੱਛੋਂ।ਪਾਈ–ਪ੍ਰਾਪਤ ਹੋਈ ਹੈ। ਦ੍ਰੁਲਭ ਦੇਹ–ਮੁਸਕਲ ਨਾਲ ਮਿਲਣ ਵਾਲਾ ਸਰੀਰ।ਬਿਹੂਣੀ–ਬਿਨਾ; ਖਾਲੀ।ਖੇਹ–ਮਿੱਟੀ; ਨਿਸਫਲ।ਤੇ–ਤੋਂ।ਤਿਸਹਿ–ਉਸ ਨੂੰ।ਨ ਬੂਝਹਿ–ਨਹੀਂ ਸਮਝਦਾ।ਜਿਨਿ–ਜਿਸ ਨੇ।ਸਿਰੀ–ਸਿਰਜੀ (ਪੈਦਾ ਕੀਤੀ)।੩।ਗੋਪਾਲ–ਹੇ ਪ੍ਰਿਥਵੀ ਦੀ ਪਾਲਣਾ ਕਰਨ ਵਾਲੇ ਪ੍ਰਭੂ!।ਦੀਨ ਦਇਆਲ–ਹੇ ਗਰੀਬਾਂ ਉਤੇ ਦਇਆ ਕਰਨ ਵਾਲੇ!।ਤੁਮਹਿ–ਤੁਸੀਂ।ਛੁਟਕਹਿ–ਛੁਟ (ਖੁਲ੍ਹ) ਸਕਣਗੇ।ਬੰਧ–ਬੰਧਨ।ਬਖਸਿ–ਬਖਸ਼ਿਸ਼ ਕਰਕੇ।ਜਗ ਅੰਧ–ਜਗਤ ਦੇ ਅੰਨ੍ਹੇ (ਅਗਿਆਨੀ) ਜੀਵ।੪।੧੨।੨੩।

ਰਾਮਕਲੀ ਮਹਲਾ ੫ ॥ ਕਰਿ ਸੰਜੋਗੁ ਬਨਾਈ ਕਾਛਿ ॥ ਤਿਸੁ ਸੰਗਿ ਰਹਿਓ ਇਆਨਾ ਰਾਚਿ ॥ ਪ੍ਰਤਿਪਾਰੈ ਨਿਤ ਸਾਰਿ ਸਮਾਰੈ ॥ ਅੰਤ ਕੀ ਬਾਰ ਊਠਿ ਸਿਧਾਰੈ ॥੧॥ ਨਾਮ ਬਿਨਾ ਸਭੁ ਝੂਠੁ ਪਰਾਨੀ ॥ ਗੋਵਿਦ ਭਜਨ ਬਿਨੁ ਅਵਰ ਸੰਗਿ ਰਾਤੇ, ਤੇ ਸਭਿ ਮਾਇਆ ਮੂਠੁ ਪਰਾਨੀ ॥੧॥ਰਹਾਉ॥ ਤੀਰਥ ਨਾਇ, ਨ ਉਤਰਸਿ ਮੈਲੁ ॥ ਕਰਮ ਧਰਮ ਸਭਿ, ਹਉਮੈ ਫੈਲੁ ॥ ਲੋਕ ਪਚਾਰੈ, ਗਤਿ ਨਹੀ ਹੋਇ ॥ ਨਾਮ ਬਿਹੂਣੇ, ਚਲਸਹਿ ਰੋਇ ॥੨॥ ਬਿਨੁ ਹਰਿ ਨਾਮ, ਨ ਟੂਟਸਿ ਪਟਲ ॥ ਸੋਧੇ ਸਾਸਤ੍ਰ ਸਿਮ੍ਰਿਤਿ ਸਗਲ ॥ ਸੋ ਨਾਮੁ ਜਪੈ, ਜਿਸੁ ਆਪਿ ਜਪਾਏ ॥ ਸਗਲ ਫਲਾ, ਸੇ ਸੂਖਿ ਸਮਾਏ ॥੩॥ ਰਾਖਨਹਾਰੇ ਰਾਖਹੁ ਆਪਿ ॥ ਸਗਲ ਸੁਖਾ ਪ੍ਰਭ ਤੁਮਰੈ ਹਾਥਿ ॥ ਜਿਤੁ ਲਾਵਹਿ, ਤਿਤੁ ਲਾਗਹਿ ਸੁਆਮੀ ॥ ਨਾਨਕ ਸਾਹਿਬੁ ਅੰਤਰਜਾਮੀ ॥੪॥੧੩॥੨੪॥ (ਪ੍ਰਭੂ ਨੇ ਪੰਜ ਤੱਤਾਂ ਦਾ) ਸੰਜੋਗ ਕਰਕੇ ਸਰੀਰ ਰਚਨਾ ਬਣਾਈ ਹੈ।ਉਸ ਦੇਹ ਨਾਲ ਇਹ ਬੇਸਮਝ ਮਨੁੱਖ ਰਚਿਆ ਰਹਿੰਦਾ ਹੈ।(ਮਨੁੱਖ ਇਸ ਦੇਹ ਦੀ) ਹਰ ਰੋਜ ਪਾਲਣਾ ਕਰਦਾ ਹੈ ਅਤੇ ਸਾਂਭ ਸੰਭਾਲ ਕਰਦਾ ਹੈ।(ਪਰ) ਅੰਤ ਦੀ ਵਾਰੀ (ਇਥੋਂ ਖਾਲੀ ਹੱਥ) ਉਠ ਕੇ ਚਲਾ ਜਾਂਦਾ ਹੈ।੧।ਹੇ ਪ੍ਰਾਣੀ! ਪ੍ਰਭੂ ਦੇ ਨਾਮ ਤੋਂ ਬਿਨਾ ਸਭ ਕੁਛ ਝੂਠ (ਨਾਸ਼ਵੰਤ) ਹੈ।ਗੋਵਿੰਦ ਦੇ ਭਜਨ ਤੋਂ ਬਿਨਾ (ਜੋ ਮਨੁੱਖ) ਹੋਰ ਚੀਜਾਂ ਨਾਲ ਮਸਤ ਹਨ, ਉਹ ਸਾਰੇ ਪ੍ਰਾਣੀ ਮਾਇਆ ਦੇ (ਮੋਹ ਵਿਚ) ਠੱਗੇ ਹੋਏ ਹਨ।੧।ਰਹਾਉ।(ਹੇ ਭਾਈ!) ਤੀਰਥਾਂ ਤੇ ਨਹਾ ਕੇ (ਮਨ ਦੀ) ਮੈਲ ਨਹੀਂ ਉਤਰਦੀ।(ਸ਼ਾਸਤ੍ਰਾਂ ਦੇ ਦੱਸੇ) ਸਾਰੇ ਕਰਮ ਧਰਮ ਹਉਮੈ ਦਾ ਹੀ ਪਸਾਰਾ ਹੈ।ਲੋਕਾਂ ਨੂੰ ਪਰਚਾਉਣ ਨਾਲ ਮੁਕਤੀ ਨਹੀਂ ਹੁੰਦੀ।ਨਾਮ ਵਿਹੂਣੇ ਮਨੁੱਖ ਰੋ ਕੇ (ਦੁਖੀ ਹੋ ਕੇ ਪ੍ਰਲੋਕ ਨੂੰ) ਜਾਣਗੇ।੨।(ਹੇ ਭਾਈ!) ਸਾਰੇ ਸ਼ਾਸਤ੍ਰ ਅਤੇ ਸਾਰੀਆਂ ਸਿਮ੍ਰਤੀਆਂ ਖੋਜ ਕੇ ਦੇਖੇ ਹਨ, ਹਰੀ ਦੇ ਨਾਮ ਤੋਂ ਬਿਨਾ ਭਰਮ ਦੇ ਪੜਦੇ ਨਹੀਂ ਟੁਟਦੇ।ਉਹ ਮਨੁੱਖ ਹਰੀ ਦਾ ਨਾਮ ਜਪਦਾ ਹੈ, ਜਿਸ ਨੂੰ ਹਰੀ ਆਪ ਜਪਾਉਂਦਾ ਹੈ।(ਉਸ ਨੂੰ) ਸਾਰੇ ਫਲ ਮਿਲ ਜਾਂਦੇ ਹਨ ਅਤੇ ਉਹ ਸੁਖ ਵਿਚ ਸਮਾਉਂਦਾ ਹੈ।੩।ਹੇ ਰੱਖਿਆ ਕਰਨ ਵਾਲੇ ਪ੍ਰਭੂ! (ਮੋਹ ਮਾਇਆ ਤੋਂ ਤੂੰ ਜੀਵਾਂ ਦੀ) ਆਪ ਰੱਖਿਆ ਕਰ।ਹੇ ਪ੍ਰਭੂ! ਸਾਰੇ ਸੁਖ ਤੇਰੇ ਹੱਥਾਂ ਵਿਚ ਹਨ।ਹੇ ਮਾਲਕ ਪ੍ਰਭੂ! ਜਿਸ ਪਾਸੇ ਤੂੰ (ਜੀਵਾਂ ਨੂੰ) ਲਾਉਂਦਾ ਹੈਂ, ਉਸੇ ਪਾਸੇ ਜੀਵ ਲਗਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਮਾਲਕ ਪ੍ਰਭੂ ਸਾਰੇ ਜੀਵਾਂ ਦੇ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ ਹੈ।੪।੧੩।੨੪।

ਪਦਾਰਥ = ਕਰਿ ਸੰਜੋਗ–ਮਿਲਾਪ (ਜੋੜ) ਕਰਕੇ।ਕਾਛਿ–(ਸਰੀਰ ਦੀ) ਬਨਾਵਟ; ਮਾਪ (ਮਿਣ) ਕੇ।ਤਿਸੁ ਸੰਗਿ–ਉਸ (ਸਰੀਰ) ਨਾਲ।ਰਹਿਓ ਰਾਚਿ–ਪਰਚਿਆ ਰਹਿੰਦਾ ਹੈ।ਇਆਨਾ–ਬੇਸਮਝ ਮਨੁੱਖ।ਪ੍ਰਤਿਪਾਰੈ–ਪਾਲਣਾ ਹੈ।ਨਿਤ–ਸਦਾ; ਹਰ ਰੋਜ।ਸਾਰਿ ਸਮਾਰੈ–ਸਾਂਭ ਸੰਭਾਲ ਕਰਦਾ ਹੈ; ਭਲੀ ਪ੍ਰਕਾਰ ਸੰਭਾਲਦਾ ਹੈ (ਟਕਸਾਲ)।ਅੰਤ ਕੀ ਬਾਰ–ਅੰਤ ਦੀ ਵਾਰੀ; ਅੰਤ ਵੇਲੇ।ਉਠਿ ਸਿਧਾਰੈ–ਉਠ ਕੇ ਚਲਾ ਜਾਂਦਾ ਹੈ।੧।ਪਰਾਨੀ–ਹੇ ਪ੍ਰਾਣੀ!।ਅਵਰ ਸੰਗਿ–ਹੋਰ (ਚੀਜਾਂ) ਨਾਲ।ਰਾਤੇ–ਮਸਤ ਹਨ।ਤੇ–ਉਹ। ਮੂਠੁ–ਠੱਗੇ ਹੋਏ ਹਨ।੧।ਰਹਾਉ।ਤੀਰਥ ਨਾਇ–ਤੀਰਥਾਂ ਤੇ ਨਹਾ ਕੇ।ਨ ਉਤਰਸਿ–ਨਹੀਂ ਉਤਰਦੀ।ਫੈਲੁ–ਫੈਲਾਉ (ਪਸਾਰਾ); ਕਰਮ (ਅ.)।ਲੋਕ ਪਚਾਰੈ–ਲੋਕਾਂ ਨੂੰ ਪਰਚਾਉਣ ਨਾਲ; ਲੋਕ ਰੀਤ (ਮ.ਕੋ.); ਲੋਕ ਦਿਖਾਵਾ; ਗਤਿ–ਮੁਕਤੀ।ਬਿਹੂਣੇ–ਬਿਨਾ; ਖਾਲੀ।ਚਲਸਹਿ ਰੋਇ–ਰੋ ਕੇ (ਦੁਖੀ ਹੋ ਕੇ) ਜਾਂਦੇ ਹਨ।੨।ਪਟਲ–(ਭਰਮ ਦੇ) ਪੜਦੇ।ਸੋਧੇ–ਖੋਜ ਕੇ; ਵਿਚਾਰ ਕਰਕੇ।ਸਗਲ–ਸਾਰੇ।ਸੋ–ਉਹ (ਮਨੁੱਖ)।ਫਲਾ–ਫਲ।ਸੇ–ਉਹ (ਮਨੁੱਖ)।ਸੂਖਿ ਸਮਾਏ–ਸੁਖ ਵਿਚ ਲੀਨ ਰਹਿੰਦਾ ਹੈ।੩।ਰਾਖਨਹਾਰੇ–ਹੇ ਰੱਖਿਆ ਕਰਨ ਵਾਲੇ ਪ੍ਰਭੂ!।ਰਾਖਹੁ–ਰੱਖਿਆ ਕਰ।ਤੁਮਰੈ ਹਾਥਿ–ਤੇਰੇ ਹੱਥਾਂ ਵਿਚ ਹੈ।ਜਿਤੁ–ਜਿਸ ਪਾਸੇ; ਜਿਸ ਕੰਮ ਵਿਚ। ਲਾਵਹਿ–ਤੂੰ ਲਾਉਂਦਾ ਹੈਂ।ਤਿਤੁ–ਉਸ ਪਾਸੇ।ਲਾਗਹ–ਲਗਦੇ ਹਨ।ਸੁਆਮੀ–ਹੇ ਮਾਲਕ ਪ੍ਰਭੂ!।ਅੰਤਰਜਾਮੀ–ਦਿਲ ਦੇ ਅੰਦਰ ਦੀਆਂ ਜਾਨਣ ਵਾਲਾ।ਸਾਹਿਬੁ–ਮਾਲਕ ਪ੍ਰਭੂ।੪।੧੩।੨੪।

ਰਾਮਕਲੀ ਮਹਲਾ ੫ ॥ ਜੋ ਕਿਛੁ ਕਰੈ, ਸੋਈ ਸੁਖੁ ਜਾਨਾ ॥ ਮਨੁ ਅਸਮਝੁ ਸਾਧ ਸੰਗਿ ਪਤੀਆਨਾ ॥ ਡੋਲਨ ਤੇ ਚੂਕਾ ਠਹਰਾਇਆ ॥ ਸਤਿ ਮਾਹਿ ਲੇ ਸਤਿ ਸਮਾਇਆ ॥੧॥ ਦੂਖੁ ਗਇਆ ਸਭੁ ਰੋਗੁ ਗਇਆ ॥ ਪ੍ਰਭ ਕੀ ਆਗਿਆ ਮਨ ਮਹਿ ਮਾਨੀ, ਮਹਾ ਪੁਰਖ ਕਾ ਸੰਗੁ ਭਇਆ ॥੧॥ਰਹਾਉ॥ ਸਗਲ ਪਵਿਤ੍ਰ ਸਰਬ ਨਿਰਮਲਾ ॥ ਜੋ ਵਰਤਾਏ ਸੋਈ ਭਲਾ ॥ ਜਹ ਰਾਖੈ ਸੋਈ ਮੁਕਤਿ ਥਾਨੁ ॥ ਜੋ ਜਪਾਏ ਸੋਈ ਨਾਮੁ ॥੨॥ ਅਠਸਠਿ ਤੀਰਥ, ਜਹ ਸਾਧ ਪਗ ਧਰਹਿ ॥ ਤਹ ਬੈਕੁੰਠੁ ,ਜਹ ਨਾਮੁ ਉਚਰਹਿ ॥ ਸਰਬ ਅਨੰਦ, ਜਬ ਦਰਸਨੁ ਪਾਈਐ ॥ ਰਾਮ ਗੁਣਾ, ਨਿਤ ਨਿਤ ਹਰਿ ਗਾਈਐ ॥੩॥ ਆਪੇ ਘਟਿ ਘਟਿ, ਰਹਿਆ ਬਿਆਪਿ ॥ ਦਇਆਲ ਪੁਰਖ ਪਰਗਟ ਪਰਤਾਪ ॥ ਕਪਟ ਖੁਲਾਨੇ, ਭ੍ਰਮ ਨਾਠੇ ਦੂਰੇ ॥ ਨਾਨਕ ਕਉ ਗੁਰ ਭੇਟੇ ਪੂਰੇ ॥੪॥੧੪॥੨੫॥ (ਹੇ ਭਾਈ!) ਜੋ ਕੁਛ ਪ੍ਰਭੂ ਕਰਦਾ ਹੈ, ਮੈਂ ਉਸ ਨੂੰ ਹੀ ਸੁਖ ਕਰਕੇ ਜਾਣਿਆ ਹੈ।(ਮੇਰਾ) ਬੇਸਮਝ ਮਨ ਸਾਧ ਸੰਗਤ ਵਿਚ ਪਤੀਜ

ਗਿਆ ਹੈ। ਮਨ (ਹੁਣ) ਡੋਲਣ ਤੋਂ ਹਟ ਗਿਆ ਹੈ ਅਤੇ (ਰੱਬ ਦੇ ਭਾਣੇ ਵਿਚ) ਟਿਕਾ ਲਿਆ ਹੈ। ਸੱਤਗੁਰੂ ਦਾ ਸੱਚਾ ਉਪਦੇਸ਼ ਲੈ ਕੇ (ਮੇਰਾ ਮਨ) ਸੱਤ ਸਰੂਪ ਪ੍ਰਭੂ ਵਿਚ ਲੀਨ ਹੋ ਗਿਆ ਹੈ।੧।(ਹੇ ਭਾਈ! ਜਦੋਂ ਤੋਂ ਪੂਰੇ ਸਤਿਗੁਰੂ) ਮਹਾਂ ਪੁਰਖ ਦਾ ਸੰਗ ਪ੍ਰਾਪਤ ਹੋਇਆ ਹੈ ਅਤੇ ਪ੍ਰਭੂ ਦੀ ਆਗਿਆ ਮਨ ਵਿਚ (ਮਿੱਠੀ ਕਰਕੇ) ਮੰਨ ਲਈ ਹੈ, (ਓਦੋਂ ਤੋਂ ਮੇਰਾ) ਸਾਰਾ ਦੁਖ ਅਤੇ ਸਾਰਾ ਰੋਗ ਦੂਰ ਹੋ ਗਿਆ ਹੈ।੧।ਰਹਾਉ।(ਮੇਰੇ) ਸਾਰੇ ਇੰਦ੍ਰੇ ਪਵਿਤ੍ਰ ਹੋ ਗਏ ਹਨ ਅਤੇ (ਮੇਰੀ) ਸਾਰੀ ਸਮੱਗਰੀ ਨਿਰਮਲ (ਮੈਲ ਰਹਿਤ ਹੋ ਗਈ) ਹੈ; ਨਾਮ ਜਪਣ ਵਾਲੇ ਸਾਰੇ ਗੁਰਸਿਖ ਪਵਿਤ੍ਰ ਹੋ ਗਏ ਹਨ ਅਤੇ ਸਭ ਦੇ ਮਨ ਨਿਰਮਲ ਹੋ ਗਏ ਹਨ (ਟਕਸਾਲ) ।ਪ੍ਰਭੂ ਜੋ ਵਰਤਾਰਾ ਵਰਤਾ ਰਿਹਾ ਹੈ, ਮੈਂ ਉਹ ਹੀ ਭਲਾ ਮੰਨਦਾ ਹਾਂ। ਜਿਥੇ ਪ੍ਰਭੂ ਰੱਖੇ (ਮੇਰੇ ਲਈ) ਉਹ ਹੀ ਮੁਕਤੀ ਦਾ ਅਸਥਾਨ (ਬੈਕੁੰਠ ਧਾਮ) ਹੈ।(ਗੁਰੂ ਮੇਰੇ ਪਾਸੋਂ) ਜਿਹੜਾ ਨਾਮ ਜਪਾਉਂਦਾ ਹੈ, ਮੈਂ ਉਹ (ਵਾਹਿਗੁਰੂ) ਨਾਮ ਹੀ ਜਪਦਾ ਹਾਂ।੨। ਜਿੱਥੇ ਸਾਧੂ ਪੈਰ ਧਰਦੇ ਹਨ, ਉਥੇ ਅਠਾਹਟ ਤੀਰਥ ਹਨ। ਉਥੇ ਬੈਕੁੰਠ ਧਾਮ ਹੈ, ਜਿੱਥੇ (ਸਾਧੂ ਬੈਠ ਕੇ) ਪ੍ਰਭੂ ਦਾ ਨਾਮ ਉਚਾਰਦੇ ਹਨ। ਜਦੋਂ (ਅਜੇਹੇ ਸਾਧੂਆਂ ਦਾ) ਦਰਸ਼ਨ ਪਾਈਦਾ ਹੈ, ਤਾਂ ਸਾਰੇ ਅਨੰਦ ਪ੍ਰਾਪਤ ਹੋ ਜਾਂਦੇ ਹਨ।(ਕਿਉਂਕਿ ਸਾਧੂਆਂ ਦੀ ਸੰਗਤ ਵਿਚ) ਹਰ ਰੋਜ ਹਰੀ ਪ੍ਰਮਾਤਮਾ ਦੇ ਗੁਣ ਗਾਏ ਜਾਂਦੇ ਹਨ।੩। ਪ੍ਰਭੂ ਆਪ ਹਰੇਕ ਜੀਵ ਦੇ ਹਿਰਦੇ ਵਿਚ ਵਿਆਪਕ ਹੋ ਰਿਹਾ ਹੈ। ਦਇਆ ਦੇ ਘਰ ਅਕਾਲ ਪੁਰਖ ਦਾ ਤੇਜ ਪ੍ਰਤਾਪ ਪ੍ਰਗਟ ਹੈ (ਲੁਕਿਆ ਛਿਪਿਆ ਨਹੀਂ)। ਨਾਨਕ ਨੂੰ ਜਦੋਂ ਪੂਰੇ ਗੁਰੂ (ਰਾਮਦਾਸ ਜੀ) ਮਿਲ ਪਏ, ਤਾਂ ਹਿਰਦੇ ਵਿਚੋਂ ਅਗਿਆਨ ਦੇ ਕਪਾਟ ਖੁਲ੍ਹ ਗਏ ਅਤੇ ਭਰਮ ਦੂਰ ਨੱਸ ਗਏ ਹਨ।੪।੧੪।੨੫।

ਪਦਾਰਥ = ਕਰੈ–(ਪ੍ਰਭੂ) ਕਰਦਾ ਹੈ। ਸੋਈ–ਉਸ ਨੂੰ ਹੀ। ਜਾਨਾ–ਜਾਣਿਆ ਹੈ। ਅਸਮਝੁ–ਬੇਸਮਝ; ਮੂਰਖ। ਸਾਧ ਸੰਗਿ–ਸਾਧ ਗੁਰੂ ਦੀ ਸੰਗਤ ਵਿਚ। ਪਤੀਆਨਾ–ਪਤੀਜ ਗਿਆ। ਤੇ–ਤੋਂ। ਚੂਕਾ–ਹਟ ਗਿਆ। ਠਹਰਾਇਆ–ਟਿਕਾ ਲਿਆ। ਸਤਿ ਮਾਹਿ–ਸੱਤ ਸਰੂਪ ਪ੍ਰਭੂ ਵਿਚ। ਲੇ ਸਤਿ–ਸੱਚਾ (ਉਪਦੇਸ਼; ਨਾਮ) ਲੈ ਕੇ। ਸਮਾਇਆ–ਲੀਨ ਹੋ ਗਿਆ।੧। ਸਭਿ ਰੋਗੁ–ਸਾਰਾ ਰੋਗ। ਆਗਿਆ –ਹੁਕਮ; ਭਾਣਾ। ਮਾਨੀ–ਮੰਨ ਲਈ। ਮਹਾ ਪੁਰਖ ਕਾ–ਪੂਰੇ ਸਤਿਗੁਰੂ ਦਾ। ਸੰਗੁ–ਮਿਲਾਪ। ਭਇਆ–(ਪ੍ਰਾਪਤ) ਹੋਇਆ।੧। ਰਹਾਉ। ਸਗਲ–ਸਾਰੇ (ਇੰਦ੍ਰੇ)। ਸਰਬ–ਸਾਰੇ (ਕੰਮ); ਸਾਰੀ (ਸਮੱਗ੍ਰੀ)। ਨਿਰਮਲਾ–ਮੈਲ ਰਹਿਤ। ਵਰਤਾਏ–ਵਰਤਾ ਰਿਹਾ ਹੈ; ਕਰਦਾ ਹੈ। ਸੋਈ–ਉਹ ਹੀ। ਜਹ–ਜਿੱਥੇ। ਮੁਕਤਿ ਥਾਨੁ–ਮੁਕਤੀ ਦਾ ਅਸਥਾਨ (ਸੱਚਖੰਡ)।੨। ਅਠਸਠਿ–ਅਠਾਹਟ। ਜਹ–ਜਿੱਥੇ। ਪਗ–ਪੈਰ। ਧਰਹਿ–ਧਰਦੇ ਹਨ। ਤਹ–ਉਥੇ। ਬੈਕੁੰਠੁ–ਸਚਖੰਡ। ਉਚਰਹਿ–ਉਚਾਰਦੇ ਹਨ। ਜਬ–ਜਦੋਂ। ਪਾਈਐ–ਪਾਈਦਾ ਹੈ। ਰਾਮ–ਸਰਬ ਵਿਆਪਕ ਪ੍ਰਭੂ। ਨਿਤ–ਹਰ ਰੋਜ; ਸਦਾ। ਗਾਈਐ–ਗਾਏ ਜਾਂਦੇ ਹਨ।੩। ਆਪੇ–ਆਪ ਹੀ। ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ। ਰਹਿਆ ਬਿਆਪਿ–ਵਿਆਪਕ ਹੋ ਰਿਹਾ ਹੈ। ਪੁਰਖ–ਸਰਬ ਵਿਆਪਕ ਪਾਰਬ੍ਰਹਮ। ਪਰਤਾਪ–ਤੇਜ ਪ੍ਰਤਾਪ ।ਕਪਟ–(ਕਪਾਟ) ਦਰਵਾਜੇ। ਭ੍ਰਮ–ਭਰਮ। ਨਾਠੇ–ਨੱਸ ਗਏ। ਕਉ–ਨੂੰ। ਭੇਟੇ–ਮਿਲ ਪਏ।੪।੧੪।੨੫।

ਰਾਮਕਲੀ ਮਹਲਾ ੫ ॥ ਕੋਟਿ ਜਾਪ ਤਾਪ ਬਿਸ੍ਰਾਮ ॥ ਰਿਧਿ ਬੁਧਿ ਸਿਧਿ ਸੁਰ ਗਿਆਨ ॥ ਅਨਿਕ ਰੂਪ ਰੰਗ ਭੋਗ ਰਸੈ ॥ ਗੁਰਮੁਖਿ ਨਾਮੁ ,ਨਿਮਖ ਰਿਦੈ ਵਸੈ ॥੧॥ ਹਰਿ ਕੇ ਨਾਮ ਕੀ ਵਡਿਆਈ ॥ ਕੀਮਤਿ ਕਹਣੁ ਨ ਜਾਈ ॥੧॥ਰਹਾਉ॥ ਸੂਰਬੀਰ ਧੀਰਜ ਮਤਿ ਪੂਰਾ ॥ ਸਹਜ ਸਮਾਧਿ ਧੁਨਿ, ਗਹਿਰ ਗੰਭੀਰਾ ॥ (ਚੌਥੀ ਤੁਕ ਦਾ ਅਰਥ ਪਹਿਲਾਂ। ਹੇ ਭਾਈ!) ਗੁਰੂ ਦੁਆਰਾ (ਜਿਸ ਮਨੁੱਖ ਦੇ) ਹਿਰਦੇ ਵਿਚ ਅੱਖ ਝਮਕਣ ਜਿੰਨੇ ਸਮੇਂ ਲਈ ਵੀ ਹਰੀ ਦਾ ਨਾਮ ਵਸ ਜਾਂਦਾ ਹੈ।(ਉਸ ਦੇ ਅੰਦਰ) ਕ੍ਰੋੜਾਂ ਜਪਾਂ ਤਪਾਂ ਦਾ ਫਲ ਆ ਟਿਕਦਾ ਹੈ।(ਉਹ) ਰਿਧੀਆਂ ਸਿਧੀਆਂ ਦਾ ਮਾਲਕ ਬਣ ਜਾਂਦਾ ਹੈ, (ਉਸ ਦੀ) ਬੁੱਧੀ ਉਚੀ ਹੋ ਜਾਂਦੀ ਹੈ ਅਤੇ ਦੇਵਤਿਆਂ ਵਰਗਾ ਗਿਆਨ (ਉਸ ਦੇ ਹਿਰਦੇ ਵਿਚ) ਆ ਟਿਕਦਾ ਹੈ।(ਉਹ ਮਨੁੱਖ) ਅਨੇਕਾਂ ਰੂਪਾਂ ਰੰਗਾਂ ਅਤੇ (ਪਦਾਰਥਾਂ ਦੇ) ਭੋਗਾਂ ਦਾ ਰਸ ਮਾਣਦਾ ਹੈ।੧।(ਹੇ ਭਾਈ! ਜੋ) ਹਰੀ ਦੇ ਨਾਮ ਦੀ ਵਡਿਆਈ ਹੈ, (ਉਸ ਦੀ) ਕੀਮਤ ਕਥਨ ਨਹੀਂ ਕੀਤੀ ਜਾ ਸਕਦੀ (ਨਾਮ ਦੀ ਮਹਿਮਾਂ ਬੇਅੰਤ ਹੈ)।੧। ਰਹਾਉ।(ਉਹ ਮਨੁੱਖ) ਸੂਰਬੀਰ, ਧੀਰਜਵਾਨ, ਪੂਰਨ ਅਕਲਮੰਦ ਹੈ। ਸੁਭਾਵਕ ਹੀ (ਉਸ ਦਾ) ਧਿਆਨ ਹਰੀ ਵਿਚ ਲੱਗਾ ਰਹਿੰਦਾ ਹੈ, (ਉਹ) ਲਗਨ ਵਾਲਾ ਅਤੇ ਬਹੁਤ ਗੰਭੀਰ ਹੋ ਜਾਂਦਾ ਹੈ।

ਅੰਗ ੮੯੧ = ਸਦਾ ਮੁਕਤੁ ਤਾ ਕੇ ਪੂਰਨ ਕਾਮ ॥ ਜਾ ਕੈ ਰਿਦੈ ਵਸੈ ਹਰਿ ਨਾਮ ॥੨॥ ਸਗਲ ਸੂਖ ਆਨੰਦ ਅਰੋਗ ॥ ਸਮ ਦਰਸੀ ਪੂਰਨ ਨਿਰਜੋਗ ॥ ਆਇ ਨ ਜਾਇ, ਡੋਲੈ ਕਤ ਨਾਹੀ ॥ ਜਾ ਕੈ ਨਾਮੁ ਬਸੈ ਮਨ ਮਾਹੀ ॥੩॥ ਦੀਨ ਦਇਆਲ ਗੋੁਪਾਲ ਗੋਵਿੰਦ ॥ ਗੁਰਮੁਖਿ ਜਪੀਐ ਉਤਰੈ ਚਿੰਦ ॥ ਨਾਨਕ ਕਉ ਗੁਰਿ ਦੀਆ ਨਾਮੁ ॥ ਸੰਤਨ ਕੀ ਟਹਲ, ਸੰਤ ਕਾ ਕਾਮੁ ॥੪॥੧੫॥ ੨੬॥ (ਉਹ) ਸਦਾ ਵਾਸਤੇ ਮੁਕਤ ਹੋ ਜਾਂਦਾ ਹੈ ਅਤੇ ਉਸ ਦੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ (ਕੋਈ ਕੰਮ ਅਧੂਰਾ ਨਹੀਂ ਰਹਿੰਦਾ)।

ਜਿਸ ਮਨੁੱਖ ਦੇ ਹਿਰਦੇ ਵਿਚ ਹਰੀ ਦਾ ਨਾਮ ਵਸਦਾ ਹੈ।੨।(ਚੌਥੀ ਤੁਕ ਦਾ ਅਰਥ ਪਹਿਲਾਂ) ਜਿਸ ਮਨੁੱਖ ਦੇ ਮਨ ਵਿਚ ਹਰੀ ਦਾ ਨਾਮ ਵਸਦਾ ਹੈ।(ਉਸ ਨੂੰ) ਸਾਰੇ ਸੁਖ ਅਤੇ ਸਰੀਰਕ ਅਰੋਗਤਾ ਦਾ ਅਨੰਦ ਪ੍ਰਾਪਤ ਹੈ।(ਉਹ) ਸਭ ਨੂੰ ਇਕੋ ਨਿਗਾਹ ਨਾਲ ਦੇਖਣ ਵਾਲਾ ਅਤੇ ਪੂਰੀ ਤਰ੍ਹਾਂ ਨਿਰਲੇਪ ਰਹਿੰਦਾ ਹੈ।(ਉਹ ਮੁੜ ਦੁਬਾਰਾ) ਜੰਮਦਾ ਮਰਦਾ ਨਹੀਂ ਅਤੇ ਨਾ ਹੀ ਕਦੇ ਡੋਲਦਾ ਹੈ।੩।(ਹੇ ਭਾਈ!) ਦੀਨਾਂ ਉਤੇ ਦਇਆ ਕਰਨ ਵਾਲੇ, ਪ੍ਰਿਥਵੀ ਦੀ ਪਾਲਣਾ ਕਰਨ ਵਾਲੇ ਗੋਬਿੰਦ ਦਾ ਨਾਮ ਗੁਰੂ ਰਾਹੀਂ ਜਪਣਾ ਚਾਹੀਦਾ ਹੈ, (ਜੋ ਜਪਦਾ ਹੈ, ਉਸ ਦੀ ਸਾਰੀ) ਚਿੰਤਾ ਲਹਿ ਜਾਂਦੀ ਹੈ।ਨਾਨਕ ਨੂੰ ਗੁਰੂ (ਰਾਮਦਾਸ ਜੀ) ਨੇ ਪ੍ਰਭੂ ਦਾ ਨਾਮ ਦਿਤਾ ਹੈ ਅਤੇ (ਨਾਲ ਹੀ) ਸੰਤਾਂ ਦੀ ਸੇਵਾ ਤੇ ਸੰਤਾਂ ਦਾ ਕੰਮ ਕਾਜ ਕਰਨ ਦੀ ਦਾਤ ਵੀ ਬਖਸ਼ੀ ਹੈ; ਸੰਤਾਂ ਦੀ ਟਹਿਲ ਕਰਨੀ ਸੰਤ ਦਾ ਕੰਮ ਹੈ (ਸੰਤਾਂ ਦੀ ਟਹਿਲ ਸੇਵਾ ਦਾ ਕੰਮ ਸੰਤ ਬਣ ਕੇ ਹੀ ਕੀਤਾ ਜਾ ਸਕਦਾ ਹੈ)।੪।੧੫।੨੬।

ਪਦਾਰਥ = ਕੋਟਿ–ਕ੍ਰੋੜਾਂ।ਜਾਪ–ਅਪਣੇ ਇਸ਼ਟ ਨੂੰ ਪ੍ਰਸੰਨ ਕਰਨ ਲਈ ਮੰਤ੍ਰਾਂ ਦਾ ਵਾਰ ਵਾਰ ਰਟਨ।ਤਾਪ–ਤਪੱਸਿਆ।ਬਿਸ੍ਰਾਮ–ਆ ਟਿਕਦਾ ਹੈ।ਰਿਧਿ ਸਿਧਿ–ਕਰਾਮਾਤੀ ਤਾਕਤਾਂ।ਬੁਧਿ–ਅਕਲ; ਸਮਝ।ਸੁਰ ਗਿਆਨ–ਦੇਵਤਿਆਂ ਵਾਲਾ ਗਿਆਨ।ਭੋਗ ਰਸੈ–ਭੋਗਾਂ ਦਾ ਰਸ ਮਾਣਦਾ ਹੈ।ਗੁਰਮੁਖਿ–ਗੁਰੂ ਰਾਹੀਂ।ਨਿਮਖ–ਅੱਖ ਝਮਕਣ ਜਿੰਨਾ ਸਮਾਂ।ਰਿਦੈ–ਹਿਰਦੇ ਵਿਚ।੧।ਵਡਿਆਈ–ਮਹਿਮਾਂ।ਕਹਣੁ ਨ ਜਾਈ–ਕਥਨ ਨਹੀਂ ਕੀਤੀ ਜਾ ਸਕਦੀ।੧।ਰਹਾਉ।ਧੀਰਜ–ਦੁਖ ਸਮੇਂ ਨਾ ਘਬਰਾਉਣ ਵਾਲਾ; ਮਜਬੂਤ ਦਿਲ ਵਾਲਾ ਮਨੁੱਖ।ਸੂਰਬੀਰ–ਬਹਾਦਰ ਮਨੁੱਖ।ਮਤਿ ਪੂਰਾ–ਪੂਰੀ ਅਕਲ ਵਾਲਾ।ਸਹਜ ਸਮਾਧਿ–ਪੂਰਨ ਟਿਕਾਉ ਵਾਲੀ ਸਮਾਧੀ।ਧੁਨਿ–ਲਗਨ।ਗਹਿਰ ਗੰਭੀਰਾ–ਬਹੁਤ ਗੰਭੀਰ।ਤਾ ਕੇ–ਉਸ ਦੇ।ਕਾਮ–ਕੰਮ।ਜਾ ਕੈ–ਜਿਸ ਦੇ।੨।ਸਗਲ–ਸਾਰੇ।ਅਰੋਗ–ਰੋਗਾਂ ਤੋਂ ਰਹਿਤ।ਸਮਦਰਸੀ–ਸਾਰਿਆਂ ਨੂੰ ਇਕੋ ਨਿਗਾਹ ਨਾਲ ਦੇਖਣ ਵਾਲਾ ਮਨੁੱਖ।ਪੂਰਨ–ਪੂਰਨ ਤੌਰ ਤੇ।ਨਿਰਜੋਗ–ਨਿਰਲੇਪ (ਜੋ ਸੰਸਾਰੀ ਚੀਜਾਂ ਨਾਲ ਜੁੜਿਆ ਨਹੀਂ)।ਆਇ ਨ ਜਾਇ–ਜੰਮਦਾ ਮਰਦਾ ਨਹੀਂ।ਕਤ–ਕਦੇ ਵੀ; ਕਿਤੇ ਵੀ।ਮਨ ਮਾਹੀ–ਮਨ ਵਿਚ।੩।ਦੀਨ ਦਇਆਲ–ਗਰੀਬਾਂ ਉਤੇ ਦਇਆ ਕਰਨ ਵਾਲਾ।ਗੁੋਪਾਲ–ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪ੍ਰਭੂ।ਉਤਰੈ–ਲਹਿ ਜਾਂਦੀ ਹੈ।ਚਿੰਦ–ਚਿੰਤਾ।ਕਉ–ਨੂੰ।ਗੁਰਿ–ਗੁਰੂ ਨੇ।ਦੀਆ–ਦਿਤਾ।ਸੰਤਨ ਕੀ–ਸੰਤਾਂ ਦੀ।ਟਹਲ–ਸੇਵਾ।੪।੧੫।੨੬।

ਰਾਮਕਲੀ ਮਹਲਾ ੫ ॥ ਬੀਜ ਮੰਤ੍ਰੁ ਹਰਿ ਕੀਰਤਨੁ ਗਾਉ ॥ ਆਗੈ ਮਿਲੀ ਨਿਥਾਵੇ ਥਾਉ ॥ ਗੁਰ ਪੂਰੇ ਕੀ ਚਰਣੀ ਲਾਗੁ ॥ ਜਨਮ ਜਨਮ ਕਾ ਸੋਇਆ ਜਾਗੁ ॥੧॥ ਹਰਿ ਹਰਿ ਜਾਪੁ ਜਪਲਾ ॥ ਗੁਰ ਕਿਰਪਾ ਤੇ ਹਿਰਦੈ ਵਾਸੈ, ਭਉਜਲੁ ਪਾਰਿ ਪਰਲਾ ॥੧॥ਰਹਾਉ॥ ਨਾਮੁ ਨਿਧਾਨੁ ਧਿਆਇ ਮਨ ਅਟਲ ॥ ਤਾ ਛੂਟਹਿ ਮਾਇਆ ਕੇ ਪਟਲ ॥ ਗੁਰ ਕਾ ਸਬਦੁ ,ਅੰਮ੍ਰਿਤ ਰਸੁ ਪੀਉ ॥ ਤਾ ਤੇਰਾ ਹੁਇ, ਨਿਰਮਲ ਜੀਉ ॥੨॥ ਸੋਧਤ ਸੋਧਤ ਸੋਧਿ ਬੀਚਾਰਾ ॥ ਬਿਨੁ ਹਰਿ ਭਗਤਿ ਨਹੀ ਛੁਟਕਾਰਾ ॥ ਸੋ ਹਰਿ ਭਜਨੁ ,ਸਾਧ ਕੈ ਸੰਗਿ ॥ ਮਨੁ ਤਨੁ ਰਾਪੈ, ਹਰਿ ਕੈ ਰੰਗਿ ॥੩॥ ਛੋਡਿ ਸਿਆਣਪ, ਬਹੁ ਚਤੁਰਾਈ ॥ ਮਨ ਬਿਨੁ ਹਰਿ ਨਾਵੈ, ਜਾਇ ਨ ਕਾਈ ॥ ਦਇਆ ਧਾਰੀ ਗੋਵਿਦ ਗੁੋਸਾਈ ॥ ਹਰਿ ਹਰਿ ਨਾਨਕ ਟੇਕ ਟਿਕਾਈ ॥੪॥੧੬॥੨੭॥(ਹੇ ਭਾਈ!) ਪ੍ਰਮਾਤਮਾ ਦਾ ਕੀਰਤਨ ਗਾਇਆ ਕਰੋ, (ਪ੍ਰਮਾਤਮਾ ਦੀ ਪ੍ਰਾਪਤੀ ਦਾ ਇਹ) ਮੂਲ ਮੰਤ੍ਰ ਹੈ।(ਇਸ ਮੰਤ੍ਰ ਦੀ ਬਰਕਤ ਨਾਲ) ਅੱਗੇ ਰੱਬੀ ਦਰਗਾਹ ਵਿਚ ਨਿਥਾਵੇਂ ਨੂੰ ਵੀ ਥਾਂ ਮਿਲ ਜਾਂਦੀ ਹੈ।(ਹੇ ਭਾਈ! ਤੂੰ) ਪੂਰੇ ਗੁਰੂ ਦੀ ਚਰਨੀਂ ਲਗ ਜਾਹ।(ਤੂੰ ਅਗਿਆਨਤਾ ਦੀ ਨੀਂਦ ਵਿਚ) ਜਨਮਾਂ ਜਨਮਾਂ ਦਾ ਸੁੱਤਾ ਪਿਆ ਹੈਂ, (ਗਿਆਨ ਅਵਸਥਾ ਵਿਚ) ਤੂੰ ਜਾਗ ਪਉ।੧।(ਹੇ ਭਾਈ!) ਹਰਿ ਹਰਿ ਨਾਮ ਦਾ ਜਾਪ ਜਪ ਲੈ।(ਜੇ ਇਹ ਜਾਪ) ਗੁਰੂ ਦੀ ਕ੍ਰਿਪਾ ਨਾਲ ਤੇਰੇ ਹਿਰਦੇ ਵਿਚ ਵਸ ਜਾਵੇ, ਤਾਂ ਤੂੰ ਭਵਜਲ ਤੋਂ ਪਾਰ ਪੈ ਜਾਏਂਗਾ।੧।ਰਹਾਉ।ਹੇ ਮਨ! ਪ੍ਰਭੂ ਦਾ ਨਾਮ, ਜੋ ਨਾ ਟਲਣ ਵਾਲਾ ਖਜਾਨਾ ਹੈ, (ਉਸ ਨੂੰ) ਧਿਆਇਆ ਕਰ।ਤਾਂ ਤੇਰੇ ਮਾਇਆ ਦੇ ਪੜਦੇ ਛੁਟ ਜਾਣਗੇ। ਗੁਰੂ ਦਾ ਸ਼ਬਦ ਅੰਮ੍ਰਿਤ ਰਸ ਹੈ, (ਇਸ ਨੂੰ) ਪੀਂਦਾ ਰਹਿ।ਤਾਂ ਤੇਰਾ ਮਨ ਨਿਰਮਲ ਹੋ ਜਾਵੇਗਾ।੨।(ਹੇ ਭਾਈ! ਸਾਰੇ ਧਰਮ ਗ੍ਰੰਥਾਂ ਨੂੰ) ਵਿਚਾਰਦਿਆਂ ਵਿਚਾਰਦਿਆਂ ਖੋਜ ਕਰਕੇ ਵਿਚਾਰਿਆ ਹੈ ਕਿ ਹਰੀ ਦੀ ਭਗਤੀ ਤੋਂ ਬਿਨਾ ਛੁਟਕਾਰਾ ਨਹੀਂ ਹੋ ਸਕਦਾ। ਹਰੀ ਦਾ ਉਹ ਭਜਨ ਸਾਧ ਸੰਗਤ ਵਿਚੋਂ ਪ੍ਰਾਪਤ ਹੁੰਦਾ ਹੈ।(ਭਜਨ ਕਰਦਿਆਂ) ਮਨ ਤੇ ਸਰੀਰ ਹਰੀ ਦੇ ਪ੍ਰੇਮ ਵਿਚ ਰੰਗਿਆ ਜਾਂਦਾ ਹੈ।੩।ਹੇ ਮਨ! (ਬੁੱਧੀ ਦੀ) ਸਿਆਣਪ ਤੇ (ਵਾਕਾਂ ਦੀ) ਬਹੁਤੀ ਚਤਰਾਈ ਛਡ ਦੇਹ, (ਕਿਉਂਕਿ) ਹਰੀ ਦੇ ਨਾਮ ਤੋਂ ਬਿਨਾ (ਰੱਬੀ ਦਰਗਾਹ ਵਿਚ) ਕੋਈ ਜਗ੍ਹਾ ਨਹੀਂ ਮਿਲਦੀ।ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਸ ਮਨੁੱਖ ਉਤੇ) ਮਾਲਕ ਪ੍ਰਭੂ ਨੇ ਦਇਆ ਕੀਤੀ ਹੈ।(ਉਸ ਨੇ) ਹਰਿ ਹਰਿ ਨਾਮ ਦੀ ਟੇਕ ਟਿਕਾਈ (ਆਸਰਾ ਲਿਆ) ਹੈ।੪।੧੬।੨੭।

ਪਦਾਰਥ = ਬੀਜ ਮੰਤ੍ਰੁ–ਮੂਲ ਮੰਤ੍ਰ।ਗਾਉ–ਗਾਇਆ ਕਰੋ।ਆਗੈ–ਅੱਗੇ ਰੱਬੀ ਦਰਗਾਹ ਵਿਚ।ਸੋਇਆ–ਸੁੱਤਾ ਪਿਆ ਹੈਂ।੧।

ਜਪਲਾ–ਜਪ ਲੈ। ਕਿਰਪਾ ਤੇ–ਕਿਰਪਾ ਨਾਲ। ਹਿਰਦੈ–ਹਿਰਦੇ ਵਿਚ। ਵਾਸੈ–ਵਸ ਜਾਵੇ। ਭਉਜਲੁ–ਸੰਸਾਰ ਸਮੁੰਦਰ। ਪਾਰਿ ਪਰਲਾ –ਪਾਰ ਪੈ ਜਾਏਂਗਾ।੧। ਰਹਾਉ। ਨਿਧਾਨੁ–ਖਜਾਨਾ। ਮਨ–ਹੇ ਮਨ!। ਅਟਲ (ਅਟੱਲ ਪੜ੍ਹੋ)–ਨਾ ਟਲਣ ਵਾਲਾ। ਤਾ–ਤਾਂ; ਤਦ। ਪਟਲ–ਪੜਦੇ। ਪੀਉ–ਪੀਂਦਾ ਰਹਿ। ਨਿਰਮਲ–ਮੈਲ ਰਹਿਤ; ਪਵਿਤ੍ਰ। ਜੀਉ–ਮਨ।੨। ਸੋਧਤ–ਵਿਚਾਰ ਕਰਦਿਆਂ; ਖੋਜਦਿਆਂ; ਨਿਰਣਾ ਕਰਦਿਆਂ। ਸੋਧਿ–ਵਿਚਾਰ ਕੇ। ਸੋ–ਉਹ। ਸਾਧ ਕੈ ਸੰਗਿ–ਸਾਧੂਆਂ ਦੀ ਸੰਗਤ ਵਿਚ। ਤਨੁ–ਸਰੀਰ। ਰਾਪੈ–ਰੰਗਿਆ ਜਾਂਦਾ ਹੈ। ਰੰਗਿ–ਪ੍ਰੇਮ ਵਿਚ।੩। ਬਹੁ–ਬਹੁਤ। ਮਨ–ਹੇ ਮਨ!। ਬਿਨੁ ਨਾਵੈ–ਨਾਮ ਤੋਂ ਬਿਨਾ। ਜਾਇ–ਜਗ੍ਹਾ; ਥਾਂ। ਕਾਈ–ਕੋਈ। ਧਾਰੀ– ਕੀਤੀ। ਗੁੋਸਾਈ–ਧਰਤੀ ਦਾ ਮਾਲਕ ਪ੍ਰਭੂ। ਟੇਕ ਟਿਕਾਈ–ਆਸਰਾ ਲਿਆ ਹੈ।੪।੧੬।੨੭।

ਰਾਮਕਲੀ ਮਹਲਾ ੫ ॥ ਸੰਤ ਕੈ ਸੰਗਿ, ਰਾਮ ਰੰਗ ਕੇਲ ॥ ਆਗੈ ਜਮ ਸਿਉ ਹੋਇ ਨ ਮੇਲ ॥ ਅਹੰਬੁਧਿ ਕਾ ਭਇਆ ਬਿਨਾਸ ॥ ਦੁਰਮਤਿ ਹੋਈ ਸਗਲੀ ਨਾਸ ॥੧॥ ਰਾਮ ਨਾਮ ਗੁਣ ਗਾਇ ਪੰਡਿਤ ॥ ਕਰਮ ਕਾਂਡ ਅਹੰਕਾਰੁ ਨ ਕਾਜੈ, ਕੁਸਲ ਸੇਤੀ ਘਰਿ ਜਾਹਿ ਪੰਡਿਤ ॥੧॥ਰਹਾਉ॥ ਹਰਿ ਕਾ ਜਸੁ ਨਿਧਿ, ਲੀਆ ਲਾਭ ॥ ਪੂਰਨ ਭਏ, ਮਨੋਰਥ ਸਾਭ ॥ ਦੁਖੁ ਨਾਠਾ, ਸੁਖੁ ਘਰ ਮਹਿ ਆਇਆ ॥ ਸੰਤ ਪ੍ਰਸਾਦਿ, ਕਮਲੁ ਬਿਗਸਾਇਆ ॥੨॥ ਨਾਮ ਰਤਨੁ ਜਿਨਿ ਪਾਇਆ ਦਾਨੁ ॥ ਤਿਸੁ ਜਨ ਹੋਏ ਸਗਲ ਨਿਧਾਨ ॥ ਸੰਤੋਖੁ ਆਇਆ ਮਨਿ, ਪੂਰਾ ਪਾਇ ॥ ਫਿਰਿ ਫਿਰਿ, ਮਾਗਨ ਕਾਹੇ ਜਾਇ ॥੩॥ ਹਰਿ ਕੀ ਕਥਾ, ਸੁਨਤ ਪਵਿਤ ॥ ਜਿਹਵਾ ਬਕਤ, ਪਾਈ ਗਤਿ ਮਤਿ ॥ ਸੋ ਪਰਵਾਣੁ ,ਜਿਸੁ ਰਿਦੈ ਵਸਾਈ ॥ ਨਾਨਕ ਤੇ ਜਨ ਊਤਮ ਭਾਈ ॥੪॥੧੭॥੨੮॥ (ਹੇ ਭਾਈ!) ਸੰਤ ਗੁਰੂ ਦੀ ਸੰਗਤ ਵਿਚ ਰਾਮ ਦੇ ਪਿਆਰ ਦੀਆਂ ਖੇਡਾਂ ਖੇਡ (ਮੌਜਾਂ ਮਾਣ। ਫਿਰ ਤੇਰਾ) ਅੱਗੇ ਪ੍ਰਲੋਕ ਵਿਚ ਜਮ ਨਾਲ ਮੇਲ ਨਹੀਂ ਹੋਵੇਗਾ। (ਜਿਸ ਨੇ ਸੰਤ ਗੁਰੂ ਦੀ ਸੰਗਤ ਕੀਤੀ ਹੈ, ਉਸ ਦੀ) ਹੰਕਾਰ ਵਾਲੀ ਬੁੱਧੀ ਦਾ ਨਾਸ ਹੋ ਗਿਆ ਹੈ ਅਤੇ ਸਾਰੀ ਖੋਟੀ ਬੁੱਧੀ ਵੀ ਨਾਸ ਹੋ ਗਈ ਹੈ।੧। ਹੇ ਪੰਡਤ! ਰਾਮ ਦਾ ਨਾਮ ਜਪ ਅਤੇ ਰਾਮ ਦੇ ਗੁਣ ਗਾਇਆ ਕਰ। ਕਰਮ ਕਾਂਡ ਦਾ ਹੰਕਾਰ ਕਿਸੇ ਕੰਮ ਨਹੀਂ ਆਉਂਦਾ, (ਰਾਮ ਦੇ ਗੁਣ ਗਾਇਆ ਕਰ, ਫਿਰ ਤੂੰ) ਸੁਖ ਅਨੰਦ ਨਾਲ ਅਪਣੇ ਅਸਲੀ ਘਰ (ਪ੍ਰਭੂ ਦੀ ਹਜ਼ੂਰੀ) ਵਿਚ ਜਾਵੇਂਗਾ।੧। ਰਹਾਉ। (ਹੇ ਪੰਡਤ! ਜਿਸ ਮਨੁੱਖ ਨੇ) ਹਰੀ ਦਾ ਜਸ ਰੂਪ ਖਜਾਨਾ ਲੱਭ ਲਿਆ ਹੈ; ਜਸ ਰੂਪ ਖਜਾਨੇ ਦਾ ਲਾਭ ਲਿਆ ਹੈ। (ਉਸ ਦੇ) ਸਭ ਮਨੋਰਥ ਪੂਰਨ ਹੋਏ ਹਨ। (ਉਸ ਦਾ) ਦੁਖ ਨੱਠ ਗਿਆ ਹੈ ਅਤੇ ਸੁਖ ਹਿਰਦੇ ਘਰ ਵਿਚ ਆ ਗਿਆ ਹੈ। ਸੰਤ ਗੁਰੂ ਦੀ ਕ੍ਰਿਪਾ ਨਾਲ (ਉਸ ਦਾ) ਹਿਰਦਾ ਕਮਲ ਖਿੜ ਗਿਆ ਹੈ।੨। (ਹੇ ਪੰਡਤ!) ਜਿਸ ਮਨੁੱਖ ਨੇ (ਗੁਰੂ ਪਾਸੋਂ) ਅਮੋਲਕ ਰਤਨ ਰੂਪ ਨਾਮ ਦਾ ਦਾਨ ਪ੍ਰਾਪਤ ਕੀਤਾ ਹੈ। ਉਸ ਪੁਰਖ ਨੂੰ (ਸੁੱਖ ਦੇ) ਸਾਰੇ ਖਜਾਨੇ ਪ੍ਰਾਪਤ ਹੋਏ ਹਨ। ਪੂਰਾ ਗਿਆਨ ਪ੍ਰਾਪਤ ਹੋਣ ਕਰਕੇ (ਉਸ ਦੇ) ਮਨ ਵਿਚ ਸੰਤੋਖ ਆ ਵਸਿਆ ਹੈ। ਮੁੜ ਮੁੜ (ਉਹ ਜਜਮਾਨਾਂ ਅਤੇ ਦੇਵੀ ਦੇਵਤਿਆਂ ਦੇ ਦਰ ਤੇ) ਮੰਗਣ ਕਿਉਂ ਜਾਏਗਾ? (ਕੇਵਲ ਰੱਬ ਤੋਂ ਹੀ ਮੰਗੇਗਾ)।੩। (ਹੇ ਪੰਡਤ! ਜਿਸ ਮਨੁੱਖ ਦਾ ਜੀਵਨ) ਹਰੀ ਦੀ ਕਥਾ ਸੁਣਦਿਆਂ ਪਵਿਤ੍ਰ ਹੋ ਗਿਆ ਹੈ। ਜੀਭ ਰਾਹੀਂ ਹਰੀ ਜਸ ਬੋਲਦਿਆਂ (ਉਸ ਨੂੰ) ਮੁਕਤੀ ਵਾਲੀ ਸਮਝ ਪ੍ਰਾਪਤ ਹੋ ਗਈ ਹੈ। ਉਹ ਮਨੁੱਖ (ਰੱਬੀ ਦਰਗਾਹ ਵਿਚ) ਪ੍ਰਵਾਨ ਹੈ, ਜਿਸ ਨੇ ਅਪਣੇ ਹਿਰਦੇ ਵਿਚ (ਹਰੀ ਦੀ ਕਥਾ) ਵਸਾਈ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! ਉਹ ਮਨੁੱਖ (ਜਗਤ ਵਿਚ) ਉਤਮ ਹਨ।੪।੧੭।੨੮।

ਪਦਾਰਥ = ਸੰਤ ਕੈ ਸੰਗਿ–ਸੰਤ ਗੁਰੂ ਦੀ ਸੰਗਤ ਵਿਚ। ਰਾਮ ਰੰਗ–ਪ੍ਰਮਾਤਮਾ ਦੇ ਪਿਆਰ ਦੀ। ਕੇਲ–ਖੇਡ। ਆਗੈ–ਪ੍ਰਲੋਕ ਵਿਚ। ਜਮ ਸਿਉ–ਜਮ ਨਾਲ। ਅਹੰਬੁਧਿ ਕਾ–ਹੰਕਾਰ ਵਾਲੀ ਬੁੱਧੀ ਦਾ। ਭਇਆ–ਹੋ ਗਿਆ। ਬਿਨਾਸ–ਨਾਸ਼। ਦੁਰਮਤਿ–ਖੋਟੀ ਅਕਲ। ਸਗਲੀ–ਸਾਰੀ।੧। ਰਾਮ–ਸਰਬ ਵਿਆਪਕ ਪ੍ਰਮਾਤਮਾ। ਗਾਇ–ਗਾਇਆ ਕਰ। ਪੰਡਿਤ–ਹੇ ਪੰਡਤ!। ਕਰਮ ਕਾਂਡ–ਸ਼ਾਸਤ੍ਰ ਦਾ ਉਹ ਕਾਂਡ (ਭਾਗ), ਜਿਸ ਵਿਚ ਕਰਮ ਕਰਨ ਦਾ ਜਿਕਰ ਹੈ, ਕਿਹੜੇ ਕਰਮ ਕਰਨ ਯੋਗ ਹਨ ਅਤੇ ਕਿਹੜੇ ਕਰਮ ਕਰਨੇ ਮਨ੍ਹਾ ਹਨ। ਨ ਕਾਜੈ–ਕੰਮ ਨਹੀਂ ਆਉਂਦੇ। ਕੁਸਲ ਸੇਤੀ–ਸੁਖ ਅਨੰਦ ਨਾਲ। ਘਰਿ–ਪ੍ਰਭੂ ਦੇ ਘਰ ਵਿਚ। ਜਾਹਿ–ਜਾਵੇਂਗਾ।੧। ਰਹਾਉ। ਜਸੁ–ਸਿਫਤ ਸਲਾਹ। ਨਿਧਿ–ਖਜਾਨਾ। ਲੀਆ ਲਾਭ–ਲੱਭ ਲਿਆ; ਲਾਭ (ਨਫਾ) ਲਿਆ। ਭਏ–ਹੋ ਗਏ। ਸਾਭ–ਸਭ (ਸਾਰੇ)। ਮਨੋਰਥ–ਮਨ ਦੀ ਇੱਛਾ; ਪ੍ਰਯੋਜਨ। ਨਾਠਾ–ਨੱਠ ਗਿਆ। ਘਰ ਮਹਿ–ਹਿਰਦੇ ਵਿਚ। ਸੰਤ ਪ੍ਰਸਾਦਿ–ਸੰਤ ਗੁਰੂ ਦੀ ਕ੍ਰਿਪਾ ਨਾਲ। ਕਮਲ–ਹਿਰਦਾ ਕਮਲ। ਬਿਗਸਾਇਆ–ਖਿੜ ਗਿਆ।੨। ਜਿਨਿ–ਜਿਸ ਨੇ। ਤਿਸ ਜਨ–ਉਸ ਪੁਰਖ ਦੇ। ਹੋਏ–ਪ੍ਰਾਪਤ ਹੋ ਗਏ। ਸਗਲ ਨਿਧਾਨ–ਸਾਰੇ ਖਜਾਨੇ। ਮਨਿ–ਮਨ ਵਿਚ। ਪੂਰਾ–ਪੂਰਨ ਗਿਆਨ; ਪੂਰਨ ਪ੍ਰਭੂ। ਫਿਰਿ ਫਿਰਿ–ਮੁੜ ਮੁੜ। ਮਾਗਨ–ਮੰਗਣ। ਕਾਹੇ ਜਾਇ–ਕਿਉਂ ਜਾਏਗਾ।੩। ਸੁਨਤ–ਸੁਣਦਿਆਂ। ਪਵਿਤ–ਪਵਿਤ੍ਰ। ਜਿਹਵਾ–ਜੀਭ ਰਾਹੀਂ। ਬਕਤ–ਬੋਲਦਿਆਂ। ਪਾਈ–ਪ੍ਰਾਪਤ

ਕਰ ਲਈ ਹੈ। ਗਤਿ ਮਤਿ–ਮੁਕਤੀ ਵਾਲੀ ਸਮਝ; ਉਚੇ ਆਤਮਕ ਜੀਵਨ ਵਾਲੀ ਸਮਝ। ਸੋ–ਉਹ (ਮਨੁੱਖ)। ਜਿਸੁ–ਜਿਸ ਨੇ। ਰਿਦੈ–ਹਿਰਦੇ ਵਿਚ। ਤੇ ਜਨ–ਉਹ ਮਨੁੱਖ। ਭਾਈ–ਹੇ ਭਾਈ!।੪।੧੭।੨੮।

ਰਾਮਕ ਲੀ ਮਹਲਾ ੫ ॥ ਗਹੁ ਕਰਿ ਪਕਰੀ, ਨ ਆਈ ਹਾਥਿ ॥ ਪ੍ਰੀਤਿ ਕਰੀ, ਚਾਲੀ ਨਹੀ ਸਾਥਿ ॥ ਕਹੁ ਨਾਨਕ ਜਉ ਤਿਆਗਿ ਦਈ ॥ ਤਬ ਓਹ ਚਰਣੀ ਆਇ ਪਈ ॥੧॥ ਸੁਣਿ ਸੰਤਹੁ ,ਨਿਰਮਲ ਬੀਚਾਰ ॥ ਰਾਮ ਨਾਮ ਬਿਨੁ ਗਤਿ ਨਹੀ ਕਾਈ, ਗੁਰੁ ਪੂਰਾ ਭੇਟਤ ਉਧਾਰ ॥੧॥ਰਹਾਉ॥ (ਹੇ ਸੰਤ ਜਨੋਂ! ਜਿਸ ਮਨੁੱਖ ਨੇ) ਹਠ ਕਰਕੇ ਮਾਇਆ ਨੂੰ ਪਕੜਿਆ ਹੈ, (ਇਹ ਉਸ ਦੇ) ਹੱਥ ਵਿਚ ਨਹੀਂ ਆਈ। (ਜਿਸ ਨੇ ਮਾਇਆ ਨਾਲ) ਪ੍ਰੀਤ ਕੀਤੀ, (ਇਹ ਉਸ ਦੇ ਵੀ) ਨਾਲ ਨਹੀਂ ਚੱਲੀ (ਅੰਤ ਉਸ ਦਾ ਵੀ ਸਾਥ ਛਡ ਗਈ)। ਨਾਨਕ ਗੁਰੂ ਜੀ ਆਖਦੇ ਹਨ ਕਿ ਜਦੋਂ (ਕਿਸੇ ਮਨੁੱਖ ਨੇ ਮਾਇਆ) ਛਡ ਦਿਤੀ, ਤਦ ਉਹ ਮਾਇਆ (ਉਸ ਦੇ) ਚਰਣੀਂ ਆ ਪਈ।੧। ਹੇ ਸੰਤ ਜਨੋਂ! ਨਿਰਮਲ ਵਿਚਾਰ ਸੁਣੋ। ਪ੍ਰਮਾਤਮਾ ਦੇ ਨਾਮ ਤੋਂ ਬਿਨਾ ਕੋਈ ਮਨੁੱਖ ਮੁਕਤ ਨਹੀਂ ਹੋ ਸਕਦਾ, ਪੂਰਾ ਗੁਰੂ ਮਿਲਿਆਂ ਹੀ (ਭਵਜਲ ਤੋਂ) ਪਾਰ ਉਤਾਰਾ ਹੁੰਦਾ ਹੈ।੧। ਰਹਾਉ।

ਅੰਗ ੮੯੨ = ਜਬ ਉਸ ਕਉ ,ਕੋਈ ਦੇਵੈ ਮਾਨੁ ॥ ਤਬ ਆਪਸ ਊਪਰਿ ਰਖੈ ਗੁਮਾਨੁ ॥ ਜਬ ਉਸ ਕਉ ਕੋਈ ਮਨਿ ਪਰਹਰੈ ॥ ਤਬ ਓਹ ਸੇਵਕਿ ਸੇਵਾ ਕਰੈ ॥੨॥ ਮੁਖਿ ਬੇਰਾਵੈ ਅੰਤਿ ਠਗਾਵੈ ॥ ਇਕਤੁ ਠਉਰ ਓਹ ਕਹੀ ਨ ਸਮਾਵੈ ॥ ਉਨਿ ਮੋਹੇ ਬਹੁਤੇ ਬ੍ਰਹਮੰਡ ॥ ਰਾਮ ਜਨੀ ਕੀਨੀ ਖੰਡ ਖੰਡ ॥੩॥ ਜੋ ਮਾਗੈ ਸੋ ਭੂਖਾ ਰਹੈ ॥ ਇਸੁ ਸੰਗਿ ਰਾਚੈ, ਸੁ ਕਛੂ ਨ ਲਹੈ ॥ ਇਸਹਿ ਤਿਆਗਿ ,ਸਤਸੰਗਤਿ ਕਰੈ ॥ ਵਡਭਾਗੀ ਨਾਨਕ ਓਹੁ ਤਰੈ ॥੪॥੧੮॥੨੯॥(ਹੇ ਸੰਤ ਜਨੋਂ!) ਜਦ ਉਸ ਮਾਇਆ ਨੂੰ ਕੋਈ ਮਨੁੱਖ ਆਦਰ ਦੇਂਦਾ ਹੈ (ਬਹੁਤ ਸੰਭਾਲ ਕੇ ਰਖਦਾ ਹੈ)। ਤਦ ਉਹ ਮਾਇਆ ਅਪਣੇ ਉਪਰ ਗੁਮਾਨ ਰੱਖਦੀ ਹੈ (ਕਿ ਇਹ ਹੁਣ ਮੇਰੇ ਵਸ ਵਿਚ ਆ ਗਿਆ ਹੈ)। ਜਦ ਕੋਈ (ਸੰਤ) ਉਸ ਮਾਇਆ ਨੂੰ ਮਨ ਵਿਚੋਂ ਦੂਰ ਕਰ ਦਿੰਦਾ ਹੈ। ਤਦ ਉਹ ਦਾਸੀ ਬਣ ਕੇ (ਸੰਤਾਂ ਦੀ) ਸੇਵਾ ਕਰਦੀ ਹੈ।੨। (ਹੇ ਸੰਤ ਜਨੋਂ! ਪਹਿਲਾਂ ਮਾਇਆ) ਮੂੰਹ ਨਾਲ (ਉਤੋਂ ਉਤੋਂ ਮਨੁੱਖ ਨੂੰ) ਪਰਚਾਉਂਦੀ ਹੈ, (ਮਿੱਠੀਆਂ ਮਿੱਠੀਆਂ ਗਲਾਂ ਕਰਦੀ ਹੈ, ਪਰ) ਅੰਤ ਨੂੰ ਠੱਗ ਲੈਂਦੀ ਹੈ। ਇਕ ਜਗ੍ਹਾ ਉਹ ਮਾਇਆ ਕਿਸੇ ਪਾਸ ਨਹੀਂ ਟਿਕਦੀ। ਉਸ (ਮਾਇਆ) ਨੇ ਬਹੁਤ ਬ੍ਰਹਮੰਡਾਂ ਦੇ ਜੀਵ ਮੋਹ ਵਿਚ ਫਸਾਏ ਹੋਏ ਹਨ। (ਪਰ) ਰਾਮ ਦੇ ਸੇਵਕਾਂ ਨੇ (ਇਸ ਦੇ) ਟੋਟੇ ਟੋਟੇ ਕਰ ਦਿਤੇ ਹਨ।੩। ਜੋ ਮਨੁੱਖ ਮਾਇਆ ਮੰਗਦਾ ਹੈ, ਉਹ ਭੁੱਖਾ ਰਹਿੰਦਾ ਹੈ (ਉਸ ਦੀ ਤ੍ਰਿਸ਼ਨਾ ਨਹੀਂ ਮੁੱਕਦੀ। ਜੋ ਮਨੁੱਖ) ਇਸ ਮਾਇਆ ਨਾਲ ਰਚਿਆ ਰਹਿੰਦਾ ਹੈ, ਉਹ ਕੁਛ (ਆਤਮਕ ਜੀਵਨ) ਪ੍ਰਾਪਤ ਨਹੀਂ ਕਰ ਸਕਦਾ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ) ਇਸ ਮਾਇਆ ਨੂੰ ਛਡ ਕੇ ਸਤਸੰਗਤ ਕਰਦਾ ਹੈ, ਉਹ ਵਡਭਾਗੀ ਮਨੁੱਖ (ਭਵਜਲ ਤੋਂ) ਤਰ ਜਾਂਦਾ ਹੈ।੪।੧੮।੨੯।

ਪਦਾਰਥ = ਗਹੁ ਕਰਿ–ਹਠ ਕਰਕੇ; ਜਤਨ ਕਰਕੇ; ਧਿਆਨ ਦੇ ਕਰਕੇ; ਕਾਬੂ ਕਰਕੇ। ਪਕਰੀ–ਫੜੀ ਹੈ। ਹਾਥਿ–ਹੱਥ ਵਿਚ। ਕਰੀ–ਕੀਤੀ। ਚਾਲੀ ਨਹੀਂ–ਨਹੀਂ ਚੱਲੀ। ਸਾਥਿ–ਨਾਲ। ਜਉ–ਜਦੋਂ। ਤਿਆਗਿ ਦਈ–ਛਡ ਦਿਤੀ। ਤਬ–ਤਦ। ਓਹ–ਉਹ ਮਾਯਾ। ੧। ਸੰਤਹੁ–ਹੇ ਸੰਤ ਜਨੋਂ!। ਨਿਰਮਲ–ਪਵਿਤ੍ਰ। ਗਤਿ–ਮੁਕਤੀ। ਕਾਈ–ਕੋਈ। ਭੇਟਤ–ਮਿਲਿਆਂ। ਉਧਾਰ–ਪਾਰ ਉਤਾਰਾ; ਮੁਕਤੀ ।੧। ਰਹਾਉ। ਜਬ–ਜਦ। ਕਉ–ਨੂੰ। ਮਾਨੁ–ਆਦਰ। ਆਪਸ ਊਪਰਿ–ਅਪਣੇ ਆਪ ਉਤੇ। ਗੁਮਾਨੁ–ਹੰਕਾਰ। ਮਨਿ–ਮਨ ਵਿਚੋਂ। ਪਰਹਰੈ–ਦੂਰ ਕਰ ਦੇਂਦਾ ਹੈ। ਸੇਵਕਿ–ਦਾਸੀ (ਬਣ ਕੇ)।੨। ਮੁਖਿ–ਮੂੰਹ ਨਾਲ। ਬੇਰਾਵੈ–ਪਰਚਾਉਂਦੀ ਹੈ। ਅੰਤਿ–ਅੰਤ ਨੂੰ। ਠਗਾਵੈ –ਠੱਗ ਲੈਂਦੀ ਹੈ। ਇਕਤੁ ਠਉਰ–ਇਕ ਜਗ੍ਹਾ। ਕਹੀ–ਕਿਤੇ ਵੀ; ਕਿਸੇ ਪਾਸ। ਨ ਸਮਾਵੈ–ਨਹੀਂ ਟਿਕਦੀ। ਉਨਿ–ਉਸ ਨੇ। ਮੋਹੇ– ਮੋਹ ਲਏ ਹਨ। ਰਾਮ ਜਨੀ–ਪ੍ਰਮਾਤਮਾ ਦੇ ਸੇਵਕਾਂ ਨੇ। ਖੰਡ ਖੰਡ–ਟੋਟੇ ਟੋਟੇ। ਕੀਨੀ–ਕਰ ਦਿਤੇ।੩। ਸੋ–ਉਹ। ਇਸੁ ਸੰਗਿ–ਇਸ (ਮਾਇਆ) ਨਾਲ। ਰਾਚੈ–ਖਚਿੱਤ; ਲੀਨ। ਨ ਲਹੈ–ਪ੍ਰਾਪਤ ਨਹੀਂ ਕਰ ਸਕਦਾ। ਇਸਹਿ–ਇਸ (ਮਾਇਆ) ਨੂੰ। ਤਿਆਗਿ–ਛਡ ਕੇ। ਵਡਭਾਗੀ–ਵੱਡੇ ਭਾਗਾਂ ਵਾਲਾ ਮਨੁੱਖ। ਤਰੈ–(ਭਵਜਲ ਤੋਂ) ਤਰ ਜਾਂਦਾ ਹੈ।੪।੧੮।੨੯।

ਰਾਮਕਲੀ ਮਹਲਾ ੫ ॥ ਆਤਮ ਰਾਮੁ ਸਰਬ ਮਹਿ ਪੇਖੁ ॥ ਪੂਰਨ ਪੂਰਿ ਰਹਿਆ ਪ੍ਰਭ ਏਕੁ ॥ ਰਤਨੁ ਅਮੋਲੁ ਰਿਦੇ ਮਹਿ ਜਾਨੁ ॥ ਅਪਨੀ ਵਸਤੁ ਤੂ ਆਪਿ ਪਛਾਨੁ ॥੧॥ ਪੀ ਅੰਮ੍ਰਿਤੁ ਸੰਤਨ ਪ੍ਰਸਾਦਿ ॥ ਵਡੇ ਭਾਗ ਹੋਵਹਿ ਤਉ ਪਾਈਐ, ਬਿਨੁ ਜਿਹਵਾ ਕਿਆ ਜਾਣੈ ਸੁਆਦੁ ॥੧॥ਰਹਾਉ॥ ਅਠ ਦਸ ਬੇਦ ਸੁਨੇ ਕਹ ਡੋਰਾ ॥ ਕੋਟਿ ਪ੍ਰਗਾਸ ਨ ਦਿਸੈ ਅੰਧੇਰਾ ॥ ਪਸੂ ਪਰੀਤਿ ਘਾਸ ਸੰਗਿ ਰਚੈ ॥ ਜਿਸੁ ਨਹੀ ਬੁਝਾਵੈ ਸੋ ਕਿਤੁ ਬਿਧਿ ਬੁਝੈ ॥੨॥ ਜਾਨਣਹਾਰੁ ਰਹਿਆ ਪ੍ਰਭੁ ਜਾਨਿ ॥ ਓਤਿ ਪੋਤਿ ਭਗਤਨ ਸੰਗਾਨਿ ॥ ਬਿਗਸਿ ਬਿਗਸਿ ਅਪੁਨਾ ਪ੍ਰਭੁ ਗਾਵਹਿ ॥ ਨਾਨਕ ਤਿਨ ਜਮ ਨੇੜਿ ਨ ਆਵਹਿ ॥੩॥੧੯॥੩੦॥ (ਹੇ ਭਾਈ!) ਰਾਮ ਰੂਪ

ਆਤਮਾ ਨੂੰ ਸਾਰੇ ਜੀਵਾਂ ਵਿਚ (ਵਸਦਾ) ਦੇਖ।ਇਕੋ ਪ੍ਰਭੂ ਪੂਰਨ ਤੌਰ ਤੇ ਵਿਆਪਕ ਹੋ ਰਿਹਾ ਹੈ।ਨਾਮ ਰੂਪ ਅਮੋਲਕ ਰਤਨ (ਤੂੰ ਅਪਣੇ) ਹਿਰਦੇ ਵਿਚ ਵਸਦਾ ਜਾਣ।(ਨਾਮ ਰੂਪ) ਵਸਤੂ ਤੇਰੀ ਅਪਣੀ ਹੈ, (ਗੁਰੂ ਦੀ ਸ਼ਰਣ ਵਿਚ ਪੈ ਕੇ) ਤੂੰ ਆਪ (ਇਸ ਵਸਤੂ ਨੂੰ) ਪਛਾਣ।੧।(ਹੇ ਭਾਈ!) ਤੂੰ ਸੰਤਾਂ ਦੀ ਕ੍ਰਿਪਾ ਨਾਲ ਨਾਮ ਅੰਮ੍ਰਿਤ ਪੀ।ਜੇ ਵੱਡੇ ਭਾਗ ਹੋਣ ਤਾਂ ਨਾਮ ਅੰਮ੍ਰਿਤ ਪਾਈਦਾ ਹੈ, (ਪਰ) ਜੀਭ ਨਾਲ ਜਪਣ ਤੋਂ ਬਿਨਾ (ਕੋਈ ਮਨੁੱਖ ਇਸ ਨਾਮ ਅੰਮ੍ਰਿਤ ਦਾ) ਸੁਆਦ ਕੀ ਜਾਣ ਸਕਦਾ ਹੈ? (ਨਹੀਂ ਜਾਣ ਸਕਦਾ)।੧।ਰਹਾਉ।(ਹੇ ਭਾਈ! ਸ਼ਰਧਾ ਤੇ ਵਿਚਾਰ ਰੂਪ ਕੰਨਾਂ ਤੋਂ ਹੀਣਾ) ਬੋਲਾ ਮਨੁੱਖ ਅਠਾਰਾਂ ਪੁਰਾਣ ਤੇ ਚਾਰ ਬੇਦ ਕਿਵੇਂ ਸੁਣ ਸਕਦਾ ਹੈ?।ਅੰਨ੍ਹੇ ਮਨੁੱਖ ਨੂੰ ਕ੍ਰੋੜਾਂ ਦੀਵਿਆਂ ਦਾ ਚਾਨਣ ਨਹੀਂ ਦਿਸ ਸਕਦਾ (ਅਗਿਆਨੀ ਮਨੁੱਖ ਨੂੰ ਜਿੰਨਾ ਮਰਜੀ ਗਿਆਨ ਦੇਈ ਜਾਓ, ਪਰ ਉਹ ਸਮਝ ਨਹੀਂ ਸਕਦਾ)।ਪਸ਼ੂ ਦੀ ਪ੍ਰੀਤੀ ਖਾਹ ਦੇ ਖਾਣ ਨਾਲ ਲੱਗੀ ਰਹਿੰਦੀ ਹੈ (ਮੂਰਖ ਦੀ ਪ੍ਰੀਤ ਨਿਕੰਮੀਆਂ ਚੀਜਾਂ ਨਾਲ ਹੁੰਦੀ ਹੈ)।ਜਿਸ ਮਨੁੱਖ ਨੂੰ ਪ੍ਰਭੂ ਸੂਝ ਬੂਝ ਨਹੀਂ ਬਖਸ਼ਦਾ, ਉਹ ਕਿਸ ਤਰੀਕੇ ਨਾਲ ਸਮਝ ਸਕਦਾ ਹੈ? (ਸਮਝ ਨਹੀਂ ਸਕਦਾ)।੨।(ਹੇ ਭਾਈ!) ਜਾਨਣ ਵਾਲਾ ਪ੍ਰਭੂ (ਹਰੇਕ ਜੀਵ ਦੇ ਦਿਲ ਦੀ ਗੱਲ) ਜਾਣ ਰਿਹਾ ਹੈ।(ਉਹ) ਤਾਣੇ ਪੇਟੇ ਵਾਂਗ ਭਗਤਾਂ ਨਾਲ ਮਿਲਿਆ ਹੋਇਆ ਹੈ।(ਭਗਤ) ਮਨ ਬਾਣੀ ਦੁਆਰਾ ਪ੍ਰਸੰਨ ਹੋ ਕੇ ਪ੍ਰਭੂ ਨੂੰ ਗਾਉਂਦੇ ਰਹਿੰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਜਮ ਦੂਤ ਉਨ੍ਹਾਂ ਭਗਤਾਂ ਦੇ ਨੇੜੇ ਨਹੀਂ ਆਉਂਦੇ।੩।੧੯।੩੦।

ਪਦਾਰਥ = ਆਤਮ ਰਾਮੁ–ਰਾਮ ਰੂਪ ਆਤਮਾ; ਸਰਬ ਵਿਆਪਕ ਆਤਮਾ।ਸਰਬ ਮਹਿ–ਸਾਰੇ ਜੀਵਾਂ ਵਿਚ।ਪੇਖੁ–ਦੇਖ।ਪੂਰਨ–ਪੂਰਨ ਤੌਰ ਤੇ; ਪੂਰਨ ਪ੍ਰਭੂ।ਪੂਰਿ ਰਹਿਆ–ਵਿਆਪਕ ਹੈ।ਅਮੋਲੁ–ਅਮੋਲਕ।ਰਿਦੇ ਮਹਿ–ਹਿਰਦੇ ਵਿਚ।੧।ਅੰਮ੍ਰਿਤੁ–ਅਮਰ ਕਰ ਦੇਣ ਵਾਲਾ ਪ੍ਰਭੂ ਦਾ ਨਾਮ।ਸੰਤਨ ਪ੍ਰਸਾਦਿ–ਸੰਤਾਂ ਦੀ ਕ੍ਰਿਪਾ ਨਾਲ।ਹੋਵਹਿ–ਜੇ ਹੋਣ।ਤਉ–ਤਦ; ਤਾਂ।ਪਾਈਐ–ਪਾਈਦਾ ਹੈ।ਬਿਨੁ ਜਿਹਵਾ–ਜੀਭ ਨਾਲ ਜਪਣ ਤੋਂ ਬਿਨਾ।ਕਿਆ–ਕੀ।੧।ਰਹਾਉ।ਅਠ ਦਸ–ਅਠਾਰਾਂ ਪੁਰਾਣ।ਬੇਦ–ਚਾਰ ਬੇਦ।ਸੁਨੇ ਕਹ–ਕਿਵੇਂ ਸੁਣ ਸਕਦਾ ਹੈ? ਡੋਰਾ–ਬੋਲਾ ਮਨੁੱਖ।ਕੋਟਿ ਪ੍ਰਗਾਸ–ਕ੍ਰੋੜਾਂ ਦੀਵਿਆਂ ਦਾ ਚਾਨਣ।ਅੰਧੇਰਾ–ਅੰਨ੍ਹਾ ਮਨੁੱਖ (ਜਿਸ ਦੀਆਂ ਅੱਖਾਂ ਅੱਗੇ ਹਨ੍ਹੇਰਾ ਹੈ)।ਘਾਸ ਸੰਗਿ–ਘਾਹ ਨਾਲ।ਰਚੈ–ਲੱਗਾ ਰਹਿੰਦਾ ਹੈ।ਬੁਝਾਵੈ–ਸੂਝ ਬੂਝ ਦੇਂਦਾ ਹੈ।ਸੋ–ਉਹ।ਕਿਤੁ ਬਿਧਿ–ਕਿਸ ਤਰੀਕੇ ਨਾਲ।ਬੁਝੈ–ਸਮਝ ਸਕਦਾ ਹੈ।੨।ਜਾਨਣਹਾਰੁ–ਜਾਨਣ ਵਾਲਾ ਪ੍ਰਭੂ।ਰਹਿਆ ਜਾਨਿ–ਜਾਣ ਰਿਹਾ ਹੈ।ਓਤਿ ਪੋਤਿ–ਤਾਣੇ ਪੇਟੇ ਵਾਂਗ।ਭਗਤਨ–ਭਗਤਾਂ ਦੇ।ਸੰਗਾਨਿ–ਨਾਲ।ਬਿਗਸਿ–ਪ੍ਰਸੰਨ ਹੋ ਕੇ।ਤਿਨ–ਉਨ੍ਹਾਂ ਦੇ।੩।੧੯।੩੦।

ਰਾਮਕਲੀ ਮਹਲਾ ੫ ॥ ਦੀਨੋ ਨਾਮੁ ਕੀਓ ਪਵਿਤੁ ॥ ਹਰਿ ਧਨੁ ਰਾਸਿ, ਨਿਰਾਸ ਇਹ ਬਿਤੁ ॥ ਕਾਟੀ ਬੰਧਿ ਹਰਿ ਸੇਵਾ ਲਾਏ ॥ ਹਰਿ ਹਰਿ ਭਗਤਿ ਰਾਮ ਗੁਣ ਗਾਏ ॥੧॥ ਬਾਜੇ ਅਨਹਦ ਬਾਜਾ ॥ ਰਸਕਿ ਰਸਕਿ ਗੁਣ ਗਾਵਹਿ ਹਰਿ ਜਨ, ਅਪਨੈ ਗੁਰਦੇਵਿ ਨਿਵਾਜਾ ॥੧॥ਰਹਾਉ॥ ਆਇ ਬਨਿਓ ਪੂਰਬਲਾ ਭਾਗੁ ॥ ਜਨਮ ਜਨਮ ਕਾ ਸੋਇਆ ਜਾਗੁ ॥ ਗਈ ਗਿਲਾਨਿ ਸਾਧ ਕੈ ਸੰਗਿ ॥ ਮਨੁ ਤਨੁ ਰਾਤੋ ਹਰਿ ਕੈ ਰੰਗਿ ॥੨॥ ਰਾਖੇ ਰਾਖਨਹਾਰ ਦਇਆਲ ॥ ਨਾ ਕਿਛੁ ਸੇਵਾ ਨਾ ਕਿਛੁ ਘਾਲ ॥ ਕਰਿ ਕਿਰਪਾ ਪ੍ਰਭਿ ਕੀਨੀ ਦਇਆ ॥ ਬੂਡਤ ਦੁਖ ਮਹਿ ਕਾਢਿ ਲਇਆ ॥੩॥ ਸੁਣਿ ਸੁਣਿ ਉਪਜਿਓ ਮਨ ਮਹਿ ਚਾਉ ॥ ਆਠ ਪਹਰ ਹਰਿ ਕੇ ਗੁਣ ਗਾਉ ॥ ਗਾਵਤ ਗਾਵਤ ਪਰਮ ਗਤਿ ਪਾਈ ॥ ਗੁਰ ਪ੍ਰਸਾਦਿ ਨਾਨਕ ਲਿਵ ਲਾਈ ॥੪॥੨੦॥੩੧॥ (ਹੇ ਭਾਈ! ਜਿਸ ਮਨੁੱਖ ਨੂੰ ਗੁਰੂ ਨੇ) ਨਾਮ ਦਿਤਾ ਹੈ, (ਨਾਮ ਸਿਮਰਨ ਨੇ ਉਸ ਦਾ) ਹਿਰਦਾ ਪਵਿਤ੍ਰ ਕਰ ਦਿਤਾ ਹੈ।(ਉਸ ਮਨੁੱਖ ਨੂੰ) ਹਰੀ ਦਾ ਨਾਮ ਧਨ (ਅਜੇਹੀ) ਪੂੰਜੀ ਮਿਲ ਗਈ ਹੈ, ਇਹ ਦੁਨਿਆਵੀ ਧਨ (ਉਸ ਕੋਲੋਂ) ਨਿਰਾਸ ਹੋ ਕੇ ਚਲਾ ਗਿਆ; (ਦੁਨੀਆਂ ਤੋਂ) ਨਿਰਾਸ ਹੋਏ ਮਨੁੱਖਾਂ ਦਾ ਇਹ ਸੱਚਾ ਧਨ ਹੈ।(ਗੁਰੂ ਨੇ) ਹਰੀ ਦੀ ਸੇਵਾ ਵਿਚ ਲਗਾ ਕੇ (ਉਸ ਦੀ ਮਾਇਆ ਦੀ) ਫਾਹੀ ਕੱਟ ਦਿਤੀ ਹੈ। (ਹੁਣ ਉਹ ਮਨ ਕਰਕੇ) ਹਰੀ ਦੀ ਭਗਤੀ ਕਰਦਾ ਹੈ ਅਤੇ (ਬਾਣੀ ਦੁਆਰਾ) ਪ੍ਰਭੂ ਦੇ ਗੁਣ ਗਾਉਂਦਾ ਹੈ।੧।(ਹੇ ਭਾਈ! ਜਿਨ੍ਹਾਂ ਨੂੰ) ਅਪਣੇ ਗੁਰਦੇਵ ਨੇ ਆਦਰ ਮਾਣ ਬਖਸ਼ਿਆ ਹੈ, ਹਰੀ ਦੇ ਉਹ ਸੇਵਕ ਅਨੰਦ ਲੈ ਲੈ ਕੇ ਹਰੀ ਦੇ ਗੁਣ ਗਾਉਂਦੇ ਹਨ।(ਉਨ੍ਹਾਂ ਦੇ ਹਿਰਦੇ ਅੰਦਰ ਨਾਮ ਬਾਣੀ ਦੇ) ਇਕ ਰਸ ਬਾਜੇ ਵੱਜ ਰਹੇ ਹਨ।੧।ਰਹਾਉ।(ਇਹ ਵਡਿਆਈ ਕਿਵੇਂ ਮਿਲੀ? ਉਨ੍ਹਾਂ ਦੇ) ਪਿਛਲੇ ਜਨਮਾਂ ਦਾ ਕੋਈ ਚੰਗਾ ਭਾਗ ਸੀ, (ਜਿਸ ਦੇ ਫਲ ਮਿਲਣ ਦਾ ਮੌਕਾ) ਆ ਬਣਿਆ ਹੈ।(ਜਿਸ ਕਰਕੇ) ਜਨਮਾਂ ਜਨਮਾਂ ਦੀ (ਅਗਿਆਨਤਾ ਦੀ ਨੀਂਦ ਵਿਚ) ਸੋਇਆ ਮਨ ਜਾਗ ਪਿਆ ਹੈ।ਸਾਧ ਗੁਰੂ ਦੇ ਸਤਸੰਗ ਦੁਆਰਾ (ਉਨ੍ਹਾਂ ਦੇ ਮਨ ਵਿਚੋਂ ਦੂਜਿਆਂ ਪ੍ਰਤੀ) ਘਿਰਣਾ ਦੂਰ ਹੋ ਗਈ ਹੈ।(ਉਨ੍ਹਾਂ ਦਾ) ਮਨ ਤੇ ਸਰੀਰ ਹਰੀ ਦੇ ਪ੍ਰੇਮ ਰੰਗ ਵਿਚ ਰੰਗਿਆ ਗਿਆ ਹੈ।੨।ਰੱਖਿਆ ਕਰਨ ਵਾਲੇ ਦਿਆਲੂ ਪ੍ਰਭੂ ਨੇ (ਉਨ੍ਹਾਂ ਨੂੰ ਭਵਜਲ ਵਿਚ ਡੁਬਣ ਤੋਂ) ਰੱਖ ਲਿਆ ਹੈ।(ਉਨ੍ਹਾਂ ਨੇ) ਨਾ ਕੋਈ ਸੇਵਾ ਕੀਤੀ ਅਤੇ ਨਾ

ਹੀ (ਜਪ ਤਪ ਆਦਿ ਦੀ ਕੋਈ) ਘਾਲ ਕਮਾਈ ਕੀਤੀ ਹੈ। ਪ੍ਰਭੂ ਨੇ ਕ੍ਰਿਪਾ ਕਰਕੇ ਅਪਣੀ ਦਇਆ ਕੀਤੀ ਅਤੇ (ਮਨ ਰੂਪ ਬਾਂਹ ਫੜ ਕੇ ਉਨ੍ਹਾਂ ਨੂੰ) ਦੁਖਦਾਈ ਸੰਸਾਰ ਸਮੁੰਦ ਵਿਚ ਡੁਬਦਿਆਂ ਨੂੰ ਕੱਢ ਲਿਆ ਹੈ।੩। (ਗੁਰੂ ਦੇ ਬਚਨ) ਸੁਣ ਸੁਣ ਕੇ (ਉਨ੍ਹਾਂ ਦੇ) ਮਨ ਵਿਚ ਚਾਉ ਪੈਦਾ ਹੋਇਆ ਹੈ। (ਉਹ) ਅੱਠੇ ਪਹਿਰ ਹਰੀ ਦੇ ਗੁਣ ਗਾਉਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਨ੍ਹਾਂ ਨੇ) ਪ੍ਰਭੂ ਦੇ ਚਰਨਾਂ ਵਿਚ ਬਿਰਤੀ ਲਾਈ ਹੈ ਅਤੇ ਗੁਣ ਗਾਉਂਦਿਆਂ ਗਾਉਂਦਿਆਂ ਪਰਮਗਤੀ ਪਾ ਲਈ ਹੈ।੪।੨੦।੩੧।

ਪਦਾਰਥ = ਦੀਨੋ–ਦਿਤਾ ਹੈ। ਕੀਓ ਪਵਿਤੁ–ਪਵਿਤ੍ਰ ਕਰ ਦਿਤਾ। ਰਾਸਿ–ਪੂੰਜੀ। ਨਿਰਾਸ–ਬੇ ਆਸ ਹੋ ਕੇ; ਉਪਰਾਮ ਮਨੁੱਖ। ਬਿਤੁ –ਧਨ। ਬੰਧਿ–ਫਾਹੀ। ਗਾਏ–ਗਾਉਂਦਾ ਹੈ।੧। ਬਾਜੇ–ਵੱਜਦੇ ਹਨ। ਅਨਹਦ–ਇਕ ਰਸ; ਲਗਾਤਾਰ। ਬਾਜਾ–ਵਾਜੇ। ਰਸਕਿ ਰਸਕਿ –ਅਨੰਦ ਲੈ ਲੈ ਕੇ। ਗਾਵਹਿ–ਗਾਉਂਦੇ ਹਨ। ਹਰਿ ਜਨ–ਹਰੀ ਦੇ ਸੇਵਕ। ਗੁਰਦੇਵਿ–ਗੁਰਦੇਵ ਨੇ। ਨਿਵਾਜਾ–ਆਦਰ ਮਾਣ ਦਿਤਾ। ੧। ਰਹਾਉ। ਪੂਰਬਲਾ–ਪਹਿਲੇ ਜਨਮਾਂ ਦਾ। ਭਾਗੁ–ਕਿਸਮਤ। ਸੋਇਆ–(ਅਗਿਆਨਤਾ ਦੀ ਨੀਂਦ ਵਿਚ) ਸੁੱਤਾ ਪਿਆ (ਮਨ)। ਗਿਲਾਨਿ–ਘ੍ਰਿਣਾ; ਨਫਰਤ। ਰਾਤੋ–ਰੰਗਿਆ ਗਿਆ। ਕੈ ਰੰਗਿ–ਦੇ ਪ੍ਰੇਮ ਰੰਗਿ ਵਿਚ।੨। ਰਾਖੇ–ਰੱਖ ਲਿਆ। ਘਾਲ–ਮਿਹਨਤ। ਕਰਿ–ਕਰ ਕੇ। ਪ੍ਰਭਿ–ਪ੍ਰਭੂ ਨੇ। ਕੀਨੀ–ਕੀਤੀ। ਬੂਡਤ–ਡੁਬਦਿਆਂ ਨੂੰ। ਮਹਿ–ਵਿਚ।੩। ਸੁਨਿ–ਸੁਣ ਕੇ। ਉਪਜਿਓ–ਪੈਦਾ ਹੋਇਆ। ਗਾਉ–ਗਾਉਂਦੇ ਹਨ। ਪਰਮਗਤਿ–ਮੁਕਤੀ; ਸਭ ਤੋਂ ਉਚੀ ਪਦਵੀ। ਪਾਈ–ਪਾ ਲਈ ਹੈ। ਗੁਰ ਪ੍ਰਸਾਦਿ–ਗੁਰੂ ਦੀ ਕਿਰਪਾ ਨਾਲ। ਲਿਵ ਲਾਈ–ਬਿਰਤੀ ਲਾਈ (ਜੋੜੀ) ਹੈ।੪।੨੦।੩੧।

ਰਾਮਕਲੀ ਮਹਲਾ ੫ ॥ ਕਉਡੀ ਬਦਲੈ ਤਿਆਗੈ ਰਤਨੁ ॥ ਛੋਡਿ ਜਾਇ ਤਾਹੂ ਕਾ ਜਤਨੁ ॥ ਸੋ ਸੰਚੈ ਜੋ ਹੋਛੀ ਬਾਤ ॥ ਮਾਇਆ ਮੋਹਿਆ ਟੇਢਉ ਜਾਤ ॥੧॥ ਅਭਾਗੇ ਤੈ ਲਾਜ ਨਾਹੀ ॥ ਸੁਖ ਸਾਗਰ ਪੂਰਨ ਪਰਮੇਸਰੁ ,ਹਰਿ ਨ ਚੇਤਿਓ ਮਨ ਮਾਹੀ ॥੧॥ਰਹਾਉ ॥ ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥ ਸਾਕਤ ਕੀ ਬਿਧਿ ਨੈਨਹੁ ਡੀਠੀ ॥ ਕੂੜਿ ਕਪਟਿ ਅਹੰਕਾਰਿ ਰੀਝਾਨਾ ॥ (ਹੇ ਭਾਈ! ਤੂੰ) ਕਉਡੀ (ਮਾਇਆ) ਦੇ ਬਦਲੇ ਨਾਮ ਰੂਪ ਰਤਨ ਛਡ ਦਿੰਦਾ ਹੈਂ। (ਜੋ ਮਾਇਆ) ਛਡ ਜਾਣੀ ਹੈ, ਉਸ ਨੂੰ (ਪ੍ਰਾਪਤ ਕਰਨ ਦਾ) ਤੂੰ ਜਤਨ ਕਰਦਾ ਹੈਂ। ਉਸ (ਮਾਇਆ) ਨੂੰ ਇਕੱਠੀ ਕਰਦਾ ਹੈਂ, ਜੋ ਘਟੀਆ ਵਸਤੂ ਹੈ। ਤੂੰ ਮਾਇਆ ਦਾ ਮੋਹਿਆ ਟੇਢਾ ਚਲਦਾ ਹੈਂ (ਮਨਮੱਤ ਦੇ ਰਸਤੇ ਤੇ ਚਲਦਾ ਹੈਂ)।੧। ਹੇ ਭਾਗਹੀਣ ਮਨੁੱਖ! ਤੈਨੂੰ ਸ਼ਰਮ ਨਹੀਂ ਆਉਂਦੀ? ਸੁੱਖਾਂ ਦਾ ਸਾਗਰ ਜੋ ਪੂਰਨ ਪ੍ਰਮੇਸਰ ਹੈ, (ਤੂੰ ਕਦੇ ਉਸ) ਹਰੀ ਨੂੰ ਮਨ ਵਿਚ ਚੇਤੇ ਨਹੀਂ ਕੀਤਾ।੧। ਰਹਾਉ। (ਹੇ ਭਾਈ!) ਸਾਕਤ ਮਨੁੱਖਾਂ ਦੀ ਹਾਲਤ ਮੈਂ ਅੱਖਾਂ ਨਾਲ ਦੇਖੀ ਹੈ, (ਉਸ ਨੂੰ) ਨਾਮ ਰੂਪ ਅੰਮ੍ਰਿਤ ਕੌੜਾ ਲਗਦਾ ਹੈ ਅਤੇ ਵਿਹੁ ਰੂਪ ਮਾਇਆ ਮਿੱਠੀ ਲਗਦੀ ਹੈ। (ਉਹ) ਝੂਠ ਬੋਲਣ ਵਿਚ, ਵਲ ਛਲ ਕਰਨ ਵਿਚ ਅਤੇ ਹੰਕਾਰ ਕਰਨ ਵਿਚ ਖੁਸ਼ ਰਹਿੰਦਾ ਹੈ।

ਅੰਗ ੮੯੩ = ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥੨॥ ਮਾਇਆ ਕਾਰਣਿ ਸਦ ਹੀ ਝੂਰੈ ॥ ਮਨਿ ਮੁਖਿ ਕਬਹਿ ਨ ਉਸਤਤਿ ਕਰੈ ॥ ਨਿਰਭਉ ਨਿਰੰਕਾਰ ਦਾਤਾਰੁ ॥ ਤਿਸੁ ਸਿਉ ਪ੍ਰੀਤਿ ਨ ਕਰੈ ਗਵਾਰੁ ॥੩॥ ਸਭ ਸਾਹਾ ਸਿਰਿ ਸਾਚਾ ਸਾਹੁ ॥ ਵੇਮੁਹਤਾਜੁ ਪੂਰਾ ਪਾਤਿਸਾਹੁ ॥ ਮੋਹ ਮਗਨ ਲਪਟਿਓ ਭ੍ਰਮ ਗਿਰਹ ॥ ਨਾਨਕ ਤਰੀਐ ਤੇਰੀ ਮਿਹਰ ॥੪॥੨੧॥੩੨॥ ਨਾਮ ਸੁਣਦਿਆਂ (ਉਹ ਇਉਂ ਦੁਖੀ ਹੁੰਦਾ ਹੈ), ਮਾਨੋਂ ਬਿੱਛੂ ਨੇ ਡੰਗ ਮਾਰਿਆ ਹੋਵੇ।੨। (ਹੇ ਭਾਈ! ਸਾਕਤ) ਮਾਇਆ ਵਾਸਤੇ ਸਦਾ ਹੀ ਝੂਰਦਾ ਰਹਿੰਦਾ ਹੈ। (ਉਹ) ਮਨ ਕਰਕੇ ਤੇ ਮੂੰਹ ਨਾਲ ਕਦੇ ਵੀ ਪ੍ਰਭੂ ਦੀ ਉਸਤਤ ਨਹੀਂ ਕਰਦਾ। ਜੋ ਭੈ ਰਹਿਤ ਅਤੇ ਅਕਾਰ ਰਹਿਤ ਪ੍ਰਭੂ (ਸਾਰੇ ਜੀਵਾਂ ਨੂੰ) ਦਾਤਾਂ ਦੇਣ ਵਾਲਾ ਹੈ। ਉਸ ਨਾਲ (ਇਹ) ਮੂਰਖ ਪ੍ਰੀਤੀ ਨਹੀਂ ਕਰਦਾ।੩। (ਹੇ ਭਾਈ! ਪ੍ਰਭੂ) ਸਾਰੇ ਸ਼ਾਹਾਂ ਦੇ ਸਿਰ ਉਤੇ ਸੱਚਾ ਸ਼ਾਹ ਹੈ। (ਉਹ) ਬੇਮੁਹਤਾਜ ਅਤੇ ਪੂਰਾ ਪਾਤਸ਼ਾਹ ਹੈ। (ਪਰ ਸਾਕਤ ਮਨੁੱਖ) ਮੋਹ ਦੀ ਮਸਤੀ ਅਤੇ ਭਰਮ ਦੀ ਗੰਢ ਨਾਲ ਚਿੰਬੜਿਆ ਰਹਿੰਦਾ ਹੈ। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ! ਤੇਰੀ ਮੇਹਰ ਨਾਲ ਹੀ ਸੰਸਾਰ ਸਮੁੰਦਰ ਤੋਂ ਤਰਿਆ ਜਾ ਸਕਦਾ ਹੈ।੪।੨੧।੩੨।

ਪਦਾਰਥ = ਕਉਡੀ–ਕਉਡੀ ਵਾਂਗ ਤੁੱਛ ਮਾਇਆ। ਬਦਲੈ–ਵੱਟੇ ਵਿਚ। ਰਤਨੁ–ਅਮੋਲਕ (ਨਾਮ ਰੂਪ) ਰਤਨ। ਤਾਹੂ ਕਾ–ਉਸ ਦਾ। ਸੋ–ਉਹ; ਉਸ ਨੂੰ। ਸੰਚੈ–ਇਕੱਠੀ ਕਰਦਾ ਹੈ। ਹੋਛੀ ਬਾਤ–ਘਟੀਆ ਵਸਤੂ। ਟੇਢਉ ਜਾਤ–ਵਿੰਗਾ (ਆਕੜ ਕੇ) ਚਲਦਾ ਹੈ; ਉਲਟੇ ਰਸਤੇ ਜਾਂਦਾ ਹੈ।੧। ਅਭਾਗੇ–ਹੇ ਭਾਗ ਹੀਣ ਮਨੁੱਖ!। ਤੈ–ਤੈਨੂੰ। ਲਾਜ–ਸ਼ਰਮ। ਪੂਰਨ–ਸਰਬ ਵਿਆਪਕ। ਨ ਚੇਤਿਓ–ਚੇਤੇ ਨਹੀਂ ਕੀਤਾ। ਮਨ ਮਾਹੀ–ਮਨ ਵਿਚ।੧। ਰਹਾਉ। ਕਉਰਾ–ਕੌੜਾ। ਬਿਖਿਆ–ਵਿਹੁ ਰੂਪ ਮਾਇਆ। ਸਾਕਤ–ਰੱਬ ਨਾਲੋਂ ਟੁੱਟਾ ਮਨੁੱਖ। ਬਿਧਿ–ਹਾਲਤ। ਨੈਨਹੁ–ਅੱਖਾਂ ਨਾਲ। ਡੀਠੀ–ਦੇਖੀ ਹੈ। ਕੂੜਿ–ਝੂਠ ਵਿਚ। ਕਪਟਿ–ਵਲ ਛਲ ਵਿਚ। ਅਹੰਕਾਰਿ–ਹੰਕਾਰ

ਵਿਚ।ਰੀਝਾਨਾ–ਖੁਸ਼ ਹੁੰਦਾ ਹੈ।ਜਨੁ–ਜਾਣੋ; ਮਾਨੋਂ; ਜਿਵੇਂ ਕਿ।ਬਿਛੂਅ–ਬਿੱਛੂ ਨੇ।ਡਸਾਨਾ–ਡੰਗ ਮਾਰ ਗਿਆ।੨।ਕਾਰਨਿ–ਵਾਸਤੇ।ਸਦ ਹੀ–ਸਦਾ ਹੀ।ਝੂਰੈ–ਝੂਰਦਾ ਹੈ।ਮਨਿ–ਮਨ ਕਰਕੇ।ਮੁਖਿ–ਮੂੰਹ ਨਾਲ।ਕਬਹਿ–ਕਦੇ ਵੀ।ਨਿਰਭਉ–ਭੈ ਰਹਿਤ। ਨਿਰੰਕਾਰ–ਅਕਾਰ ਰਹਿਤ।ਦਾਤਾਰੁ–ਦਾਤਾਂ ਦੇਣ ਵਾਲਾ।ਤਿਸੁ ਸਿਉ–ਉਸ ਨਾਲ।ਗਾਵਾਰੁ–ਮੂਰਖ।੩।ਸਾਹਾ ਸਿਰਿ–ਸ਼ਾਹਾਂ ਦੇ ਸਿਰ ਉਤੇ; ਸ਼ਾਹਾਂ ਤੋਂ ਸ਼੍ਰੋਮਣੀ।ਵੇਮਹਤਾਜੁ–ਬੇਪ੍ਰਵਾਹ; ਸੁਤੰਤਰ; ਜਿਸ ਨੂੰ ਕਿਸੇ ਦੀ ਲੋੜ ਨਹੀਂ।ਮਗਨ–ਮਸਤ।ਲਪਟਿਓ–ਚਿੰਬੜਿਆ ਰਹਿੰਦਾ ਹੈ।ਭ੍ਰਮ ਗਿਰਹ–ਭਰਮ ਦੀ ਗੰਢ।ਤਰੀਐ–ਤਰਿਆ ਜਾ ਸਕਦਾ ਹੈ।੪।੨੧।੩੨।

ਰਾਮਕਲੀ ਮਹਲਾ ੫ ॥ ਰੈਣਿ ਦਿਨਸੁ ਜਪਉ ਹਰਿ ਨਾਉ ॥ ਆਗੈ ਦਰਗਹ ਪਾਵਉ ਥਾਉ ॥ ਸਦਾ ਅਨੰਦੁ ,ਨ ਹੋਵੀ ਸੋਗੁ ॥ ਕਬਹੁ ਨ ਬਿਆਪੈ, ਹਉਮੈ ਰੋਗੁ ॥੧॥ ਖੋਜਹੁ ਸੰਤਹੁ ਹਰਿ ਬ੍ਰਹਮ ਗਿਆਨੀ ॥ ਬਿਸਮਨ ਬਿਸਮ ਭਏ ਬਿਸਮਾਦਾ, ਪਰਮ ਗਤਿ ਪਾਵਹਿ ਹਰਿ ਸਿਮਰਿ ਪਰਾਨੀ ॥੧॥ਰਹਾਉ॥ ਗਨਿ ਮਿਨਿ ਦੇਖਹੁ ਸਗਲ ਬੀਚਾਰਿ ॥ ਨਾਮ ਬਿਨਾ ਕੋ ਸਕੈ ਨ ਤਾਰਿ ॥ ਸਗਲ ਉਪਾਵ, ਨ ਚਾਲਹਿ ਸੰਗਿ ॥ ਭਵਜਲੁ ਤਰੀਐ, ਪ੍ਰਭ ਕੈ ਰੰਗਿ ॥੨॥ ਦੇਹੀ ਧੋਇ, ਨ ਉਤਰੈ ਮੈਲੁ ॥ ਹਉਮੈ ਬਿਆਪੈ, ਦੁਬਿਧਾ ਫੈਲੁ ॥ ਹਰਿ ਹਰਿ ਅਉਖਧੁ ,ਜੋ ਜਨੁ ਖਾਇ ॥ ਤਾ ਕਾ ਰੋਗੁ ਸਗਲ ਮਿਟਿ ਜਾਇ ॥੩॥ ਕਰਿ ਕਿਰਪਾ, ਪਾਰਬ੍ਰਹਮ ਦਇਆਲ ॥ ਮਨ ਤੇ ਕਬਹੁ ਬਿਸਰੁ ਗੋੁਪਾਲ ॥ ਤੇਰੇ ਦਾਸ ਕੀ ਹੋਵਾ ਧੂਰਿ ॥ ਨਾਨਕ ਕੀ ਪ੍ਰਭ ਸਰਧਾ ਪੂਰਿ ॥੪॥੨੨॥੩੩॥ (ਹੇ ਭਾਈ!) ਦਿਨ ਰਾਤ ਹਰੀ ਦਾ ਨਾਮ ਜਪੋ।(ਇਸ ਨਾਲ ਤੁਸੀਂ) ਅੱਗੇ ਰੱਬੀ ਦਰਗਾਹ ਵਿਚ ਥਾਂ ਪਾ ਲਵੋਂਗੇ।(ਨਾਮ ਜਪਣ ਨਾਲ) ਸਦਾ ਅਨੰਦ ਬਣਿਆ ਰਹੇਗਾ ਅਤੇ ਸੋਗ ਵੀ ਨਹੀਂ ਹੋਵੇਗਾ।ਅਤੇ ਕਦੇ ਵੀ ਹਉਮੈ ਦਾ ਰੋਗ ਨਹੀਂ ਵਿਆਪੇਗਾ।੧।ਹੇ ਸੰਤ ਜਨੋਂ! ਬ੍ਰਹਮ ਨੂੰ ਜਾਨਣ ਵਾਲੇ ਮਹਾਂ ਪੁਰਖਾਂ ਰਾਹੀਂ ਹਰੀ ਦੀ ਖੋਜ ਕਰੋ।ਹੇ ਪ੍ਰਾਣੀ! ਹਰੀ ਦਾ ਸਿਮਰਨ ਕਰ, (ਇਸ ਤਰ੍ਹਾਂ) ਅਸਚਰਜ ਰੂਪ ਹਰੀ ਨੂੰ ਪ੍ਰਾਪਤ ਕਰਕੇ ਤੇਰੀ ਅਸਚਰਜ ਤੋਂ ਅਸਚਰਜ ਆਤਮਕ ਅਵਸਥਾ ਹੋ ਜਾਏਗੀ ਅਤੇ ਤੂੰ ਪਰਮ ਗਤੀ ਪਾ ਲਵੇਂਗਾ।੧। ਰਹਾਉ।(ਹੇ ਸੰਤ ਜਨੋ!) ਗਿਣ ਮਿਣ (ਨਿਰਣਾ ਕਰ) ਕੇ ਅਤੇ ਸਭ ਕੁਛ ਬਿਚਾਰ ਕੇ ਦੇਖ ਲਵੋ।(ਪ੍ਰਭੂ ਦੇ) ਨਾਮ ਤੋਂ ਬਿਨਾ ਕੋਈ (ਹੋਰ ਸਾਧਨ ਭਵਜਲ ਤੋਂ) ਤਾਰ ਨਹੀਂ ਸਕਦਾ।(ਕਰਮ ਕਾਂਡ ਦੇ) ਸਾਰੇ ਉਪਾਉ (ਸਹਾਇਕ ਬਣ ਕੇ ਕਿਸੇ ਮਨੁੱਖ ਦੇ) ਨਾਲ ਨਹੀਂ ਚਲਦੇ।(ਕੇਵਲ) ਪ੍ਰਭੂ ਦੇ ਪ੍ਰੇਮ ਰਾਹੀਂ ਭਵਜਲ ਤੋਂ ਤਰਿਆ ਜਾ ਸਕਦਾ ਹੈ।੨।(ਹੇ ਸੰਤ ਜਨੋਂ! ਤੀਰਥਾਂ ਤੇ) ਸਰੀਰ ਦੇ ਧੋਣ ਨਾਲ (ਮਨ ਦੀ) ਮੈਲ ਨਹੀਂ ਉਤਰਦੀ।(ਕਿਉਂਕਿ ਇਸ ਨਾਲ) ਹਉਮੈ ਲਗਦੀ ਹੈ ਅਤੇ ਦੁਬਿਧਾ ਦਾ ਖਿਲਾਰਾ ਪਸਰਦਾ ਹੈ (ਪਖੰਡ ਵਧਦਾ ਹੈ।ਪਰ) ਜੋ ਮਨੁੱਖ ਹਰੀ ਦੇ ਨਾਮ ਦੀ ਦਵਾਈ ਖਾਂਦਾ ਹੈ।ਉਸ ਦਾ ਸਾਰਾ (ਹਰੇਕ ਕਿਸਮ ਦਾ) ਰੋਗ ਮਿਟ ਜਾਂਦਾ ਹੈ।੩।ਹੇ ਦਇਆ ਕਰਨ ਵਾਲੇ ਪਾਰਬ੍ਰਹਮ! ਮੇਰੇ ਤੇ ਕ੍ਰਿਪਾ ਕਰ।ਹੇ ਪ੍ਰਿਥਵੀ ਦੀ ਪਾਲਣਾ ਕਰਨ ਵਾਲੇ ਪ੍ਰਭੂ! ਮੇਰੇ ਮਨ ਤੋਂ ਤੂੰ ਕਦੇ ਵੀ ਨਾ ਵਿਸਰ।ਹੇ ਪ੍ਰਭੂ! ਨਾਨਕ ਦੀ ਸ਼ਰਧਾ ਪੂਰੀ ਕਰ, ਮੈਂ ਤੇਰੇ ਦਾਸਾਂ ਦੀ ਚਰਨ ਧੂੜ ਹੋ ਜਾਵਾਂ।੪।੨੨।੩੩।

ਪਦਾਰਥ = ਰੈਣਿ ਦਿਨਸੁ–ਰਾਤ ਦਿਨ।ਜਪਉ–ਜਪੋ।ਆਗੈ ਦਰਗਹ–ਅੱਗੇ ਰੱਬੀ ਦਰਗਾਹ ਵਿਚ।ਪਾਵਉ–ਪਾ ਲਵੋਂਗੇ।ਨ ਹੋਵੀ–ਨਹੀਂ ਹੋਵੇਗਾ।ਸੋਗੁ–ਗਮ।ਕਬਹੁ–ਕਦੇ ਵੀ।ਨ ਬਿਆਪੈ–ਨਹੀਂ ਲੱਗੇਗਾ।੧।ਸੰਤਹੁ–ਹੇ ਸੰਤ ਜਨੋਂ!।ਬ੍ਰਹਮ ਗਿਆਨੀ–ਬ੍ਰਹਮ ਨੂੰ ਜਾਨਣ ਵਾਲਾ ਪੁਰਖ।ਬਿਸਮਨ ਬਿਸਮ ਬਿਸਮਾਦਾ–ਆਤਮਕ ਅਨੰਦ ਦੀ ਹੈਰਾਨ ਤੋਂ ਹੈਰਾਨ ਕਰਨ ਵਾਲੀ ਅਵਸਥਾ।ਭਏ–ਹੋਏਗੀ।ਪਰਮ ਗਤਿ–ਸਭ ਤੋਂ ਉਚੀ ਆਤਮਕ ਅਵਸਥਾ; ਮੁਕਤੀ।ਪਾਵਹਿ–ਪਾ ਲਵੇਂਗਾ।ਪਰਾਨੀ–ਹੇ ਪ੍ਰਾਣੀ!।੧।ਰਹਾਉ। ਗਨਿ–ਗਿਣ ਕੇ।ਮਿਨਿ–ਮਿਣ ਕੇ।ਸਗਲ ਬੀਚਾਰਿ–ਸਭ ਕੁਛ ਬਿਚਾਰ ਕੇ।ਕੋ–ਕੋਈ।ਸਕੈ ਨ ਤਾਰਿ–ਤਾਰ ਨਹੀਂ ਸਕਦਾ।ਸਗਲ ਉਪਾਵ–ਸਾਰੇ ਜਤਨ।ਨ ਚਾਲਹਿ–ਨਹੀਂ ਜਾਂਦੇ।ਸੰਗਿ–ਨਾਲ।ਭਵਜਲੁ–ਸੰਸਾਰ ਸਮੁੰਦਰ।ਤਰੀਐ–ਤਰਿਆ ਜਾ ਸਕਦਾ ਹੈ।ਕੈ ਰੰਗਿ–ਦੇ ਪ੍ਰੇਮ ਰਾਹੀਂ।੨।ਦੇਹੀ–ਸਰੀਰ।ਧੋਇ–ਧੋਣ ਨਾਲ।ਨ ਉਤਰਸਿ–ਨਹੀਂ ਉਤਰਦੀ।ਫੈਲੁ–ਖਿਲਾਰਾ; ਅਡੰਬਰ।ਅਉਖਧੁ–ਦਵਾਈ।ਜਨੁ–ਮਨੁੱਖ।ਖਾਇ–ਖਾਂਦਾ ਹੈ।ਤਾ ਕਾ–ਉਸ ਦਾ।੩।ਤੇ–ਤੋਂ।ਕਬਹੁ–ਕਦੇ ਵੀ।ਨ ਬਿਸਰੁ–ਨਾ ਭੁੱਲ।ਗੋੁਪਾਲ–ਹੇ ਪ੍ਰਿਥਵੀ ਦੀ ਪਾਲਣਾ ਕਰਨ ਵਾਲੇਪ੍ਰਭੂ!।ਹੋਵਾ–ਮੈਂ ਹੋ ਜਾਵਾਂ।ਸਰਧਾ–ਚਾਹ; ਇੱਛਾ।ਪੂਰਿ–ਪੂਰੀ ਕਰ।੪।੨੨।੩੩।

ਰਾਮਕਲੀ ਮਹਲਾ ੫ ॥ ਤੇਰੀ ਸਰਣਿ ਪੂਰੇ ਗੁਰਦੇਵ ॥ ਤੁਧੁ ਬਿਨੁ ਦੂਜਾ ਨਾਹੀ ਕੋਇ ॥ ਤੂ ਸਮਰਥੁ ਪੂਰਨ ਪਾਰਬ੍ਰਹਮੁ ॥ ਸੋ ਧਿਆਏ ਪੂਰਾ ਜਿਸੁ ਕਰਮੁ ॥੧॥ ਤਰਣ ਤਾਰਣ ਪ੍ਰਭ ਤੇਰੋ ਨਾਉ ॥ ਏਕਾ ਸਰਣਿ ਗਹੀ ਮਨ ਮੇਰੈ, ਤੁਧੁ ਬਿਨੁ ਦੂਜਾ ਨਾਹੀ ਠਾਉ ॥੧॥ਰਹਾਉ॥ ਜਪਿ ਜਪਿ ਜੀਵਾ ਤੇਰਾ ਨਾਉ ॥ ਆਗੈ ਦਰਗਹ ਪਾਵਉ ਠਾਉ ॥ ਦੂਖੁ ਅੰਧੇਰਾ ਮਨ ਤੇ ਜਾਇ ॥ ਦੁਰਮਤਿ ਬਿਨਸੈ ਰਾਚੈ ਹਰਿ ਨਾਇ ॥੨॥ ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਗੁਰ ਪੂਰੇ ਕੀ ਨਿਰਮਲ ਰੀਤਿ ॥ ਭਉ ਭਾਗਾ ਨਿਰਭਉ ਮਨਿ ਬਸੈ

॥ ਅੰਮ੍ਰਿਤ ਨਾਮੁ ਰਸਨ ਨਿਤ ਜਪੈ ॥੩॥ ਕੋਟਿ ਜਨਮ ਕੇ ਕਾਟੇ ਫਾਹੇ ॥ ਪਾਇਆ ਲਾਭੁ ਸਚਾ ਧਨੁ ਲਾਹੇ ॥ ਤੋਟਿ ਨ ਆਵੈ ਅਖੁਟ ਭੰਡਾਰ ॥ ਨਾਨਕ ਭਗਤ ਸੋਹਹਿ ਹਰਿ ਦੁਆਰ ॥੪॥੨੩॥੩੪॥ ਹੇ ਪੂਜਨੀਕ ਪ੍ਰਭੂ ! ਮੈਂ ਤੇਰੀ ਸ਼ਰਣ ਵਿਚ ਆਇਆ ਹਾਂ ।ਤੇਰੇ ਬਿਨਾ ਮੇਰਾ ਹੋਰ ਕੋਈ ਦੂਜਾ ਆਸਰਾ ਨਹੀਂ ਹੈ।ਤੂੰ ਸਰਬ ਸ਼ਕਤੀਮਾਨ ਅਤੇ ਪੂਰਨ ਪਾਰਬ੍ਰਹਮ ਹੈਂ।ਉਹ (ਪੁਰਖ ਤੈਨੂੰ) ਧਿਆਉਂਦਾ ਹੈ, ਜਿਸ ਦਾ ਪੂਰਾ ਭਾਗ ਹੈ (ਜਿਸ ਦੇ ਮੱਥੇ ਦੇ ਭਾਗ ਖੁਲ੍ਹੇ ਹਨ)।੧।ਹੇ ਪ੍ਰਭੂ ! ਤੇਰਾ ਨਾਮ (ਸੰਸਾਰ ਸਮੁੰਦਰ ਤੋਂ) ਤਾਰਨ ਲਈ ਜਹਾਜ ਹੈ।ਮੇਰੇ ਮਨ ਨੇ ਇਕ ਤੇਰੀ ਹੀ ਸ਼ਰਣ ਪਕੜੀ ਹੈ, ਤੇਰੇ ਬਿਨਾ (ਮੇਰਾ ਹੋਰ ਕੋਈ) ਦੂਜਾ ਥਾਂ ਟਿਕਾਣਾ ਨਹੀਂ ਹੈ।੧।ਰਹਾਉ।(ਹੇ ਪ੍ਰਭੂ ! ਮੇਰੇ ਤੇ ਕ੍ਰਿਪਾ ਕਰ) ਮੈਂ ਤੇਰਾ ਨਾਮ ਜਪ ਜਪ ਕੇ ਜੀਵਾਂ।(ਨਾਮ ਜਪ ਕੇ ਹੀ) ਅੱਗੇ ਦਰਗਾਹ ਵਿਚ ਥਾਂ ਪ੍ਰਾਪਤ ਕਰ ਸਕਾਂਗਾ।ਹੇ ਹਰੀ ! (ਜੋ ਮਨੁੱਖ ਤੇਰੇ) ਨਾਮ ਵਿਚ ਲੀਨ ਹੁੰਦਾ ਹੈ, (ਉਸ ਦੀ) ਖੋਟੀ ਬੁੱਧੀ ਨਾਸ਼ ਹੋ ਜਾਂਦੀ ਹੈ ਅਤੇ (ਉਸ ਦੇ) ਮਨ ਤੋਂ ਦੁਖ ਤੇ ਅਗਿਆਨਤਾ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ।੨।(ਹੇ ਭਾਈ ! ਜਦੋਂ ਮੈਂ) ਪੂਰੇ ਗੁਰੂ ਦੀ ਪਵਿਤ੍ਰ ਰੀਤ ਧਾਰਨ ਕੀਤੀ, ਤਾਂ ਪ੍ਰਭੂ ਦੇ ਚਰਨ ਕਮਲਾਂ ਨਾਲ ਮੇਰੀ ਪ੍ਰੀਤ ਲਗ ਗਈ।(ਜਿਹੜਾ ਮਨੁੱਖ ਅਪਣੀ) ਜੀਭ ਨਾਲ ਹਰ ਰੋਜ ਅੰਮ੍ਰਿਤ ਨਾਮ ਜਪਦਾ ਹੈ।(ਉਸ ਦੇ) ਮਨ ਵਿਚ ਨਿਰਭਉ ਪ੍ਰਭੂ ਆ ਵਸਦਾ ਹੈ ਅਤੇ (ਉਸ ਦਾ ਹਰੇਕ ਤਰ੍ਹਾਂ ਦਾ) ਡਰ ਨੱਸ ਜਾਂਦਾ ਹੈ।੩।(ਹੇ ਭਾਈ ! ਜਿਨ੍ਹਾਂ ਭਗਤਾਂ ਨੇ) ਸੱਚੇ ਨਾਮ ਧਨ ਦਾ ਲਾਭ ਪ੍ਰਾਪਤ ਕਰ ਲਿਆ ਹੈ, (ਉਨ੍ਹਾਂ ਦੇ) ਕ੍ਰੋੜਾਂ ਜਨਮਾਂ ਦੇ ਫਾਹੇ ਕੱਟੇ ਗਏ ਹਨ।(ਉਨ੍ਹਾਂ ਦੇ ਅੰਦਰ ਨਾਮ ਧਨ ਦੇ) ਨਾ ਮੁੱਕਣ ਵਾਲੇ ਭੰਡਾਰ ਭਰੇ ਪਏ ਹਨ, (ਜਿਨ੍ਹਾਂ ਵਿਚ ਕਦੇ) ਕਮੀ ਨਹੀਂ ਆਉਂਦੀ।ਨਾਨਕ ਗੁਰੂ ਜੀ ਆਖਦੇ ਹਨ ਕਿ (ਅਜੇਹੇ) ਭਗਤ ਜਨ ਹਰੀ ਦੇ ਦਰ ਤੇ ਸੋਭਾ ਪਾਉਂਦੇ ਹਨ।੪।੨੪।੩੫।

ਪਦਾਰਥ = ਗੁਰਦੇਵ–ਹੇ ਪੂਜਨੀਕ ਪ੍ਰਭੂ !।ਸਮਰਥ–ਸਰਬ ਸ਼ਕਤੀਮਾਨ।ਪੂਰਨ–ਵਿਆਪਕ।ਸੋ–ਉਹ ਪੁਰਖ।ਕਰਮੁ–ਭਾਗ (ਕਿਸਮਤ)।੧।ਤਰਣ–ਜਹਾਜ।ਪ੍ਰਭ–ਹੇ ਪ੍ਰਭੂ !।ਗਹੀ–ਪਕੜੀ ਹੈ।ਮਨ ਮੇਰੈ–ਮੇਰੇ ਮਨ ਨੇ।ਠਾਉ–ਥਾਂ ਟਿਕਾਣਾ।੧।ਜਪਿ–ਜਪ ਕੇ।ਜੀਵਾ–ਜੀਵਾਂ।ਆਗੈ ਦਰਗਹ–ਅੱਗੇ ਦਰਗਾਹ ਵਿਚ।ਪਾਵਉ–ਪ੍ਰਾਪਤ ਕਰ ਸਕਾਂਗਾ।ਅੰਧੇਰਾ–ਹਨ੍ਹੇਰਾ।ਮਨ ਤੇ–ਮਨ ਤੋਂ ।ਜਾਇ–ਦੂਰ ਹੋ ਜਾਂਦਾ ਹੈ।ਦੁਰਮਤਿ–ਖੋਟੀ ਬੁੱਧੀ।ਰਾਚੈ–ਰਚਦਾ (ਲੀਨ ਹੁੰਦਾ) ਹੈ।ਨਾਇ–ਨਾਮ ਵਿਚ।੨।ਚਰਨ ਕਮਲ–ਕਮਲ ਫੁੱਲ ਵਰਗੇ ਸੋਹਣੇ ਅਤੇ ਕੋਮਲ ਚਰਨ।ਸਿਉ–ਨਾਲ।ਨਿਰਮਲ ਰੀਤਿ–ਪਵਿਤ੍ਰ ਮਰਿਆਦਾ।ਭਉ–ਡਰ।ਭਾਗਾ–ਨੱਸ ਗਿਆ। ਨਿਰਭਉ–ਡਰ ਰਹਿਤ ਪ੍ਰਭੂ।ਮਨਿ–ਮਨ ਵਿਚ।ਰਸਨਾ–ਜੀਭ।ਨਿਤ–ਹਰ ਰੋਜ; ਸਦਾ।੩।ਕੋਟਿ–ਕ੍ਰੋੜਾਂ।ਲਾਹੇ–ਨਫਾ।ਤੋਟਿ–ਘਾਟਾ।ਅਖੁਟ–ਨਾ ਮੁੱਕਣ ਵਾਲਾ।ਭੰਡਾਰ–ਖਜਾਨੇ।ਸੋਹਹਿ–ਸੋਭਦੇ ਹਨ।ਹਰਿ ਦੁਆਰ–ਹਰੀ ਦੇ ਦਰ ਤੇ।੪।੨੩।੩੪।

ਰਾਮਕਲੀ ਮਹਲਾ ੫ ॥ ਰਤਨ ਜਵੇਹਰ ਨਾਮ ॥ ਸਤੁ ਸੰਤੋਖੁ ਗਿਆਨ ॥ ਸੂਖ ਸਹਜ ਦਇਆ ਕਾ ਪੋਤਾ ॥ ਹਰਿ ਭਗਤਾ ਹਵਾਲੈ ਹੋਤਾ ॥੧॥ ਮੇਰੇ ਰਾਮ ਕੋ ਭੰਡਾਰੁ ॥ ਖਾਤ ਖਰਚਿ ਕਛੁ ਤੋਟਿ ਨ ਆਵੈ, ਅੰਤੁ ਨਹੀ ਹਰਿ ਪਾਰਾਵਾਰੁ ॥੧॥ਰਹਾਉ॥ ਕੀਤਰਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥ ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥੨॥ (ਹੇ ਭਾਈ ! ਪ੍ਰਭੂ ਦਾ ਖਜਾਨਾ ਐਸਾ ਹੈ, ਜਿਸ ਵਿਚ ਉਸ ਦਾ) ਨਾਮ ਹੀ ਰਤਨ ਤੇ ਜਵਾਹਰਾਤ ਹਨ।(ਉਸ ਖਜਾਨੇ ਵਿਚ) ਸਤ ਸੰਤੋਖ ਤੇ ਗਿਆਨ ਆਦਿ ਵੀ ਅਮੋਲਕ ਪਦਾਰਥ ਮੌਜੂਦ ਹਨ।ਸਹਿਜ ਸੁਖ ਅਤੇ ਦਇਆ ਆਦਿ ਗੁਣਾਂ ਦਾ (ਉਹ) ਖਜਾਨਾ ਹੈ।(ਇਹ ਖਜਾਨਾ) ਹਰੀ ਨੇ ਭਗਤਾਂ ਦੇ ਹਵਾਲੇ ਕੀਤਾ ਹੁੰਦਾ ਹੈ।੧।(ਹੇ ਭਾਈ !) ਮੇਰੇ ਪ੍ਰਭੂ ਦਾ ਭੰਡਾਰ ਇਹੋ ਜਿਹਾ ਹੈ।(ਜਿਸ ਵਿਚ ਪਏ ਪਦਾਰਥਾਂ ਨੂੰ) ਖਾਂਦਿਆਂ ਤੇ ਖਰਚ ਕਰਦਿਆਂ (ਆਪ ਵਰਦਿਆਂ ਤੇ ਹੋਰਨਾਂ ਨੂੰ ਵੰਡਦਿਆਂ) ਕੁਛ ਕਮੀ ਨਹੀਂ ਆਉਂਦੀ, ਹਰੀ (ਦੇ ਭੰਡਾਰਿਆਂ ਦੇ) ਉਰਾਰ ਪਾਰ ਦਾ ਅੰਤ ਨਹੀਂ (ਉਸ ਦਾ ਖਜਾਨਾ ਬੇਅੰਤ ਹੈ)।੧।ਰਹਾਉ।(ਹੇ ਭਾਈ ! ਰਾਮ ਦੇ ਭੰਡਾਰ ਵਿਚ) ਕੀਰਤਨ ਵੀ ਇਕ ਨਿਰਮੋਲਕ ਹੀਰਾ ਹੈ।(ਜੋ) ਗੁਣਾਂ ਦਾ ਸਮੁੰਦਰ ਅਤੇ ਅਨੰਦ ਦਾ ਸੋਮਾ ਹੈ।(ਨਾਮ) ਅਨਹਦ ਬਾਣੀ ਦਾ ਖਜਾਨਾ ਹੈ; ਬਾਣੀ ਦਾ ਇਕ ਰਸ ਕੀਰਤਨ (ਅਮੋਲਕ ਗੁਣਾਂ ਦਾ) ਖਜਾਨਾ ਹੈ।(ਪ੍ਰਭੂ ਨੇ ਉਸ ਖਜਾਨੇ ਦੀ) ਕੂੰਜੀ ਸੰਤਾਂ ਦੇ ਹੱਥ ਵਿਚ ਰੱਖੀ ਹੋਈ ਹੈ (ਇਹ ਅਮੋਲਕ ਪਦਾਰਥ ਸੰਤਾਂ ਪਾਸੋਂ ਮਿਲਦੇ ਹਨ)।੨।

ਅੰਗ ੮੯੪ = ਸੁੰਨ ਸਮਾਧਿ ਗੁਫਾ ਤਹ ਆਸਨੁ ॥ ਕੇਵਲ ਬ੍ਰਹਮ ਪੂਰਨ ਤਹ ਬਾਸਨੁ ॥ ਭਗਤ ਸੰਗਿ ਪ੍ਰਭੁ ਗੋਸਟਿ ਕਰਤ ॥ ਤਹ ਹਰਖ ਨ ਸੋਗ, ਨ ਜਨਮ ਨ ਮਰਤ ॥੩॥ ਕਰਿ ਕਿਰਪਾ ਜਿਸੁ ਆਪਿ ਦਿਵਾਇਆ ॥ ਸਾਧ ਸੰਗਿ ਤਿਨਿ ਹਰਿ ਧਨੁ ਪਾਇਆ ॥ ਦਇਆਲ ਪੁਰਖ ਨਾਨਕ ਅਰਦਾਸਿ ॥ ਹਰਿ ਮੇਰੀ ਵਰਤਣਿ, ਹਰਿ ਮੇਰੀ ਰਾਸਿ ॥੪॥੨੪॥੩੫॥(ਸੰਤਾਂ ਦਾ) ਹਿਰਦਾ ਗੁਫਾ ਰੂਪ ਹੈ, ਉਸ ਵਿਚ (ਸੰਤਾਂ ਦਾ) ਆਸਣ ਹੈ, (ਉਥੇ ਉਹ) ਅਫੁਰ ਸਮਾਧੀ ਵਿਚ ਟਿਕੇ ਰਹਿੰਦੇ ਹਨ।ਉਥੇ (ਸੰਤਾਂ ਦੇ ਰਿਦੇ ਵਿਚ)

ਕੇਵਲ ਪੂਰਨ ਬ੍ਰਹਮ ਦਾ ਵਾਸਾ ਹੁੰਦਾ ਹੈ।(ਉਥੇ) ਪ੍ਰਭੂ ਭਗਤਾਂ ਨਾਲ ਗਲਬਾਤ ਕਰਦਾ ਹੈ।ਉਥੇ (ਸੰਤਾਂ ਦੇ ਹਿਰਦੇ ਵਿਚ ਪਦਾਰਥਾਂ ਦੇ ਮਿਲਿਆਂ ਦੀ) ਨਾ ਖੁਸ਼ੀ ਹੈ, (ਪਦਾਰਥਾਂ ਦੇ ਚਲੇ ਜਾਣ ਦੀ) ਨਾ ਗਮੀ ਹੈ ਤੇ (ਉਸ ਅਵਸਥਾ ਵਿਚ) ਨਾ ਜਨਮ ਹੈ ਅਤੇ ਨਾ ਮੌਤ ਹੈ।੩।(ਹੇ ਭਾਈ!) ਪ੍ਰਭੂ ਨੇ ਕ੍ਰਿਪਾ ਕਰਕੇ ਜਿਸ ਮਨੁੱਖ ਨੂੰ (ਇਹ ਖਜਾਨਾ) ਦਿਵਾਇਆ ਹੈ।ਉਸ ਨੇ ਸਾਧੂਆਂ ਦਾ ਸੰਗ ਕਰਕੇ ਹਰੀ ਦਾ (ਇਹ ਨਾਮ) ਧਨ ਪਾਇਆ ਹੈ।ਹੇ ਦਇਆ ਦੇ ਘਰ ਅਕਾਲ ਪੁਰਖ! (ਤੇਰੇ ਦਰ ਤੇ) ਨਾਨਕ ਅਰਦਾਸ ਕਰਦਾ ਹੈ।ਕਿ ਹਰੀ ਦਾ ਨਾਮ ਮੇਰੇ ਵਰਤਣ ਵਾਲਾ ਪਦਾਰਥ ਹੋਵੇ ਅਤੇ ਹਰੀ ਦਾ ਨਾਮ ਹੀ ਮੇਰੀ ਪੂੰਜੀ ਹੋਵੇ।੪।੨੪।੩੫।

ਰਤਨ ਜਵੇਹਰ ਨਾਮ = ਪ੍ਰਮਾਤਮਾ ਦਾ ਨਾਮ ਰਤਨਾਂ ਜਵਾਹਰਾਂ ਤੋਂ ਵੀ ਕੀਮਤੀ ਹੈ।ਜਿਸ ਨਾਮ ਦੇ ਜਪਿਆਂ ਸਤ ਸੰਤੋਖ ਅਤੇ ਗਿਆਨ ਆਦਿਕ ਦੈਵੀ ਗੁਣ ਪ੍ਰਾਪਤ ਹੁੰਦੇ ਹਨ।ਨਾਮ ਸਿਮਰਨ ਅਸਲੀ ਸੁਖ ਅਤੇ ਦਇਆ ਦਾ ਖਜਾਨਾ ਹੈ।ਪ੍ਰਭੂ ਨੇ ਇਹ ਖਜਾਨਾ ਭਗਤਾਂ ਦੇ ਹਵਾਲੇ ਕੀਤਾ ਹੁੰਦਾ ਹੈ।

ਪਦਾਰਥ = ਸਤੁ-ਦਾਨ; ਸੇਵਾ।ਸੂਖ ਸਹਜ-ਮਨ ਨੂੰ ਟਿਕਾਉ ਵਿਚ ਰਖਣ ਵਾਲਾ ਅਸਲੀ ਸੁੱਖ।ਪੋਤਾ-ਖਜਾਨਾ।ਹਵਾਲੈ-ਸਪੁਰਦ ;ਵਸ ਵਿਚ।ਹੋਤਾ-ਹੁੰਦਾ ਹੈ।੧।ਰਾਮ ਕੋ-ਵਿਆਪਕ ਪ੍ਰਭੂ ਦਾ।ਭੰਡਾਰੁ-ਖਜਾਨਾ।ਖਾਤ-ਖਾਂਦਿਆਂ (ਆਪ ਵਰਤਦਿਆਂ)।ਖਰਚਿ -ਖਰਚ ਕੇ (ਹੋਰਨਾਂ ਨੂੰ ਵੰਡਦਿਆਂ)।ਤੋਟਿ-ਘਾਟਾ।ਪਾਰਾਵਾਰ-ਪਾਰਲਾ ਤੇ ਉਰਲਾ ਕੰਢਾ।੧।ਰਹਾਉ।ਨਿਰਮੋਲਕ-ਅਮੋਲਕ (ਜਿਸ ਦਾ ਕੋਈ ਮੁੱਲ ਨਹੀਂ ਦੇ ਸਕਦਾ)।ਗੁਣੀ ਗਹੀਰਾ-ਗੁਣਾਂ ਦਾ ਡੂੰਘਾ ਸਮੁੰਦਰ (ਅਥਾਹ ਗੁਣ ਪੈਦਾ ਕਰ ਦੇਣ ਵਾਲਾ)।ਅਨਹਦ ਬਾਣੀ-ਬਾਣੀ ਦੀ ਇਕ ਰਸ ਜਾਰੀ ਰਹਿਣ ਵਾਲੀ ਧੁਨ।ਪੂੰਜੀ-ਧਨ; ਖਜਾਨਾ।ਸੰਤਨ ਹਥਿ-ਸੰਤਾਂ ਦੇ ਹਥ ਵਿਚ।ਕੂੰਜੀ-ਚਾਬੀ।੨ ।ਸੁੰਨ ਸਮਾਧਿ-ਫੁਰਨਿਆਂ ਤੋਂ ਰਹਿਤ ਸਮਾਧੀ।ਗੁਫਾ-ਪਹਾੜਾਂ ਦੀਆਂ ਕੰਦਰਾਂ ਭਾਵ ਸੰਤਾਂ ਦਾ ਹਿਰਦਾ।ਤਹ-ਉਥੇ (ਉਸ ਹਿਰਦੇ ਵਿਚ)।ਆਸਨੁ-ਟਿਕਾਣਾ।ਬਾਸਨੁ-ਵਾਸਾ।ਸੰਗਿ-ਨਾਲ;ਸਾਥ।ਗੋਸਟਿ-ਗਲਬਾਤ।ਕਰਤ-ਕਰਦਾ ਹੈ।ਹਰਖ-ਖੁਸ਼ੀ।ਸੋਗ-ਗਮੀ ।ਮਰਤ-ਮੌਤ।੩।ਕਰਿ-ਕਰ ਕੇ।ਜਿਸੁ-ਜਿਸ ਮਨੁੱਖ ਨੂੰ।ਸਾਧ ਸੰਗਿ-ਸਾਧੂਆਂ ਦਾ ਸੰਗ ਕਰਕੇ।ਤਿਨਿ-ਉਸ ਨੇ।ਦਇਆਲ ਪੁਰਖ-ਹੇ ਦਇਆ ਦੇ ਘਰ ਅਕਾਲ ਪੁਰਖ!।ਵਰਤਣਿ-ਵਰਤੋਂ ਵਿਚ ਆਉਣ ਵਾਲਾ ਪਦਾਰਥ।ਰਾਸਿ-ਪੂੰਜੀ।੪।੨੪।੩੫।

ਰਾਮਕਲੀ ਮਹਲਾ ੫ ॥ ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥ ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥ ਅਪਨੀ ਗਤਿ ਆਪਿ ਜਾਨਹਿ ॥ ਸੁਣਿ ਸੁਣਿ ਅਵਰ ਵਖਾਨੈ ॥੧॥ਰਹਾਉ॥ ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥ ਦੇਵੀਆ ਨਹੀ ਜਾਨਹਿ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥੨॥ ਅਪਨੈ ਰੰਗਿ ਕਰਤਾ ਕੇਲ ॥ ਆਪਿ ਬਿਛੋਰੈ ਆਪੇ ਮੇਲ ॥ ਇਕਿ ਭਰਮੇ, ਇਕਿ ਭਗਤੀ ਲਾਏ ॥ ਅਪਣਾ ਕੀਆ ਆਪਿ ਜਣਾਏ ॥੩॥ ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ, ਜੋ ਪੇਖਹਿ ਆਖੀ ॥ ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥ ਨਾਨਕ ਕਾ ਪ੍ਰਭੁ ਆਪੇ ਆਪਿ ॥੪॥੨੫॥੩੬॥

(ਹੇ ਭਾਈ! ਜਿਸ ਦੀ) ਵਡਿਆਈ ਚਾਰੇ ਬੇਦ ਨਹੀਂ ਜਾਣਦੇ।(ਜਿਸ ਦਾ) ਭੇਦ ਕ੍ਰੋੜਾਂ ਬ੍ਰਹਮੇ ਵੀ ਨਹੀਂ ਜਾਣਦੇ।(ਰਾਮ ਚੰਦ੍ਰ ਅਤੇ ਕ੍ਰਿਸ਼ਨ ਆਦਿਕ) ਅਵਤਾਰ ਵੀ (ਜਿਸ ਦਾ) ਅੰਤ ਨਹੀਂ ਜਾਣਦੇ।(ਉਹ) ਪ੍ਰਮੇਸਰ ਪਾਰਬ੍ਰਹਮ ਬੇਅੰਤ ਹੈ।੧।(ਹੇ ਭਾਈ!) ਪ੍ਰਭੂ ਅਪਣੀ ਹਾਲਤ ਆਪ ਹੀ ਜਾਣਦਾ ਹੈ।ਹੋਰ ਸਾਰੇ ਲੋਕ (ਪ੍ਰਭੂ ਦੇ ਭਗਤਾਂ ਕੋਲੋਂ) ਸੁਣ ਸੁਣ ਕੇ ਬਿਆਨ ਕਰਦੇ ਹਨ।੧।ਰਹਾਉ। (ਕ੍ਰੋੜਾਂ) ਸ਼ਿਵ ਜੀ (ਉਸ ਦਾ) ਭੇਤ ਨਹੀਂ ਜਾਣਦੇ।(ਉਸ ਨੂੰ ਤੇਤੀ ਕ੍ਰੋੜ) ਦੇਵਤੇ ਖੋਜਦੇ ਖੋਜਦੇ ਹਾਰ ਗਏ ਹਨ।ਦੇਵੀਆਂ (ਵੀ ਉਸ ਦੇ) ਭੇਤ ਨੂੰ ਨਹੀਂ ਜਾਣਦੀਆਂ।(ਉਹ) ਪਾਰਬ੍ਰਹਮ ਸਭ ਦੇ ਉਪਰ ਹੈ ਅਤੇ (ਉਸ ਦਾ ਸਹੀ ਸਰੂਪ ਕਿਸੇ ਪਾਸੋਂ) ਜਾਣਿਆ ਨਹੀਂ ਜਾ ਸਕਦਾ।੨।(ਪ੍ਰਭੂ) ਅਪਣੀ ਮੌਜ ਵਿਚ ਸਾਰੀ ਲੀਲਾ ਕਰਦਾ ਹੈ।ਆਪ ਹੀ (ਕਈ ਜੀਵਾਂ ਨੂੰ ਅਪਣੇ ਤੋਂ) ਵਿਛੋੜ ਦੇਂਦਾ ਹੈ ਅਤੇ (ਕਈਆਂ ਨੂੰ ਅਪਣੇ ਨਾਲ) ਆਪ ਹੀ ਮੇਲ ਲੈਂਦਾ ਹੈ।ਕਈ ਜੀਵ (ਪ੍ਰਭੂ ਨੇ) ਭਰਮ ਵਿਚ ਪਾਏ ਹੋਏ ਹਨ ਅਤੇ ਕਈ ਜੀਵ (ਉਸ ਨੇ) ਭਗਤੀ ਵਿਚ ਲਾਏ ਹੋਏ ਹਨ।(ਉਸ ਦਾ) ਅਪਣਾ ਪੈਦਾ ਕੀਤਾ ਜੋ ਜਗਤ ਹੈ, (ਇਸ ਬਾਰੇ ਉਹ ਗੁਰੂ ਰੂਪ ਧਾਰ ਕੇ) ਆਪ ਹੀ ਸਮਝ ਬਖਸ਼ਦਾ ਹੈ।੩।(ਹੇ ਭਾਈ!) ਸੰਤਾਂ ਦੀ ਸੱਚੀ ਸਿੱਖਿਆ ਸੁਣ।(ਸੰਤ) ਉਹ ਗਲ ਬੋਲਦੇ ਹਨ, ਜੋ (ਉਹ ਅਪਣੀਆਂ) ਅੱਖਾਂ ਨਾਲ ਦੇਖਦੇ ਹਨ।ਪ੍ਰਭੂ ਉਪਰ ਪਾਪ ਨੇ ਅਤੇ ਪੁੰਨ ਨੇ ਕੋਈ ਅਸਰ ਨਹੀਂ ਕੀਤਾ (ਉਹ ਨਿਰਲੇਪ ਹੈ)।ਨਾਨਕ ਦਾ ਪ੍ਰਭੂ (ਅਪਣੇ ਵਰਗਾ) ਆਪ ਹੀ ਆਪ ਹੈ (ਉਸ ਵਰਗਾ ਹੋਰ ਕੋਈ ਨਹੀਂ)।੪।੨੫।੩੬।

ਪਦਾਰਥ = ਮਹਿਮਾ-ਵਡਿਆਈ।ਨ ਜਾਨਹਿ-ਨਹੀਂ ਜਾਣਦੇ।ਬੇਦ-ਚਾਰੇ ਬੇਦ।ਭੇਦ-ਦਿਲ ਦੀ ਗੱਲ।੧।ਗਤਿ-ਅਵਸਥਾ; ਹਾਲਤ।ਅਵਰ-ਹੋਰ ਲੋਕ।ਸੁਣਿ ਸੁਣਿ-ਸੁਣ ਸੁਣ ਕੇ।ਵਖਾਨੈ-ਬਿਆਨ ਕਰਦੇ ਹਨ।੧।ਰਹਾਉ।ਸੰਕਰਾ-(ਅਨੇਕਾਂ) ਸ਼ਿਵ ਜੀ।

ਭੇਵ–ਭੇਤ। ਹਾਰੇ–ਹਾਰ ਗਏ; ਥੱਕ ਗਏ। ਦੇਵ–ਦੇਵਤੇ। ਮਰਮ–ਭੇਤ। ਅਲਖ (ਅਲੱਖ ਪੜ੍ਹੋ)–ਜਿਸ ਦਾ ਸਹੀ ਸਰੂਪ ਜਾਣਿਆ ਨਾ ਜਾ ਸਕੇ।੨। ਅਪਨੈ ਰੰਗਿ–ਅਪਣੀ ਮੌਜ ਵਿਚ। ਕੇਲ–ਖੇਲ; ਲੀਲਾ। ਬਿਛੋਰੈ–ਵਿਛੋੜਦਾ ਹੈ। ਆਪੇ–ਆਪ ਹੀ। ਇਕਿ–ਕਈ (ਜੀਵ)। ਭਰਮੇ–ਭਰਮ ਵਿਚ। ਕੀਆ–ਪੈਦਾ ਕੀਤਾ ਹੋਇਆ (ਜਗਤ)। ਜਣਾਏ–ਸਮਝ (ਗਿਆਨ) ਬਖਸ਼ਦਾ ਹੈ।੩। ਸੰਤਨ ਕੀ–ਸੰਤਾਂ ਦੀ। ਸਾਖੀ–ਸਿੱਖਿਆ। ਸੋ–ਉਹ (ਗੱਲ)। ਪੇਖਹਿ–ਦੇਖਦੇ ਹਨ। ਆਖੀ–ਅੱਖਾਂ ਨਾਲ। ਲੇਪੁ–ਅਸਰ; ਦਾਗ। ਪੁੰਨਿ–ਪੁੰਨ ਨੇ। ਪਾਪਿ–ਪਾਪ ਨੇ। ਆਪੇ ਆਪਿ–ਅਪਣੇ ਵਰਗਾ ਆਪ ਹੀ ਆਪ ਹੈ।੪।੨੫।੩੬।

ਰਾਮਕਲੀ ਮਹਲਾ ੫ ॥ ਕਿਛਹੂ ਕਾਜੁ ਨ ਕੀਓ ਜਾਨਿ ॥ ਸੁਰਤਿ ਮਤਿ ਨਾਹੀ ਕਿਛੁ ਗਿਆਨਿ ॥ ਜਾਪ ਤਾਪ ਸੀਲ ਨਹੀ ਧਰਮ ॥ ਕਿਛੂ ਨ ਜਾਨਉ ਕੈਸਾ ਕਰਮ ॥੧॥ ਠਾਕੁਰ ਪ੍ਰੀਤਮ ਪ੍ਰਭ ਮੇਰੇ ॥ ਤੁਝ ਬਿਨੁ ਦੂਜਾ ਅਵਰੁ ਨ ਕੋਈ, ਭੂਲਹ ਚੂਕਹ ਪ੍ਰਭ ਤੇਰੇ ॥੧॥ਰਹਾਉ॥ ਰਿਧਿ ਨ ਬੁਧਿ ਨ ਸਿਧਿ ਪ੍ਰਗਾਸੁ ॥ ਬਿਖੈ ਬਿਆਧਿ ਕੇ ਗਾਵ ਮਹਿ ਬਾਸੁ ॥ ਕਰਣਹਾਰ ਮੇਰੇ ਪ੍ਰਭ ਏਕ ॥ ਨਾਮ ਤੇਰੇ ਕੀ, ਮਨ ਮਹਿ ਟੇਕ ॥੨॥ ਸੁਨਿ ਸੁਨਿ ਜੀਵਉ ,ਮਨਿ ਇਹੁ ਬਿਸ੍ਰਾਮੁ ॥ ਪਾਪ ਖੰਡਨ ਪ੍ਰਭ ਤੇਰੋ ਨਾਮੁ ॥ ਤੂ ਅਗਨਤੁ ਜੀਅ ਕਾ ਦਾਤਾ ॥ ਜਿਸਹਿ ਜਣਾਵਹਿ, ਤਿਨਿ ਤੂ ਜਾਤਾ ॥੩॥ ਜੋ ਉਪਾਇਓ, ਤਿਸੁ ਤੇਰੀ ਆਸ ॥ ਸਗਲ ਅਰਾਧਹਿ, ਪ੍ਰਭ ਗੁਣਤਾਸ ॥ ਨਾਨਕ ਦਾਸ ਤੇਰੈ ਕੁਰਬਾਣੁ ॥ ਬੇਅੰਤ ਸਾਹਿਬੁ ਮੇਰਾ ਮਿਹਰਵਾਣੁ ॥੪॥੨੬॥੩੭॥ (ਹੇ ਪ੍ਰਭੂ! ਤੈਨੂੰ) ਜਾਨਣ ਵਾਸਤੇ ਮੈਂ ਕੋਈ ਸਾਧਨਾ ਰੂਪ ਕਾਰਜ ਨਹੀਂ ਕੀਤਾ; ਮੈਂ ਇਹ ਜਾਣ ਕੇ ਕੋਈ ਸਾਧਨਾ ਰੂਪ ਕੰਮ ਨਹੀਂ ਕੀਤਾ ਕਿ ਪ੍ਰਭੂ ਸਭ ਕੁਛ ਜਾਣਦਾ ਹੈ।(ਮੇਰੇ ਵਿਚ) ਸੋਝੀ ਅਤੇ ਕੁਛ ਗਿਆਨ ਵਾਲੀ ਅਕਲ ਨਹੀਂ ਹੈ।(ਮੈਂ ਕੋਈ) ਜਪ, ਤਪ ਨਹੀਂ ਕੀਤਾ ਅਤੇ ਨਾ ਹੀ (ਮੇਰੇ ਅੰਦਰ) ਸ੍ਰੇਸਟਾਚਾਰ ਵਾਲਾ ਧਰਮ ਹੈ। ਮੈਂ ਕੁਛ ਨਹੀਂ ਜਾਣਦਾ ਕਿ ਸ਼ੁਭ ਕਰਮ ਕਿਹੋ ਜਿਹੇ ਹੁੰਦੇ ਹਨ।੧। ਹੇ ਮੇਰੇ ਪਿਆਰੇ ਮਾਲਕ ਪ੍ਰਭੂ!। ਅਸੀਂ ਭੁੱਲ ਜਾਂਦੇ ਹਾਂ, (ਨਾਮ ਸਿਮਰਨ ਕਰਨ ਤੋਂ) ਖੁੰਝ ਜਾਂਦੇ ਹਾਂ, ਹੇ ਪ੍ਰਭੂ! ਅਸੀਂ ਤੇਰੇ ਦਾਸ ਹਾਂ, ਤੇਰੇ ਬਿਨਾ ਸਾਡਾ ਹੋਰ ਕੋਈ ਦੂਜਾ ਸਹਾਈ ਨਹੀਂ ਹੈ।੧। ਰਹਾਉ।(ਹੇ ਪ੍ਰਭੂ! ਮੇਰੇ ਵਿਚ) ਨਾ ਰਿਧੀ ਹੈ, ਨਾ ਸਿਧੀ ਹੈ ਤੇ ਨਾ ਹੀ ਬੁਧੀ ਦਾ ਪ੍ਰਕਾਸ਼ (ਚਮਤਕਾਰ) ਹੈ। ਵਿਸ਼ੇ ਵਿਕਾਰਾਂ ਵਾਲੇ ਰੋਗਾਂ ਦੇ ਸਰੀਰ ਰੂਪ ਪਿੰਡ ਵਿਚ ਮੇਰਾ ਵਾਸਾ ਹੈ। ਹੇ ਪ੍ਰਭੂ! ਇਕ ਤੂੰ ਹੀ (ਸਭ ਕੁਛ) ਕਰਨ ਵਾਲਾ ਹੈਂ। ਮੇਰੇ ਮਨ ਵਿਚ ਤੇਰੇ ਨਾਮ ਦੀ ਹੀ ਟੇਕ ਹੈ।੨।(ਹੇ ਪ੍ਰਭੂ! ਤੇਰਾ ਜਸ) ਸੁਣ ਸੁਣ ਕੇ ਮੈਂ ਜਿਉਂਦਾ ਹਾਂ, ਇਹੋ ਧਰਵਾਸ ਮੇਰੇ ਮਨ ਵਿਚ ਹੈ। ਕਿ ਹੇ ਪ੍ਰਭੂ! ਤੇਰਾ ਨਾਮ ਪਾਪ ਨਾਸ਼ ਕਰਨ ਵਾਲਾ ਹੈ।(ਹੇ ਪ੍ਰਭੂ!) ਤੂੰ ਅਣਗਿਣਤ ਜੀਵਾਂ ਦਾ ਦਾਤਾ ਹੈਂ। ਜਿਸ ਜੀਵ ਨੂੰ ਤੂੰ ਸਮਝ ਬਖਸ਼ਦਾ ਹੈ, ਉਸ ਨੇ ਤੈਨੂੰ ਜਾਣਿਆ ਹੈ।੩। ਜੋ ਵੀ ਜੀਵ ਤੈਂ ਪੈਦਾ ਕੀਤਾ ਹੈ, ਉਸ ਨੂੰ ਤੇਰੀ ਹੀ ਆਸ ਹੈ। ਹੇ ਗੁਣਾਂ ਦੇ ਖਜਾਨੇ ਪ੍ਰਭੂ! ਸਾਰੇ ਜੀਵ ਤੈਨੂੰ ਸਿਮਰਦੇ ਹਨ।(ਤੇਰਾ) ਦਾਸ ਨਾਨਕ ਤੇਰੇ ਤੋਂ ਕੁਰਬਾਨ ਜਾਂਦਾ ਹੈ। ਤੂੰ ਮੇਰਾ ਮਾਲਕ ਹੈਂ, ਤੂੰ ਬੇਅੰਤ ਹੈਂ ਅਤੇ ਮਿਹਰਾਂ ਕਰਨ ਵਾਲਾ ਹੈਂ।੪।੨੬।੩੭।

ਪਦਾਰਥ = ਕਿਛਹੂ ਕਾਜੁ–ਕੋਈ ਵੀ ਚੰਗਾ ਕੰਮ। ਨ ਕੀਓ–ਨਹੀਂ ਕੀਤਾ। ਜਾਨਿ–ਜਾਨਣ ਵਾਸਤੇ; ਜਾਣ (ਸਮਝ) ਕੇ। ਸੁਰਤਿ–ਸੋਝੀ; ਸ੍ਰੇਸਟ ਪ੍ਰੀਤੀ (ਫ.ਸ.; ਸੰ.ਸ.); ਧਿਆਨ। ਮਤਿ ਗਿਆਨਿ–ਗਿਆਨ ਵਾਲੀ ਅਕਲ। ਜਾਪ ਤਾਪ–ਨਾਮ ਸਿਮਰਨ ਰੂਪ ਜਪ ਅਤੇ ਗੁਰੂ ਦੀ ਸੇਵਾ ਰੂਪ ਤਪ। ਸੀਲ–ਚੰਗਾ ਸੁਭਾਵ; ਸ੍ਰੇਸਟਾਚਾਰ; ਸ਼ਰਾਫਤ। ਨ ਜਾਨਉ–ਮੈਂ ਨਹੀਂ ਜਾਣਦਾ। ਕਰਮ–ਧਾਰਮਕ ਕਰਮ।੧। ਠਾਕੁਰ–ਹੇ ਮਾਲਕ!। ਪ੍ਰੀਤਮ ਪ੍ਰਭ–ਹੇ ਸਭ ਤੋਂ ਵੱਧ ਪਿਆਰੇ ਪ੍ਰਭੂ!। ਅਵਰੁ–ਹੋਰ। ਭੂਲਹ–ਭੁੱਲ ਜਾਂਦੇ ਹਾਂ। ਚੂਕਹ–ਖੁੰਝ ਜਾਂਦੇ ਹਾਂ। ਪ੍ਰਭ–ਹੇ ਪ੍ਰਭੂ!।੧। ਰਹਾਉ। ਸਿਧਿ–ਕਰਾਮਾਤੀ ਤਾਕਤ। ਰਿਧਿ–ਕਰਾਮਾਤੀ ਤਾਕਤ, ਜੋ ਮਨ ਇੱਛਤ ਪਦਾਰਥ ਦੇਂਦੀ ਹੈ। ਬਿਖੈ–ਵਿਸ਼ੇ ਵਿਕਾਰ। ਬਿਆਧਿ–ਸਰੀਰਕ ਰੋਗ। ਗਾਵ ਮਹਿ–ਸਰੀਰ ਰੂਪ ਪਿੰਡ ਵਿਚ। ਬਾਸੁ–ਵਾਸਾ। ਕਰਣਹਾਰ–ਕਰਨ ਵਾਲਾ; ਰਚਨਹਾਰ। ਟੇਕ–ਆਸਰਾ।੨। ਸੁਨਿ–ਸੁਣ ਕੇ। ਜੀਵਉ–ਮੈਂ ਜਿਉਂਦਾ ਹਾਂ। ਮਨਿ–ਮਨ ਵਿਚ। ਬਿਸ੍ਰਾਮੁ–ਧਰਵਾਸ; ਟਿਕਾਉ। ਖੰਡਨ–ਨਾਸ਼ ਕਰਨ ਵਾਲਾ। ਅਗਨਤੁ–ਅਣਗਿਣਤ। ਜੀਅ ਕਾ–ਜੀਵਾਂ ਦਾ। ਜਿਸਹਿ–ਜਿਸ ਨੂੰ। ਜਣਾਵਹਿ–ਤੂੰ ਸਮਝ ਬਖਸ਼ਦਾ ਹੈਂ। ਤਿਨਿ–ਉਸ ਨੇ। ਤੂ–ਤੈਨੂੰ। ਜਾਤਾ–ਜਾਣਿਆ ਹੈ।੩। ਉਪਾਇਓ–ਪੈਦਾ ਕੀਤਾ ਹੈ। ਸਗਲ–ਸਾਰੇ (ਜੀਵ)। ਅਰਾਧਹਿ–ਸਿਮਰਦੇ ਹਨ। ਗੁਣਤਾਸ–ਹੇ ਗੁਣਾਂ ਦੇ ਖਜਾਨੇ!। ਤੇਰੈ–ਤੇਰੇ ਤੋਂ। ਸਾਹਿਬੁ–ਮਾਲਕ।੪।੨੬।੩੭।

ਰਾਮਕਲੀ ਮਹਲਾ ੫ ॥ ਰਾਖਨਹਾਰ ਦਇਆਲ ॥ ਕੋਟਿ ਭਵ ਖੰਡੇ, ਨਿਮਖ ਖਿਆਲ ॥ ਸਗਲ ਅਰਾਧਹਿ ਜੰਤ ॥ ਮਿਲੀਐ ਪ੍ਰਭ, ਗੁਰ ਮਿਲਿ ਮੰਤ ॥੧॥ ਜੀਅਨ ਕੋ ਦਾਤਾ ਮੇਰਾ ਪ੍ਰਭੁ ॥ ਪੂਰਨ ਪਰਮੇਸੁਰ ਸੁਆਮੀ, ਘਟਿ ਘਟਿ ਰਾਤਾ ਮੇਰਾ ਪ੍ਰਭੁ ॥੧॥ਰਹਾਉ॥ ਤਾ ਕੀ ਗਹੀ ਮਨ ਓਟ ॥ ਬੰਧਨ ਤੇ ਹੋਈ ਛੋਟ ॥ ਹਿਰਦੈ ਜਪਿ ਪਰਮਾਨੰਦ ॥ ਮਨ ਮਾਹਿ ਭਏ ਅਨੰਦ ॥੨॥ ਤਾਰਣ ਤਰਣ

ਹਰਿ ਸਰਣ ॥ ਜੀਵਨ ਰੂਪ ਹਰਿ ਚਰਣ ॥ (ਹੇ ਭਾਈ!) ਦਇਆ ਦਾ ਘਰ ਪ੍ਰਭੂ (ਸਭ ਦੀ) ਰੱਖਿਆ ਕਰਨ ਵਾਲਾ ਹੈ। ਇਕ ਨਿਮਖ ਮਾਤ੍ਰ ਹਰੀ ਦਾ ਖਿਆਲ ਕਰਨ ਨਾਲ (ਉਹ) ਕ੍ਰੋੜਾਂ ਜਨਮਾਂ ਦੇ ਗੇੜ ਕੱਟ ਦੇਂਦਾ ਹੈ। ਸਾਰੇ ਜੀਵ (ਪ੍ਰਭੂ ਨੂੰ) ਸਿਮਰਦੇ ਹਨ। ਗੁਰੂ ਨੂੰ ਮਿਲ ਕੇ (ਉਸ ਦੇ) ਉਪਦੇਸ਼ ਦੁਆਰਾ ਪ੍ਰਭੂ ਨੂੰ ਮਿਲਿਆ ਜਾ ਸਕਦਾ ਹੈ।੧। (ਹੇ ਭਾਈ!) ਮੇਰਾ ਪ੍ਰਭੂ ਸਾਰੇ ਜੀਵਾਂ ਦਾ ਦਾਤਾ ਹੈ। ਮਾਲਕ ਪ੍ਰਮੇਸਰ ਸਾਰੇ ਸੰਸਾਰ ਵਿਚ ਵਿਆਪਕ ਹੈ ਅਤੇ ਮੇਰਾ ਪ੍ਰਭੂ ਹਰੇਕ ਜੀਵ ਦੇ ਦਿਲ ਵਿਚ ਸਮਾ ਰਿਹਾ ਹੈ।੧। ਰਹਾਉ। ਹੇ ਮਨ! (ਜਿਸ ਮਨੁੱਖ ਨੇ) ਉਸ ਪ੍ਰਭੂ ਦੀ ਓਟ ਪਕੜੀ ਹੈ। (ਉਸ ਦੀ ਸਾਰੇ) ਬੰਧਨਾਂ ਤੋਂ ਛੋਟ ਹੋ ਗਈ ਹੈ। ਪਰਮ ਅਨੰਦ ਸਰੂਪ ਪ੍ਰਭੂ ਨੂੰ ਹਿਰਦੇ ਵਿਚ ਜਪ ਕੇ (ਉਸ ਪੁਰਖ ਦੇ) ਮਨ ਵਿਚ ਅਨੰਦ ਪ੍ਰਾਪਤ ਹੋ ਗਏ ਹਨ।੨। (ਹੇ ਭਾਈ!) ਹਰੀ ਦੀ ਸ਼ਰਣ ਸੰਸਾਰ ਸਮੁੰਦਰ ਤੋਂ ਤਾਰਨ ਲਈ ਜਹਾਜ ਹੈ। ਅਤੇ ਹਰੀ ਦੇ ਚਰਨ ਜੀਵਨ ਦਾ ਰੂਪ ਹਨ (ਜੀਵਨ ਦੇਣ ਵਾਲੇ ਹਨ)।

ਅੰਗ ੮੯੫ = ਸੰਤਨ ਕੇ ਪ੍ਰਾਣ ਅਧਾਰ ॥ ਊਚੇ ਤੇ ਊਚ ਅਪਾਰ ॥੩॥ ਸੁ ਮਤਿ ਸਾਰੁ ਜਿਤੁ ਹਰਿ ਸਿਮਰੀਜੈ ॥ ਕਰਿ ਕਿਰਪਾ ਜਿਸੁ ਆਪੇ ਦੀਜੈ ॥ ਸੂਖ ਸਹਜ ਆਨੰਦ ਹਰਿ ਨਾਉ ॥ ਨਾਨਕ ਜਪਿਆ ਗੁਰ ਮਿਲਿ ਨਾਉ ॥੪॥੨੭॥੩੮॥ ਪ੍ਰਭੂ ਸੰਤਾਂ ਦੇ ਪ੍ਰਾਣਾਂ ਦਾ ਆਸਰਾ ਹੈ। ਪ੍ਰਭੂ ਉਚੇ ਤੋਂ ਉਚਾ ਅਤੇ ਬੇਅੰਤ ਹੈ।੩। (ਹੇ ਭਾਈ! ਮਨੁੱਖ ਦੀ) ਉਹ ਅਕਲ ਸ੍ਰੇਸਟ ਹੈ, ਜਿਸ ਨਾਲ ਹਰੀ ਨੂੰ ਸਿਮਰਿਆ ਜਾ ਸਕੇ। (ਪਰ ਅਜੇਹੀ ਅਕਲ ਉਸ ਮਨੁੱਖ ਨੂੰ ਮਿਲਦੀ ਹੈ) ਜਿਸ ਨੂੰ ਪ੍ਰਭੂ ਆਪ ਕਿਰਪਾ ਕਰਕੇ ਦੇਂਦਾ ਹੈ। ਹਰੀ ਦਾ ਨਾਮ ਸੰਸਾਰਕ ਸੁਖ ਅਤੇ ਕੁਦਰਤੀ ਆਤਮਕ ਅਨੰਦ ਦਾ ਸੋਮਾ ਹੈ। ਨਾਨਕ ਗੁਰੂ ਆਖਦੇ ਹਨ ਕਿ (ਜਿਸ ਮਨੁੱਖ ਨੇ) ਗੁਰੂ ਨੂੰ ਮਿਲ ਕੇ ਹਰੀ ਦਾ ਨਾਉ ਜਪਿਆ ਹੈ, (ਉਸ ਨੂੰ ਸੁਖ ਤੇ ਅਨੰਦ ਪ੍ਰਾਪਤ ਹੋਇਆ ਹੈ)।੪।੨੭।੩੮।

ਪਦਾਰਥ = ਰਾਖਨਹਾਰ–ਰੱਖਿਆ ਕਰਨ ਵਾਲਾ। ਦਇਆਲ–ਦਇਆ ਦਾ ਘਰ। ਕੋਟਿ–ਕ੍ਰੋੜਾਂ। ਭਵ–ਜਨਮਾਂ ਦੇ ਗੇੜ। ਖੰਡੇ–ਕੱਟ ਦਿੰਦਾ ਹੈ। ਨਿਮਖ–ਅੱਖ ਦੇ ਝਮਕਣ ਜਿੰਨਾ ਸਮਾਂ। ਖਿਆਲ–ਧਿਆਨ। ਸਗਲ ਜੰਤ–ਸਾਰੇ ਜੀਵ। ਮਿਲਿ–ਮਿਲ ਕੇ। ਮੰਤ–ਉਪਦੇਸ਼।੧। ਜੀਅਨ ਕੋ–ਜੀਵਾਂ ਦਾ। ਪੂਰਨ–ਸਰਬ ਵਿਆਪਕ। ਸੁਆਮੀ–ਮਾਲਕ। ਘਟਿ ਘਟਿ–ਹਰੇਕ ਜੀਵ ਦੇ ਦਿਲ ਵਿਚ। ਰਾਤਾ–ਸਮਾ ਰਿਹਾ ਹੈ; ਰਮਿਆ ਹੋਇਆ ਹੈ।੧। ਰਹਾਉ। ਤਾ ਕੀ–ਉਸ ਦੀ। ਗਹੀ–ਪਕੜੀ ਹੈ। ਮਨ–ਹੇ ਮਨ!। ਓਟ–ਆਸਰਾ। ਤੇ–ਤੋਂ। ਛੋਟ–ਛੁਟਕਾਰਾ। ਜਪਿ–ਜਪ ਕੇ। ਪਰਮਾਨੰਦ–ਪਰਮ ਅਨੰਦ ਸਰੂਪ ਪ੍ਰਭੂ। ਮਨ ਮਾਹਿ–ਮਨ ਵਿਚ। ਭਏ–ਹੋਏ ਹਨ।੨। ਤਰਣ–ਜਹਾਜ। ਪ੍ਰਾਣ ਅਧਾਰ–ਪ੍ਰਾਣਾਂ ਦਾ ਆਸਰਾ। ਊਚੇ ਤੇ ਊਚ–ਉਚੇ ਬ੍ਰਹਮਾਂ ਆਦਿਕਾਂ ਤੋਂ ਵੀ ਉਚਾ ਹੈ। ਅਪਾਰ–ਪਾਰਾਵਾਰ ਰਹਿਤ ਹਸਤੀ; ਬੇਅੰਤ।੩। ਸੁ ਮਤਿ–ਉਹ ਅਕਲ। ਸਾਰੁ–ਸ੍ਰੇਸਟ। ਜਿਤੁ–ਜਿਸ ਨਾਲ। ਸਿਮਰੀਜੈ–ਸਿਮਰਿਆ ਜਾ ਸਕੇ। ਕਰਿ–ਕਰਕੇ। ਦੀਜੈ–ਦੇਂਦਾ ਹੈ। ਸਹਜ ਅਨੰਦ–ਕੁਦਰਤੀ ਆਤਮਕ ਅਨੰਦ। ਨਾਉ–ਨਾਮ।੪।੨੭।੩੮।

ਰਾਮਕਲੀ ਮਹਲਾ ੫ ॥ ਸਗਲ ਸਿਆਨਪ ਛਾਡਿ ॥ ਕਰਿ ਸੇਵਾ ਸੇਵਕ ਸਾਜਿ ॥ ਅਪਨਾ ਆਪੁ ਸਗਲ ਮਿਟਾਇ ॥ ਮਨ ਚਿੰਦੇ ਸੇਈ ਫਲ ਪਾਇ ॥੧॥ ਹੋਹੁ ਸਾਵਧਾਨ ਅਪੁਨੇ ਗੁਰ ਸਿਉ ॥ ਆਸਾ ਮਨਸਾ ਪੂਰਨ ਹੋਵੈ, ਪਾਵਹਿ ਸਗਲ ਨਿਧਾਨ ਗੁਰ ਸਿਉ ॥੧॥ਰਹਾਉ॥ ਦੂਜਾ ਨਹੀ ਜਾਨੈ ਕੋਇ ॥ ਸਤਗੁਰੁ ਨਿਰੰਜਨੁ ਸੋਇ ॥ ਮਾਨੁਖ ਕਾ ਕਰਿ ਰੂਪੁ ਨ ਜਾਨੁ ॥ ਮਿਲੀ ਨਿਮਾਨੇ ਮਾਨੁ ॥੨॥ ਗੁਰ ਕੀ ਹਰਿ ਟੇਕ ਟਿਕਾਇ ॥ ਅਵਰ ਆਸਾ ਸਭ ਲਾਹਿ ॥ ਹਰਿ ਕਾ ਨਾਮੁ ਮਾਗੁ ਨਿਧਾਨੁ ॥ ਤਾ ਦਰਗਹ ਪਾਵਹਿ ਮਾਨੁ ॥੩॥ ਗੁਰ ਕਾ ਬਚਨੁ ਜਪਿ ਮੰਤੁ ॥ ਏਹਾ ਭਗਤਿ ਸਾਰ ਤਤੁ ॥ ਸਤਿਗੁਰ ਭਏ ਦਇਆਲ ॥ ਨਾਨਕ ਦਾਸ ਨਿਹਾਲ ॥੪॥੨੮॥੩੯॥ (ਹੇ ਭਾਈ!) ਸਾਰੀਆਂ ਸਿਆਣਪਾਂ ਛਡ ਦੇਹ। (ਅਪਣੇ ਆਪ ਨੂੰ) ਸੇਵਕ ਬਣਾ ਕੇ (ਗੁਰੂ ਦੀ) ਸੇਵਾ ਕਰਿਆ ਕਰ। ਤੂੰ ਅਪਣਾ ਸਾਰਾ ਆਪਾ ਭਾਵ ਮਿਟਾ ਦੇਹ। (ਫਿਰ ਤੂੰ) ਮਨ ਵਿਚ ਜੋ ਚਾਹੇਂਗਾ, ਉਹ ਸਾਰੇ ਫਲ ਪਾ ਲਵੇਂਗਾ।੧। (ਹੇ ਭਾਈ!) ਅਪਣੇ ਗੁਰੂ ਨਾਲ ਮਿਲ ਕੇ ਸਾਵਧਾਨ ਹੋ (ਗੁਰੂ ਨਾਲ ਬਿਰਤੀ ਜੋੜ। ਫਿਰ ਤੇਰੀ ਸਾਰੀ) ਆਸਾ ਪੂਰੀ ਹੋ ਜਾਵੇਗੀ, ਮਨ ਦਾ ਹਰੇਕ ਫੁਰਨਾ ਵੀ ਪੂਰਾ ਹੋਵੇਗਾ ਅਤੇ ਤੂੰ ਗੁਰੂ ਪਾਸੋਂ ਸਾਰੇ ਖਜਾਨੇ ਪ੍ਰਾਪਤ ਕਰ ਲਵੇਂਗਾ।੧। ਰਹਾਉ। (ਹੇ ਭਾਈ! ਗੁਰੂ ਪ੍ਰਭੂ ਨੂੰ) ਕੋਈ ਦੂਜਾ ਨਹੀ ਜਾਣਦਾ। ਸਤਗੁਰੂ ਮਾਇਆ ਤੋਂ ਨਿਰਲੇਪ ਉਸ ਪ੍ਰਭੂ ਦਾ ਹੀ ਰੂਪ ਹੈ। (ਸਤਿਗੁਰੂ ਨੂੰ ਤੂੰ) ਮਨੁੱਖ ਦਾ ਰੂਪ ਕਰਕੇ ਨਾ ਜਾਣ (ਪ੍ਰਮੇਸਰ ਰੂਪ ਸਮਝ। ਜੋ ਮਨੁੱਖ ਗੁਰੂ ਨੂੰ ਪ੍ਰਮੇਸਰ ਰੂਪ ਜਾਣਦਾ ਹੈ, ਉਸ) ਨਿਮਾਣੇ ਨੂੰ (ਲੋਕ ਪ੍ਰਲੋਕ ਵਿਚ) ਆਦਰ ਮਿਲਦਾ ਹੈ।੨। (ਹੇ ਭਾਈ!) ਹੋਰ ਸਾਰੀਆਂ ਆਸਾਂ ਲਾਹਿ ਕੇ ਹਰੀ ਰੂਪ ਗੁਰੂ ਦੀ ਟੇਕ (ਅਪਣੇ ਮਨ ਵਿਚ) ਟਿਕਾ ਲੈ। (ਗੁਰੂ ਪਾਸੋਂ) ਹਰੀ ਦਾ ਨਾਮ ਰੂਪ ਖਜਾਨਾ ਮੰਗ। ਤਾਂ ਤੂੰ ਦਰਗਾਹ ਵਿਚ ਆਦਰ ਪਾਵੇਂਗਾ।੩। (ਹੇ ਭਾਈ! ਜੋ) ਗੁਰੂ ਦਾ ਬਚਨ (ਉਪਦੇਸ਼) ਹੈ, (ਉਸ ਨੂੰ) ਮੰਤ੍ਰ ਸਮਝ ਕੇ ਜਪਿਆ ਕਰ। ਇਹੋ ਹੀ ਭਗਤੀ ਦਾ ਸ੍ਰੇਸਟ ਤੱਤ ਹੈ। (ਜਿਸ ਮਨੁੱਖ ਉਤੇ) ਸਤਿਗੁਰੂ ਜੀ ਦਿਆਲ ਹੋਏ ਹਨ। ਨਾਨਕ

ਗੁਰੂ ਜੀ ਆਖਦੇ ਹਨ ਕਿ ਉਹ ਦਾਸ ਨਿਹਾਲ ਹੋ ਗਿਆ ਹੈ।੪।੨੮।੩੯।

ਪਦਾਰਥ = ਸਗਲ ਸਿਆਣਪ–ਸਾਰੀਆਂ ਸਿਆਣਪਾਂ।ਸੇਵਕ ਸਾਜਿ–(ਅਪਣੇ ਆਪ ਨੂੰ) ਸੇਵਕ ਬਣਾ ਕੇ।ਅਪਣਾ ਆਪੁ–ਅਪਣਾ ਆਪਾ ਭਾਵ (ਹੰਕਾਰ)।ਮਨ ਚਿੰਦੇ–ਮਨ ਵਿਚ ਜੋ ਚਾਹੇਂਗਾ।ਸੇਈ–ਉਹ (ਫਲ)।ਪਾਇ–ਪਾ ਲਵੇਂਗਾ।੧।ਗੁਰ ਸਿਉ–ਗੁਰੂ ਨਾਲ; ਗੁਰੂ ਪਾਸੋਂ।ਮਨਸਾ–ਮਨ ਦਾ ਹਰੇਕ ਫੁਰਨਾ।ਪਾਵਹਿ–ਤੂੰ ਪ੍ਰਾਪਤ ਕਰ ਲਵੇਂਗਾ।ਨਿਧਾਨ–ਖਜਾਨੇ।੧।ਰਹਾਉ।ਨਹੀ ਜਾਨੈ–ਨਹੀਂ ਜਾਣਦਾ।ਨਿਰੰਜਨੁ ਸੋਇ–ਮਾਇਆ ਤੋਂ ਨਿਰਲੇਪ ਉਸ ਪ੍ਰਭੂ ਦਾ।ਨਾ ਜਾਨੁ–ਨਾ ਸਮਝ।ਮਾਨੁ–ਆਦਰ।੨।ਟੇਕ ਟਿਕਾਇ–ਆਸਰਾ ਟਿਕਾ ਲੈ।ਅਵਰ–ਹੋਰ।ਲਾਹਿ–ਦੂਰ ਕਰ ਦੇਹ।ਮਾਗੁ–ਮੰਗ।ਨਿਧਾਨੁ–ਖਜਾਨਾ।ਤਾ–ਤਾਂ; ਤਦ ਹੀ।੩।ਬਚਨੁ–ਉਪਦੇਸ਼ ।ਭਗਤਿ–ਭਗਤੀ ਦਾ।ਸਾਰ ਤਤੁ–ਸ੍ਰੇਸਟ ਤੱਤ।ਭਏ–ਹੋਏ।ਨਿਹਾਲ–ਪ੍ਰਸੰਨ; ਦੁੱਖ ਰਹਿਤ ਅਵਸਥਾ।੪।੨੮।੩੯।

ਰਾਮਕਲੀ ਮਹਲਾ ੫ ॥ ਹੋਵੈ ਸੋਈ ਭਲ ਮਾਨੁ ॥ ਆਪਨਾ ਤਜਿ ਅਭਿਮਾਨੁ ॥ ਦਿਨੁ ਰੈਨਿ ਸਦਾ ਗੁਨ ਗਾਉ ॥ ਪੂਰਨ ਏਹੀ ਸੁਆਉ ॥੧॥ ਆਨੰਦ ਕਰਿ ਸੰਤ ਹਰਿ ਜਪਿ ॥ ਛਾਡਿ ਸਿਆਨਪ ਬਹੁ ਚਤੁਰਾਈ, ਗੁਰ ਕਾ ਜਪਿ ਮੰਤੁ ਨਿਰਮਲ ॥੧॥ਰਹਾਉ॥ ਏਕ ਕੀ ਕਰਿ ਆਸ ਭੀਤਰਿ ॥ ਨਿਰਮਲ ਜਪਿ ਨਾਮੁ ਹਰਿ ਹਰਿ ॥ ਗੁਰ ਕੇ ਚਰਨ ਨਮਸਕਾਰਿ ॥ ਭਵਜਲੁ ਉਤਰਹਿ ਪਾਰਿ ॥ ੨॥ ਦੇਵਨਹਾਰ ਦਾਤਾਰ ॥ ਅੰਤੁ ਨ ਪਾਰਾਵਾਰ ॥ ਜਾ ਕੈ ਘਰਿ ਸਰਬ ਨਿਧਾਨ ॥ ਰਾਖਨਹਾਰ ਨਿਦਾਨ ॥੩॥ ਨਾਨਕ ਪਾਇਆ ਏਹੁ ਨਿਧਾਨ ॥ ਹਰੇ ਹਰਿ ਨਿਰਮਲ ਨਾਮ ॥ ਜੋ ਜਪੈ ਤਿਸ ਕੀ ਗਤਿ ਹੋਇ ॥ ਨਾਨਕ ਕਰਮਿ ਪਰਾਪਤਿ ਹੋਇ ॥੪॥੨੯॥੪੦॥ (ਹੇ ਭਾਈ! ਜੋ ਕੁਛ ਪ੍ਰਭੂ ਦੇ ਹੁਕਮ ਵਿਚ) ਹੁੰਦਾ ਹੈ, ਉਹ ਭਲਾ ਕਰ ਕੇ ਮੰਨ।ਅਤੇ ਅਪਣਾ ਹੰਕਾਰ ਛਡ ਦੇ।ਦਿਨ ਰਾਤ ਪ੍ਰਭੂ ਦੇ ਗੁਣ ਗਾਉਂਦਾ ਰਹੁ।(ਮਨੁੱਖਾ ਜੀਵਨ ਦਾ) ਪੂਰਨ ਪ੍ਰਯੋਜਨ ਏਹੀ ਹੈ।੧।(ਹੇ ਭਾਈ!) ਸੰਤ ਰੂਪ ਹਰੀ ਦਾ ਨਾਮ ਜਪ ਕੇ ਅਨੰਦ ਮਾਣਨਾ ਕਰ।ਬਹੁਤੀਆਂ ਸਿਆਣਪਾਂ ਅਤੇ ਚਤਰਾਈਆਂ ਛਡ ਕੇ ਗੁਰੂ ਦਾ ਪਵਿਤ੍ਰ ਸ਼ਬਦ ਮੰਤ੍ਰ ਜਪਿਆ ਕਰ।੧।ਰਹਾਉ। (ਹੇ ਭਾਈ! ਅਪਣੇ) ਮਨ ਦੇ ਅੰਦਰ ਇਕ ਪ੍ਰਭੂ ਦੀ ਆਸ ਰਖਿਆ ਕਰ।ਹਰੀ ਦਾ ਪਵਿਤ੍ਰ ਹਰਿ ਹਰਿ ਨਾਮ ਜਪਿਆ ਕਰ।ਗੁਰੂ ਦੇ ਚਰਨਾਂ ਤੇ ਨਮਸ਼ਕਾਰ ਕਰ।(ਇਸ ਤਰ੍ਹਾਂ ਤੂੰ) ਭਵਜਲ ਤੋਂ ਪਾਰ ਉਤਰ ਜਾਵੇਂਗਾ।੨।(ਹੇ ਭਾਈ! ਸਾਰੇ ਪਦਾਰਥ) ਦੇਣ ਵਾਲਾ ਜੋ ਦਾਤਾਰ ਪ੍ਰਭੂ ਹੈ, (ਉਸ ਦੇ) ਉਰਾਰ ਪਾਰ ਦਾ ਕੋਈ ਅੰਤ ਨਹੀਂ।ਜਿਸ ਪ੍ਰਭੂ ਦੇ ਘਰ ਵਿਚ ਸਾਰੇ ਖਜਾਨੇ (ਮੌਜੂਦ) ਹਨ।(ਉਹ) ਅੰਤ ਵੇਲੇ (ਜਮ ਦੂਤਾਂ ਤੋਂ ਜੀਵ ਦੀ) ਰੱਖਿਆ ਕਰਨ ਵਾਲਾ ਹੈ।੩।ਨਾਨਕ ਨੇ ਇਹ ਖਜਾਨਾ ਪ੍ਰਾਪਤ ਕਰ ਲਿਆ ਹੈ।(ਜਿਸ ਵਿਚ) ਹਰੀ ਦਾ ਪਵਿਤ੍ਰ ਨਾਮ (ਧਨ) ਹੈ।ਜੋ ਮਨੁੱਖ (ਇਸ ਨਾਮ ਨੂੰ) ਜਪਦਾ ਹੈ, ਉਸ ਦੀ ਮੁਕਤੀ ਹੋ ਜਾਂਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਇਹ ਨਾਮ ਸਤਿਗੁਰੂ ਦੀ) ਬਖਸ਼ਿਸ਼ ਨਾਲ ਪ੍ਰਾਪਤ ਹੁੰਦਾ ਹੈ।੪।੨੯।੪੦।

ਪਦਾਰਥ = ਹੋਵੈ–ਜੋ (ਰੱਬ ਦੇ ਹੁਕਮ ਵਿਚ) ਕੁਛ ਹੁੰਦਾ ਹੈ।ਸੋਈ–ਉਹ।ਭਲ–ਚੰਗਾ।ਮਾਨੁ–ਮੰਨ।ਤਜਿ–ਛਡ ਦੇ।ਰੈਨਿ–ਰਾਤ। ਗਾਉ–ਗਾਉਂਦਾ ਰਹੁ।ਸੁਆਉ–ਪ੍ਰਯੋਜਨ; ਮਨੋਰਥ।ਪੂਰਨ–ਪੂਰਾ।੧।ਸੰਤ ਹਰੀ–ਸੰਤ ਰੂਪ ਹਰੀ ਦਾ।ਜਪਿ–ਜਪਿਆ ਕਰ।ਬਹੁ –ਬਹੁਤ।ਮੰਤੁ–ਸ਼ਬਦ ਮੰਤ੍ਰ।ਨਿਰਮਲ–ਪਵਿਤ੍ਰ।੧।ਰਹਾਉ।ਏਕ ਕੀ–ਇਕ ਪ੍ਰਭੂ ਦੀ।ਭੀਤਰਿ–ਮਨ ਦੇ ਅੰਦਰ।ਭਵਜਲੁ–ਸੰਸਾਰ ਸਮੁੰਦਰ ਤੋਂ।ਉਤਰਹਿ ਪਾਰਿ–ਪਾਰ ਉਤਰ (ਲੰਘ) ਜਾਵੇਂਗਾ।੨।ਦੇਵਨਹਾਰ–(ਸਾਰੇ ਪਦਾਰਥ) ਦੇਣ ਵਾਲਾ।ਪਾਰਾਵਾਰ–ਪਾਰਲਾ ਤੇ ਉਰਲਾ ਕੰਢਾ।ਜਾ ਕੈ–ਜਿਸ ਦੇ।ਘਰਿ–ਘਰ ਵਿਚ।ਸਰਬ ਨਿਧਾਨ–ਸਾਰੇ ਖਜਾਨੇ।ਰਾਖਨਹਾਰ–ਰੱਖਿਆ ਕਰਨ ਵਾਲਾ। ਨਿਦਾਨ–ਅੰਤ ਵੇਲੇ।੩।ਤਿਸ ਕੀ–ਉਸ ਦੀ–ਗਤਿ–ਮੁਕਤੀ।ਕਰਮਿ–ਬਖਸ਼ਿਸ਼ ਨਾਲ।੪।੨੯।੪੦।

ਰਾਮਕਲੀ ਮਹਲਾ ੫ ॥ ਦੁਲਭ ਦੇਹ ਸਵਾਰਿ ॥ ਜਾਹਿ ਨ ਦਰਗਹ ਹਾਰਿ ॥ ਹਲਤਿ ਪਲਤਿ ਤੁਧ ਹੋਇ ਵਡਿਆਈ ॥ ਅੰਤ ਕੀ ਬੇਲਾ, ਲਏ ਛਡਾਈ ॥੧॥ ਰਾਮ ਕੇ ਗੁਨ ਗਾਉ ॥ ਹਲਤੁ ਪਲਤੁ ਹੋਹਿ ਦੋਵੈ ਸੁਹੇਲੇ, ਅਚਰਜ ਪੁਰਖੁ ਧਿਆਉ ॥੧॥ਰਹਾਉ॥ ਊਠਤ ਬੈਠਤ ਹਰਿ ਜਾਪੁ ॥ ਬਿਨਸੈ ਸਗਲ ਸੰਤਾਪੁ ॥ ਬੈਰੀ ਸਭਿ ਹੋਵਹਿ ਮੀਤ ॥ ਨਿਰਮਲੁ ਤੇਰਾ ਹੋਵੈ ਚੀਤ ॥੨॥ ਸਭ ਤੇ ਊਤਮ ਇਹੁ ਕਰਮੁ ॥ ਸਗਲ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਸਿਮਰਨਿ ਤੇਰਾ ਹੋਇ ਉਧਾਰੁ ॥ ਜਨਮ ਜਨਮ ਕਾ ਉਤਰੈ ਭਾਰੁ ॥੩॥ ਪੂਰਨ ਤੇਰੀ ਹੋਵੈ ਆਸ ॥ ਜਮ ਕੀ ਕਟੀਐ ਤੇਰੀ ਫਾਸ ॥ ਗੁਰ ਕਾ ਉਪਦੇਸੁ ਸੁਨੀਜੈ ॥ ਨਾਨਕ ਸੁਖਿ ਸਹਜਿ ਸਮੀਜੈ ॥ ੪॥੩੦॥੪੧॥ (ਹੇ ਭਾਈ! ਨਾਮ ਜਪ ਕੇ ਮਨੁੱਖਾ) ਸਰੀਰ ਨੂੰ ਸਵਾਰ ਲੈ, ਜੋ ਬੜੀ ਮੁਸ਼ਕਲ ਨਾਲ ਲੱਭਦਾ ਹੈ।(ਫਿਰ ਤੂੰ) ਹਰੀ ਦੀ ਦਰਗਾਹ ਵਿਚ ਜੀਵਨ ਦੀ ਬਾਜੀ ਹਾਰ ਕੇ ਨਹੀਂ ਜਾਵੇਂਗਾ।ਅਤੇ ਲੋਕ ਪ੍ਰਲੋਕ ਵਿਚ ਤੇਰੀ ਵਡਿਆਈ ਹੋਵੇਗੀ।ਅੰਤ (ਮਰਨ) ਦੇ ਵੇਲੇ (ਹਰੀ ਤੈਨੂੰ ਜਮਾਂ ਤੋਂ) ਛੁਡਾ ਲਵੇਗਾ।੧।(ਹੇ ਭਾਈ!) ਪ੍ਰਭੂ ਦੇ ਗੁਣ ਗਾਉਂਦਾ ਰਹੁ।ਅਸਚਰਜ ਰੂਪ ਅਕਾਲ ਪੁਰਖ ਨੂੰ

ਧਿਆਇਆ ਕਰ, (ਤਾਂ ਕਿ) ਲੋਕ ਪ੍ਰਲੋਕ ਤੇਰੇ ਦੋਵੇਂ ਸੁਖਦਾਈ ਹੋ ਜਾਣ।੧।ਰਹਾਉ।(ਹੇ ਭਾਈ!) ਉਠਦਿਆਂ ਅਤੇ ਬੈਠਦਿਆਂ (ਹਰ ਵੇਲੇ) ਹਰੀ ਦੇ ਨਾਮ ਦਾ ਜਾਪ ਕਰ।(ਇਸ ਨਾਲ ਤੇਰਾ) ਸਾਰਾ ਦੁੱਖ ਕਲੇਸ਼ ਨਾਸ ਹੋ ਜਾਏਗਾ।ਸਾਰੇ ਬੈਰੀ ਤੇਰੇ ਮਿਤ੍ਰ ਬਣ ਜਾਣਗੇ।ਅਤੇ ਤੇਰਾ ਚਿਤ ਵੀ ਨਿਰਮਲ ਹੋ ਜਾਵੇਗਾ।੨।(ਹੇ ਭਾਈ! ਨਾਮ ਜਪਣ ਦਾ) ਇਹ ਕਰਮ ਸਾਰੇ (ਕਰਮਾਂ ਤੋਂ) ਉਤਮ ਹੈ।ਸਾਰੇ ਧਰਮਾਂ ਵਿਚੋਂ (ਨਾਮ ਜਪਣਾ) ਸ੍ਰੇਸਟ ਧਰਮ ਹੈ।ਹਰੀ ਦਾ ਸਿਮਰਨ ਕਰਨ ਨਾਲ ਤੇਰਾ (ਸੰਸਾਰ ਸਮੁੰਦਰ ਤੋਂ) ਪਾਰ ਉਤਾਰਾ ਹੋ ਜਾਵੇਗਾ।ਅਤੇ ਜਨਮਾਂ ਜਨਮਾਂ ਦੇ ਪਾਪਾਂ ਦਾ ਭਾਰ (ਤੇਰੇ ਸਿਰ ਤੋਂ) ਲਹਿ ਜਾਵੇਗਾ।੩।(ਹੇ ਭਾਈ!) ਤੇਰੀ ਹਰੇਕ ਆਸ ਪੂਰੀ ਹੋ ਜਾਵੇਗੀ।ਅਤੇ ਜਮ ਦੀ ਫਾਹੀ ਵੀ ਕੱਟੀ ਜਾਵੇਗੀ।(ਤੈਨੂੰ) ਗੁਰੂ ਦਾ ਉਪਦੇਸ਼ ਸੁਣਨਾ ਚਾਹੀਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਇਸ ਤਰ੍ਹਾਂ) ਅਸਲੀ ਕੁਦਰਤੀ ਸੁਖ ਵਿਚ ਸਮਾ ਜਾਈਦਾ ਹੈ।੪।੩੦।੪੧।

ਪਦਾਰਥ = ਦੁਲਭ (ਦੁਲੱਭ ਪੜ੍ਹੋ)–ਜੋ ਬਹੁਤ ਮੁਸ਼ਕਲ ਨਾਲ ਲੱਭਦਾ ਹੈ।ਦੇਹ–ਸਰੀਰ।ਸਵਾਰਿ–ਸਵਾਰ (ਸਫਲ ਕਰ) ਲੈ।ਜਾਹਿ ਨ–ਨਹੀਂ ਜਾਵੇਂਗਾ।ਹਾਰਿ–ਹਾਰ ਕੇ।ਹਲਤਿ–ਇਸ ਲੋਕ ਵਿਚ।ਪਲਤਿ–ਪ੍ਰਲੋਕ ਵਿਚ।ਤੁਧੁ–ਤੇਰੀ।ਅੰਤ ਕੀ ਬੇਲਾ–ਅੰਤ ਦੇ ਸਮੇਂ।੧।ਰਾਮ–ਸਰਬ ਵਿਆਪਕ ਪ੍ਰਭੂ।ਗਾਉ–ਗਾਉਂਦਾ ਰਹੁ।ਹਲਤੁ–ਇਹ ਲੋਕ।ਪਲਤੁ–ਪ੍ਰਲੋਕ।ਹੋਹਿ–ਹੋ ਜਾਣ।ਸੁਹੇਲੇ–ਸੁਖ ਦਾਈ।ਅਚਰਜ ਪੁਰਖ–ਅਸਚਰਜ ਰੂਪ ਅਕਾਲ ਪੁਰਖ।ਧਿਆਉ–ਧਿਆਇਆ ਕਰ।੧।ਰਹਾਉ।ਜਾਪੁ–ਸਿਮਰਨ ਕਰ।ਬਿਨਸੈ–ਨਾਸ਼ ਹੋ ਜਾਵੇਗਾ।ਸਗਲ–ਸਾਰਾ।ਸੰਤਾਪੁ–ਦੁਖ ਕਲੇਸ਼।ਬੈਰੀ–ਦੁਸ਼ਮਨ।ਹੋਵਹਿ–ਹੋ (ਬਣ) ਜਾਣਗੇ।ਮੀਤ–ਮਿਤ੍ਰ।ਨਿਰਮਲੁ–ਪਵਿਤ੍ਰ।ਚੀਤ–ਚਿੱਤ।੨।ਸਭ ਤੇ–ਸਭ ਤੋਂ।ਕਰਮੁ–ਧਾਰਮਕ ਕਰਮ।ਮਹਿ–ਵਿਚ।ਸਿਮਰਨਿ–ਸਿਮਰਨ ਕਰਨ ਨਾਲ।ਉਧਾਰੁ–ਪਾਰ ਉਤਾਰਾ; ਮੁਕਤੀ।ਉਤਰੈ–ਲਹਿ ਜਾਵੇਗਾ।ਭਾਰੁ–(ਪਾਪਾਂ ਦਾ) ਬੋਝ।੩।ਕਟੀਐ–ਕੱਟੀ ਜਾਏਗੀ।ਫਾਸ–ਫਾਹੀ।ਸੁਨੀਜੈ–ਸੁਣ; ਸੁਣਨਾ ਚਾਹੀਦਾ ਹੈ।ਸੁਖਿ ਸਹਜਿ–ਅਸਲੀ ਕੁਦਰਤੀ ਸੁਖ ਵਿਚ।ਸਮੀਜੈ–ਸਮਾ ਜਾਈਦਾ ਹੈ।੪।੩੦।੪੧।

ਅੰਗ ੮੯੬ = ਰਾਮਕਲੀ ਮਹਲਾ ੫ ॥ ਜਿਸ ਕੀ, ਤਿਸ ਕੀ ਕਰਿ ਮਾਨੁ ॥ ਆਪਨ ਲਾਹਿ ਗੁਮਾਨੁ ॥ ਜਿਸ ਕਾ ਤੂ ,ਤਿਸ ਕਾ ਸਭੁ ਕੋਇ ॥ ਤਿਸਹਿ ਅਰਾਧਿ, ਸਦਾ ਸੁਖੁ ਹੋਇ ॥੧॥ ਕਾਹੇ ਭ੍ਰਮਿ ਭ੍ਰਮਹਿ ਬਿਗਾਨੇ ॥ ਨਾਮ ਬਿਨਾ ਕਿਛੁ ਕਾਮਿ ਨ ਆਵੈ, ਮੇਰਾ ਮੇਰਾ ਕਰਿ ਬਹੁਤੁ ਪਛੁਤਾਨੇ ॥੧॥ਰਹਾਉ॥ ਜੋ ਜੋ ਕਰੈ, ਸੋਈ ਮਾਨਿ ਲੇਹੁ ॥ ਬਿਨੁ ਮਾਨੇ, ਰਲਿ ਹੋਵਹਿ ਖੇਹ ॥ ਤਿਸ ਕਾ ਭਾਣਾ ਲਾਗੈ ਮੀਠਾ ॥ ਗੁਰ ਪ੍ਰਸਾਦਿ, ਵਿਰਲੇ ਮਨਿ ਵੂਠਾ ॥੨॥ ਵੇਪਰਵਾਹੁ ਅਗੋਚਰੁ ਆਪਿ ॥ ਆਠ ਪਹਰ, ਮਨ ਤਾ ਕਉ ਜਾਪਿ ॥ ਜਿਸੁ ਚਿਤਿ ਆਏ, ਬਿਨਸਹਿ ਦੁਖਾ ॥ ਹਲਤਿ ਪਲਤਿ, ਤੇਰਾ ਊਜਲ ਮੁਖਾ ॥੩॥ ਕਉਨ ਕਉਨ ਉਧਰੇ, ਗੁਨ ਗਾਇ ॥ ਗਨਣੁ ਨ ਜਾਈ, ਕੀਮ ਨ ਪਾਇ ॥ ਬੂਡਤ ਲੋਹ ਸਾਧ ਸੰਗਿ ਤਰੈ ॥ ਨਾਨਕ ਜਿਸਹਿ ਪਰਾਪਤਿ ਕਰੈ ॥੪॥੩੧॥੪੨॥ (ਹੇ ਭਾਈ! ਇਹ ਦੇਹ ਜਾਂ ਮਾਇਆ ਆਦਿ ਵਸਤੂ) ਜਿਸ ਪ੍ਰਭੂ ਦੀ ਦਿਤੀ ਹੋਈ ਹੈ, ਉਸ ਦੀ (ਦਿਤੀ ਹੋਈ) ਕਰਕੇ ਮੰਨ।ਅਤੇ ਅਪਣੀ (ਦੇਹ ਤੇ ਮਾਇਆ ਦਾ) ਹੰਕਾਰ ਦੂਰ ਕਰ ਦੇ।ਜਿਸ ਪ੍ਰਭੂ ਦਾ ਤੂੰ ਪੈਦਾ ਕੀਤਾ ਹੋਇਆ ਹੈਂ, ਉਸੇ ਦਾ ਸਭ ਕੋਈ ਪੈਦਾ ਕੀਤਾ ਹੋਇਆ ਹੈ।ਉਸ ਪ੍ਰਭੂ ਨੂੰ ਸਿਮਰਿਆ ਕਰ, (ਜਿਸ ਨਾਲ ਤੈਨੂੰ) ਸਦਾ ਸੁਖ ਪ੍ਰਾਪਤ ਹੋਵੇ।੧।ਹੇ ਬੇ ਗਿਆਨੇ ਮਨੁੱਖ! ਤੂੰ ਭਰਮ ਵਿਚ ਕਿਉਂ ਭਟਕਦਾ ਫਿਰਦਾ ਹੈਂ? ਪ੍ਰਭੂ ਦੇ ਨਾਮ ਤੋਂ ਬਿਨਾ ਕੋਈ ਵੀ ਪਦਾਰਥ ਕਿਸੇ ਕੰਮ ਨਹੀਂ ਆਉਂਦਾ, (ਇਹ ਪਦਾਰਥ) ਮੇਰਾ ਹੈ, (ਇਹ ਪ੍ਰਵਾਰ) ਮੇਰਾ ਹੈ, (ਇਸ ਤਰ੍ਹਾਂ) ਕਰਕੇ ਬਹੁਤ ਲੋਕ ਪਛਤਾਏ ਹਨ।੧।ਰਹਾਉ।(ਹੇ ਭਾਈ!) ਜੋ ਜੋ ਕੁਛ ਪ੍ਰਭੂ (ਅਪਣੇ ਹੁਕਮ ਵਿਚ) ਕਰਦਾ ਹੈ, ਉਸ ਨੂੰ ਭਲਾ ਕਰਕੇ ਮੰਨ ਲੈ।(ਉਸ ਦਾ ਭਾਣਾ) ਮੰਨੇ ਬਿਨਾ ਮਿੱਟੀ ਵਿਚ ਮਿਲ ਕੇ ਮਿੱਟੀ ਹੋ ਜਾਵੇਂਗਾ (ਮਨੁੱਖਾ ਜਨਮ ਬਿਅਰਥ ਜਾਵੇਗਾ।ਜਿਸ ਮਨੁੱਖ ਨੂੰ) ਉਸ ਪ੍ਰਭੂ ਦਾ ਭਾਣਾ ਮਿੱਠਾ ਲਗਦਾ ਹੈ।ਗੁਰੂ ਦੀ ਕ੍ਰਿਪਾ ਨਾਲ (ਉਸ ਮਨੁੱਖ ਦੇ) ਮਨ ਵਿਚ ਪ੍ਰਭੂ ਆ ਵਸਦਾ ਹੈ।੨।(ਜਿਹੜਾ) ਪ੍ਰਭੂ ਆਪ ਬੇਪ੍ਰਵਾਹ ਅਤੇ ਇੰਦ੍ਰੀਆਂ ਦੇ ਵਿਸ਼ੇ ਤੋਂ ਪਰੇ ਹੈ।ਹੇ ਮਨ! ਤੂੰ ਉਸ ਪ੍ਰਭੂ ਨੂੰ ਅੱਠੇ ਪਹਿਰ ਜਪਦਾ ਰਹੁ।ਜਿਸ ਪ੍ਰਭੂ ਦੇ ਚਿਤ ਵਿਚ ਆ ਕੇ ਵਸ ਜਾਣ ਨਾਲ ਸਾਰੇ ਦੁਖ ਨਾਸ਼ ਹੋ ਜਾਂਦੇ ਹਨ।(ਹੇ ਮਨ! ਤੂੰ ਉਸ ਦਾ ਸਿਮਰਨ ਕਰ, ਇਸ ਤਰ੍ਹਾਂ) ਲੋਕ ਪ੍ਰਲੋਕ ਵਿਚ ਤੇਰਾ ਮੂੰਹ ਉਜਲ ਹੋਵੇਗਾ।੩।(ਹੇ ਭਾਈ!) ਪ੍ਰਭੂ ਦੇ ਗੁਣ ਗਾ ਕੇ ਕੌਣ ਕੌਣ ਜੀਵ (ਧਰੂ ਤੇ ਪ੍ਰਹਲਾਦ ਵਰਗੇ ਸੰਸਾਰ ਸਮੁੰਦਰ ਤੋਂ) ਤਰ ਗਏ ਹਨ? (ਉਨ੍ਹਾਂ ਦੀ) ਗਿਣਤੀ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਉਨ੍ਹਾਂ ਦੀ ਕੀਮਤ ਪੈ ਸਕਦੀ ਹੈ।ਸਾਧ ਸੰਗਤ ਰਾਹੀਂ ਡੁਬਦਾ ਲੋਹਾ (ਪਾਪਾਂ ਨਾਲ ਭਾਰਾ ਹੋਇਆ ਮਨੁੱਖ ਸੰਸਾਰ ਸਮੁੰਦਰ ਤੋਂ) ਤਰ ਜਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਨਾਮ ਸਿਮਰਨ ਦੀ ਦਾਤ ਉਹ ਮਨੁੱਖ) ਪ੍ਰਾਪਤ ਕਰਦਾ ਹੈ, ਜਿਸ ਨੂੰ ਪ੍ਰਭੂ (ਇਹ ਦਾਤ ਆਪ) ਬਖਸ਼ਦਾ ਹੈ।੪।੩੧।੪੨।

ਪਦਾਰਥ = ਜਿਸ ਕੀ-ਜਿਸ ਦੀ। ਤਿਸ ਕੀ-ਉਸ ਦੀ। ਕਰਿ-ਕਰਕੇ। ਮਾਨੁ-ਮੰਨ। ਲਾਹਿ-ਲਾਹ (ਦੂਰ ਕਰ) ਦੇ। ਗੁਮਾਨੁ-ਹੰਕਾਰ। ਸਭ ਕੋਇ-ਸਭ ਕੋਈ (ਹਰੇਕ ਜੀਵ)। ਤਿਸਹਿ-ਉਸ ਨੂੰ। ਅਰਾਧਿ-ਸਿਮਰ।੧। ਕਾਹੇ-ਕਿਉਂ। ਭ੍ਰਮਿ-ਭਰਮ ਵਿਚ। ਭ੍ਰਮਹਿ-ਤੂੰ ਭਟਕਦਾ ਫਿਰਦਾ ਹੈਂ। ਬਿਗਾਨੇ-ਹੇ ਬੇ ਗਿਆਨੇ (ਮੂਰਖ)! ਕਾਮਿ-ਕੰਮ। ਪਛੁਤਾਨੇ-ਪਛਤਾਏ ਹਨ।੧। ਰਹਾਉ। ਸੋਈ-ਉਸ ਨੂੰ। ਮਾਨਿ ਲੇਹੁ-ਮੰਨ ਲੈ। ਬਿਨੁ ਮਾਨੇ-ਮੰਨੇ ਬਿਨਾ। ਰਲਿ-ਰਲ (ਮਿਲ) ਕੇ। ਖੇਹ-ਮਿੱਟੀ। ਗੁਰ ਪ੍ਰਸਾਦਿ-ਗੁਰੂ ਦੀ ਕ੍ਰਿਪਾ ਨਾਲ। ਮਨਿ-ਮਨ ਵਿਚ। ਵੂਠਾ-ਆ ਵਸਦਾ ਹੈ।੨। ਅਗੋਚਰੁ-ਇੰਦ੍ਰੀਆਂ ਦੇ ਵਿਸਿਆਂ ਤੋਂ ਪਰੇ। ਮਨ-ਹੇ ਮਨ!। ਤਾ ਕਉ-ਉਸ ਨੂੰ। ਚਿਤਿ-ਚਿੱਤ ਵਿਚ। ਬਿਨਸਹਿ-ਨਾਸ਼ ਹੋ ਜਾਂਦੇ ਹਨ। ਹਲਤਿ-ਇਸ ਲੋਕ ਵਿਚ। ਪਲਤਿ-ਪ੍ਰਲੋਕ ਵਿਚ। ਊਜਲ-ਸਾਫ; ਬੇ ਦਾਗ। ਮੁਖਾ-ਮੂੰਹ।੩। ਉਧਰੇ-ਤਰ ਗਏ ਹਨ। ਗਾਇ-ਗਾ ਕੇ। ਗਨਣੁ ਨ ਜਾਈ-ਗਿਣਤੀ ਨਹੀਂ ਕੀਤੀ ਜਾ ਸਕਦੀ। ਕੀਮ-ਕੀਮਤ। ਬੂਡਤ ਲੋਹ-ਡੁਬਦਾ ਲੋਹਾ (ਪਾਪੀ ਮਨੁੱਖ; ਕਠੋਰ ਚਿਤ ਮਨੁੱਖ)। ਤਰੈ-ਤਰ ਜਾਂਦਾ ਹੈ। ਜਿਸਹਿ-ਜਿਸ ਨੂੰ।੪।੩੧।੪੨।

ਰਾਮਕਲੀ ਮਹਲਾ ੫ ॥ ਮਨ ਮਾਹਿ ਜਾਪਿ ਭਗਵੰਤੁ ॥ ਗੁਰਿ ਪੂਰੈ ਇਹੁ ਦੀਨੋ ਮੰਤੁ ॥ ਮਿਟੇ ਸਗਲ ਭੈ ਤ੍ਰਾਸ ॥ ਪੂਰਨ ਹੋਈ ਆਸ ॥੧॥ ਸਫਲ ਸੇਵਾ ਗੁਰਦੇਵਾ ॥ ਕੀਮਤਿ ਕਿਛੁ ਕਹਣੁ ਨ ਜਾਈ, ਸਾਚੇ ਸਚੁ ਅਲਖ ਅਭੇਵਾ ॥੧॥ਰਹਾਉ॥ ਕਰਨ ਕਰਾਵਨ ਆਪਿ ॥ ਤਿਸ ਕਉ ਸਦਾ ਮਨ ਜਾਪਿ ॥ ਤਿਸ ਕੀ ਸੇਵਾ ਕਰਿ ਨੀਤ ॥ ਸਚੁ ਸਹਜੁ ਸੁਖੁ ਪਾਵਹਿ ਮੀਤ ॥੨॥ ਸਾਹਿਬੁ ਮੇਰਾ ਅਤਿ ਭਾਰਾ ॥ ਖਿਨ ਮਹਿ ਥਾਪਿ ਉਥਾਪਨਹਾਰਾ ॥ ਤਿਸੁ ਬਿਨੁ ਅਵਰੁ ਨ ਕੋਈ ॥ ਜਨ ਕਾ ਰਾਖਾ ਸੋਈ ॥੩॥ ਕਰਿ ਕਿਰਪਾ ਅਰਦਾਸਿ ਸੁਣੀਜੈ ॥ ਅਪਣੇ ਸੇਵਕ ਕਉ ਦਰਸਨੁ ਦੀਜੈ ॥ ਨਾਨਕ ਜਾਪੀ ਜਪੁ ਜਾਪੁ ॥ ਸਭ ਤੇ ਊਚ ਜਾ ਕਾ ਪਰਤਾਪੁ ॥੪॥੩੨॥੪੩॥ (ਹੇ ਭਾਈ! ਤੂੰ ਅਪਣੇ) ਮਨ ਵਿਚ ਭਗਵੰਤ ਦਾ ਨਾਮ ਜਪਿਆ ਕਰ। ਪੂਰੇ ਗੁਰੂ ਨੇ (ਸਾਨੂੰ ਸਭ ਨੂੰ) ਇਹੋ ਉਪਦੇਸ਼ ਦਿਤਾ ਹੈ। (ਜਿਸ ਮਨੁੱਖ ਨੇ ਪ੍ਰਭੂ ਨੂੰ ਜਪਿਆ ਹੈ, ਉਸ ਦੇ ਇਸ ਲੋਕ ਦੇ) ਸਾਰੇ ਡਰ ਅਤੇ (ਜਮਾਂ ਦੇ) ਸਾਰੇ ਭੈ ਮਿਟ ਗਏ ਹਨ। ਅਤੇ (ਉਸ ਦੀ ਹਰੇਕ) ਆਸ ਪੂਰੀ ਹੋ ਗਈ ਹੈ।੧। (ਹੇ ਭਾਈ!) ਗੁਰੂ ਦੀ ਸੇਵਾ ਸਭ ਫਲ ਦੇਣ ਵਾਲੀ ਹੈ। ਪ੍ਰਭੂ ਸੱਚ ਸਰੂਪ ਹੈ ,ਸੱਚਾ ਪ੍ਰਭੂ ਅਦ੍ਰਿਸ਼ਟ ਅਤੇ ਭੇਦ ਰਹਿਤ ਹੈ, (ਉਸ ਦੀ) ਕੁਛ ਕੀਮਤ ਕਥਨ ਨਹੀਂ ਕੀਤੀ ਜਾ ਸਕਦੀ।੧। ਰਹਾਉ। ਹੇ ਮਨ! ਪ੍ਰਭੂ ਆਪ (ਸਭ ਕੁਛ) ਕਰਨ ਦੇ ਸਮਰੱਥ ਹੈ ਅਤੇ (ਜੀਵਾਂ ਤੋਂ) ਕਰਾਉਣ ਵਾਲਾ ਹੈ। (ਇਸ ਕਰਕੇ ਤੂੰ) ਉਸ ਨੂੰ ਸਦਾ ਜਪਿਆ ਕਰ। ਹਰ ਰੋਜ ਤੂੰ ਉਸ ਦੀ ਸੇਵਾ ਕਰਿਆ ਕਰ। ਹੇ ਮਿਤ੍ਰ! (ਫਿਰ ਤੂੰ) ਸਹਿਜ ਅਵਸਥਾ ਵਾਲਾ ਸੱਚਾ ਸੁੱਖ ਪਾ ਲਵੇਂਗਾ।੨। (ਹੇ ਭਾਈ!) ਮੇਰਾ ਮਾਲਕ ਪ੍ਰਭੂ ਬਹੁਤ ਵੱਡਾ ਹੈ। (ਉਹ) ਇਕ ਖਿਨ ਵਿਚ (ਜਗਤ ਨੂੰ) ਬਣਾ ਕੇ ਨਾਸ਼ ਕਰ ਦੇਣ ਵਾਲਾ ਹੈ। ਉਸ ਤੋਂ ਬਿਨਾ ਹੋਰ ਕੋਈ (ਅਜੇਹਾ ਸਮਰੱਥ) ਨਹੀਂ ਹੈ। (ਅਪਣੇ) ਦਾਸਾਂ ਦਾ ਉਹ ਹੀ ਰਖਵਾਲਾ ਹੈ।੩। (ਹੇ ਪ੍ਰਭੂ!) ਕਿਰਪਾ ਕਰਕੇ ਮੇਰੀ ਅਰਦਾਸ ਸੁਣੋ ਜੀ। ਅਪਣੇ ਸੇਵਕ ਨੂੰ ਦਰਸ਼ਨ ਦੇ ਦਿਓ। ਜਪਣ ਵਾਲਾ ਹੋ ਕੇ ਜਪਣ ਯੋਗ ਪ੍ਰਭੂ ਦੇ ਨਾਮ ਨੂੰ ਨਾਨਕ ਜਪਦਾ ਹੈ। ਜਿਸ (ਪ੍ਰਭੂ) ਦਾ ਤੇਜ ਪ੍ਰਤਾਪ ਸਭ ਤੋਂ ਉਚਾ ਹੈ।੪।੩੨।੪੩।

ਪਦਾਰਥ = ਮਨ ਮਾਹਿ-ਮਨ ਵਿਚ। ਜਾਪਿ-ਜਪਿਆ ਕਰ। ਭਗਵੰਤੁ-ਪ੍ਰਭੂ ਨੂੰ। ਗੁਰਿ ਪੂਰੈ-ਪੂਰੇ ਗੁਰੂ ਨੇ। ਮੰਤੁ-ਉਪਦੇਸ਼; ਨਾਮ ਮੰਤ੍ਰ। ਸਗਲ-ਸਾਰੇ। ਤ੍ਰਾਸ-ਡਰ।੧। ਸਫਲ-ਫਲ ਦੇਣ ਵਾਲੀ ਹੈ। ਗੁਰਦੇਵਾ-ਪੂਜਨੀਕ ਗੁਰੂ ਦੀ। ਅਲਖ (ਅਲੱਖ ਪੜ੍ਹੋ)-ਨਾ ਦਿਸਣ ਵਾਲਾ; ਨਾ ਸਮਝਿਆ ਜਾਣ ਵਾਲਾ। ਅਭੇਵਾ-ਜਿਸ ਦਾ ਭੇਤ ਨਹੀਂ ਪਾਇਆ ਜਾ ਸਕਦਾ।੧। ਰਹਾਉ। ਤਿਸ ਕਉ-ਉਸ (ਪ੍ਰਭੂ) ਨੂੰ। ਮਨ-ਹੇ ਮਨ!। ਤਿਸ ਕੀ-ਉਸ ਦੀ। ਨੀਤ-ਨਿੱਤ; ਹਰ ਰੋਜ। ਸਹਜੁ ਸੁਖੁ-ਸਹਿਜ ਅਵਸਥਾ ਵਾਲਾ ਸੁਖ। ਪਾਵਹਿ-ਪਾ ਲਵੇਂਗਾ। ਮੀਤ-ਹੇ ਮਿਤ੍ਰ!।੨। ਸਾਹਿਬੁ-ਮਾਲਕ ਪ੍ਰਭੂ। ਅਤਿ ਭਾਰਾ-ਬਹੁਤ ਵੱਡਾ। ਥਾਪਿ-ਬਣਾ ਕੇ; ਪੈਦਾ ਕਰਕੇ। ਉਥਾਪਨ ਹਾਰਾ-ਨਾਸ਼ ਕਰ ਦੇਣ ਵਾਲਾ। ਅਵਰੁ-ਹੋਰ। ਜਨ ਕਾ-ਸੇਵਕਾਂ ਦਾ। ਸੋਈ-ਉਹ ਹੀ।੩। ਕਰਿ-ਕਰਕੇ। ਸੁਣੀਜੈ-ਸੁਣੋ ਜੀ। ਦੀਜੈ-ਦਿਓ ਜੀ। ਜਾਪੀ-ਜਪਣ ਵਾਲਾ ਹੋ ਕੇ; ਜਪਣ ਯੋਗ। ਤੇ-ਤੋਂ। ਜਾ ਕਾ-ਜਿਸ ਦਾ। ਪਰਤਾਪੁ-ਤੇਜ; ਬਲ।੪।੩੨।੪੩।

ਰਾਮਕਲੀ ਮਹਲਾ ੫ ॥ ਬਿਰਥਾ ਭਰਵਾਸਾ ਲੋਕ ॥ ਠਾਕੁਰ ਪ੍ਰਭ ਤੇਰੀ ਟੇਕ ॥ ਅਵਰ ਛੂਟੀ ਸਭ ਆਸ ॥ ਅਚਿੰਤ ਠਾਕੁਰ ਭੇਟੇ ਗੁਣਤਾਸ ॥੧॥ ਏਕੋ ਨਾਮੁ ਧਿਆਇ ਮਨ ਮੇਰੇ ॥ ਕਾਰਜੁ ਤੇਰਾ ਹੋਵੈ ਪੂਰਾ, ਹਰਿ ਹਰਿ ਹਰਿ ਗੁਣ ਗਾਇ ਮਨ ਮੇਰੇ ॥੧॥ਰਹਾਉ॥ ਤੁਮ ਹੀ ਕਾਰਨ ਕਰਨ ॥ ਚਰਨ ਕਮਲ ਹਰਿ ਸਰਨ ॥ ਮਨਿ ਤਨਿ ਹਰਿ ਓਹੀ ਧਿਆਇਆ ॥ ਆਨੰਦ ਹਰਿ ਰੂਪ ਦਿਖਾਇਆ ॥੨॥ ਤਿਸ ਹੀ ਕੀ ਓਟ ਸਦੀਵ ॥ ਜਾ ਕੇ ਕੀਨੇ ਹੈ ਜੀਵ ॥ ਸਿਮਰਤ ਹਰਿ ਕਰਤ ਨਿਧਾਨ ॥ ਰਾਖਨਹਾਰ ਨਿਦਾਨ ॥੩॥ ਸਰਬ ਕੀ ਰੇਣ ਹੋਵੀਜੈ ॥ ਆਪੁ ਮਿਟਾਇ ਮਿਲੀਜੈ ॥ ਅਨਦਿਨੁ ਧਿਆਈਐ ਨਾਮੁ ॥ ਸਫਲ ਨਾਨਕ ਇਹੁ ਕਾਮੁ ॥੪॥੩੩॥੪੪॥ (ਹੇ

ਭਾਈ! ਅਪਣੀ ਰੱਖਿਆ ਵਾਸਤੇ) ਲੋਕਾਂ ਤੇ ਭਰੋਸਾ ਕਰਨਾ ਬਿਅਰਥ ਹੈ। ਹੇ ਮਾਲਕ ਪ੍ਰਭੂ! (ਮੈਨੂੰ ਤਾਂ ਕੇਵਲ) ਤੇਰੀ ਹੀ ਓਟ ਹੈ।(ਜਿਸ ਮਨੁੱਖ ਨੂੰ) ਚਿੰਤਾ ਤੋਂ ਰਹਿਤ ਅਤੇ ਗੁਣਾਂ ਦੇ ਖਜਾਨੇ ਪ੍ਰਭੂ ਮਿਲ ਪਏ ਹਨ, (ਉਸ ਦੀ ਪ੍ਰਭੂ ਤੋਂ ਬਿਨਾ) ਹੋਰ ਸਾਰੀ ਆਸ ਮਿਟ ਗਈ ਹੈ।੧। ਹੇ ਮੇਰੇ ਮਨ! ਤੂੰ ਇਕ ਪ੍ਰਭੂ ਦਾ ਨਾਮ ਧਿਆਇਆ ਕਰ। ਹੇ ਮੇਰੇ ਮਨ! ਤੂੰ ਮਨ ਬਾਣੀ ਅਤੇ ਸਰੀਰ ਕਰਕੇ ਹਰੀ ਦੇ ਗੁਣ ਗਾਇਆ ਕਰ, (ਇਸ ਨਾਲ) ਤੇਰਾ ਹਰੇਕ ਕਾਰਜ ਪੂਰਾ ਹੋਵੇਗਾ।੧।ਰਹਾਉ।(ਹੇ ਪ੍ਰਭੂ!) ਤੂੰ ਹੀ ਸਾਰੇ ਕਾਰਨਾਂ ਦੇ ਕਰਨ ਵਾਲਾ ਹੈਂ। ਹੇ ਹਰੀ! ਮੈਂ ਤੇਰੇ ਚਰਨ ਕਮਲਾਂ ਦੀ ਸਰਨ ਲਈ ਹੈ।(ਜਿਸ ਮਨੁੱਖ ਨੇ) ਮਨ ਵਿਚ ਅਤੇ ਸਰੀਰ ਵਿਚ ਉਸ ਹਰੀ ਨੂੰ ਧਿਆਇਆ ਹੈ।(ਉਸ ਨੂੰ) ਅਨੰਦ ਸਰੂਪ ਹਰੀ ਨੇ ਪ੍ਰਗਟ ਹੋ ਕੇ ਅਪਣਾ ਦਰਸ਼ਨ ਦਿਖਾ ਦਿਤਾ ਹੈ।੨।(ਹੇ ਮਨ!) ਜਿਸ ਪ੍ਰਭੂ ਦੇ ਸਾਰੇ ਜੀਵ ਪੈਦਾ ਕੀਤੇ ਹੋਏ ਹਨ, ਤੂੰ ਸਦਾ ਉਸ ਦੀ ਹੀ ਓਟ ਲਈ ਰੱਖ।(ਉਸ ਦਾ) ਸਿਮਰਨ ਕਰਦਿਆਂ ਹਰੀ ਸਾਰੇ ਖਜਾਨੇ ਪ੍ਰਾਪਤ ਕਰਾ ਦੇਂਦਾ ਹੈ। ਅੰਤ ਸਮੇਂ ਉਹ ਹੀ ਰੱਖਿਆ ਕਰਨ ਵਾਲਾ ਹੈ।੩।(ਹੇ ਮਨ!) ਸਭ ਦੇ ਚਰਨਾਂ ਦੀ ਧੂੜ ਹੋ ਜਾਹ। ਅਪਣਾ ਆਪ (ਹੰਕਾਰ) ਮਿਟਾ ਕੇ ਪ੍ਰਭੂ ਨੂੰ ਮਿਲ ਸਕੀਦਾ ਹੈ। ਹਰ ਰੋਜ ਪ੍ਰਭੂ ਦਾ ਨਾਮ ਧਿਆਉਣਾ ਚਾਹੀਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਪ੍ਰਭੂ ਨੂੰ ਸਿਮਰਨ ਦਾ) ਇਹੋ ਕੰਮ ਸਫਲ ਹੈ।੪।੩੩।੪੪।

ਪਦਾਰਥ = ਬਿਰਥਾ–ਬਿਅਰਥ। ਭਰਵਾਸਾ–ਭਰੋਸਾ। ਠਾਕੁਰ–ਹੇ ਮਾਲਕ ਪ੍ਰਭੂ!। ਟੇਕ–ਓਟ। ਅਵਰ–ਹੋਰ। ਛੂਟੀ–ਮਿਟ ਗਈ ਹੈ। ਅਚਿੰਤ–ਚਿੰਤਾ ਰਹਿਤ। ਭੇਟੇ–ਮਿਲੇ ਹਨ। ਗੁਣਤਾਸ–ਗੁਣਾਂ ਦਾ ਖਜਾਨਾ।੧। ਮਨ–ਹੇ ਮਨ!। ਕਾਰਜੁ–ਕੰਮ। ਗਾਇ–ਗਾਇਆ ਕਰ।੧।ਰਹਾਉ। ਕਾਰਨ ਕਰਨ–ਕਾਰਨਾਂ ਦੇ ਕਰਨ ਵਾਲਾ; ਜਗਤ ਰਚਨਾ ਦਾ ਮੂਲ ਕਾਰਨ। ਹਰਿ–ਹੇ ਹਰੀ!। ਮਨਿ–ਮਨ ਵਿਚ। ਤਨਿ–ਸਰੀਰ ਵਿਚ। ਹਰਿ–ਹਰੀ ਨੇ।੨। ਤਿਸ ਹੀ ਕੀ–ਉਸ ਦੀ ਹੀ। ਸਦੀਵ–ਸਦਾ। ਜਾ ਕੇ–ਜਿਸ ਦੇ। ਕੀਨੇ–ਪੈਦਾ ਕੀਤੇ ਹੋਏ ਹਨ। ਸਿਮਰਤ–ਸਿਮਰਨ ਕਰਦਿਆਂ। ਨਿਧਾਨ–ਖਜਾਨੇ। ਨਿਦਾਨ–ਅੰਤ ਸਮੇਂ।੩। ਸਰਬ ਕੀ–ਸਭ ਦੀ। ਰੇਣ–ਚਰਨ ਧੂੜ। ਹੋਵੀਜੈ–ਹੋ ਜਾਹ। ਆਪੁ–ਆਪਾ ਭਾਵ (ਹੰਕਾਰ)। ਮਿਲੀਜੈ–ਮਿਲ ਸਕੀਦਾ ਹੈ। ਅਨਦਿਨੁ–ਹਰ ਰੋਜ। ਕਾਮੁ–ਕੰਮ।੪।੩੩।੪੪।

ਰਾਮਕਲੀ ਮਹਲਾ ੫ ॥ ਕਾਰਨ ਕਰਨ ਕਰੀਮ ॥ ਸਰਬ ਪ੍ਰਤਿਪਾਲ ਰਹੀਮ ॥ ਅਲਹ ਅਲਖ ਅਪਾਰ ॥ ਖੁਦਿ ਖੁਦਾਇ, ਵਡ ਬੇਸੁਮਾਰ ॥੧॥ (ਹੇ ਭਾਈ! ਪ੍ਰਭੂ ਸਾਰੇ) ਕਾਰਨਾਂ ਦੇ ਕਰਨ ਵਾਲਾ ਅਤੇ ਬਖਸ਼ਿਸ਼ ਕਰਨ ਵਾਲਾ ਹੈ।(ਉਹ) ਸਭ ਜੀਵਾਂ ਦੀ ਪਾਲਣਾ ਕਰਨ ਵਾਲਾ ਅਤੇ (ਸਭ ਉਤੇ) ਰਹਿਮ ਕਰਨ ਵਾਲਾ ਹੈ। ਅੱਲਾ ਅਦ੍ਰਿਸ਼ਟ ਅਤੇ ਬੇਅੰਤ ਹੈ। ਉਹ ਅਪਣੇ ਆਪ ਮਾਲਕ ਹੈ, ਵੱਡਾ ਹੈ ਅਤੇ ਗਿਣਤੀ ਤੋਂ ਰਹਿਤ ਹੈ (ਉਸ ਨੂੰ ਮਾਲਕ ਕਿਸੇ ਹੋਰ ਨੇ ਨਹੀਂ ਬਣਾਇਆ, ਸੁਤੰਤਰ ਹਸਤੀ ਹੈ)।੧।

ਅੰਗ ੮੯੭ = ਓੁੰ ਨਮੋ ਭਗਵੰਤ ਗੁਸਾਈ ॥ ਖਾਲਕੁ ਰਵਿ ਰਹਿਆ ਸਰਬ ਠਾਈ ॥੧॥ਰਹਾਉ॥ ਜਗੰਨਾਥ ਜਗਜੀਵਨ ਮਾਧੋ ॥ ਭਉ ਭੰਜਨ ਰਿਦ ਮਾਹਿ ਅਰਾਧੋ ॥ ਰਿਖੀਕੇਸ ਗੋਪਾਲ ਗੋੁਵਿੰਦ ॥ ਪੂਰਨ ਸਰਬਤ੍ਰ ਮੁਕੰਦ ॥੨॥ ਮਿਹਰਵਾਨ ਮਉਲਾ ਤੂ ਹੀ ਏਕ ॥ ਪੀਰ ਪੈਕਾਂਬਰ ਸੇਖ ॥ ਦਿਲਾ ਕਾ ਮਾਲਕੁ ,ਕਰੇ ਹਾਕੁ ॥ ਕੁਰਾਨ ਕਤੇਬ ਤੇ ਪਾਕੁ ॥੩॥ ਨਾਰਾਇਣ ਨਰਹਰ ਦਇਆਲ ॥ ਰਮਤ ਰਾਮ ਘਟ ਘਟ ਆਧਾਰ ॥ ਬਾਸੁਦੇਵ ਬਸਤ ਸਭ ਠਾਇ ॥ ਲੀਲਾ ਕਿਛੁ ਲਖੀ ਨ ਜਾਇ ॥੪॥ ਮਿਹਰ ਦਇਆ ਕਰਿ ਕਰਨੈਹਾਰ ॥ ਭਗਤਿ ਬੰਦਗੀ ਦੇਹਿ, ਸਿਰਜਣਹਾਰ ॥ ਕਹੁ ਨਾਨਕ ਗੁਰਿ ਖੋਏ ਭਰਮ ॥ ਏਕੋ ਅਲਹੁ ਪਾਰਬ੍ਰਹਮ ॥੫॥੩੪॥੪੫॥ ਮੰਗਲ ਸਰੂਪ ਮਾਲਕ ਪ੍ਰਭੂ ਨੂੰ ਨਮਸ਼ਕਾਰ ਹੈ। ਉਹ ਪ੍ਰਭੂ ਸਭ ਜਗ੍ਹਾ ਵਿਆਪਕ ਹੋ ਰਿਹਾ ਹੈ।੧।ਰਹਾਉ।(ਉਹ) ਮਾਇਆ ਦਾ ਪਤੀ ਪ੍ਰਭੂ ਜਗਤ ਦਾ ਮਾਲਕ ਹੈ ਅਤੇ ਜਗਤ ਨੂੰ ਜੀਵਨ ਦੇਣ ਵਾਲਾ ਹੈ। ਅਤੇ (ਉਹ) ਡਰ ਨਾਸ਼ ਕਰਨ ਵਾਲਾ ਹੈ, (ਹੇ ਭਰਾਵੋ! ਉਸ ਨੂੰ) ਹਿਰਦੇ ਵਿਚ ਯਾਦ ਕਰੋ।(ਉਹ) ਪ੍ਰਭੂ ਇੰਦ੍ਰੀਆਂ ਦਾ ਮਾਲਕ ਹੈ, ਧਰਤੀ ਦੀ ਪਾਲਣਾ ਕਰਨ ਵਾਲਾ ਹੈ। ਉਹ ਮੁਕਤੀ ਦੇਣ ਵਾਲਾ ਪ੍ਰਭੂ ਸਭ ਜਗ੍ਹਾ ਵਿਆਪਕ ਹੈ।੨। ਹੇ ਮਿਹਰਵਾਨ ਪ੍ਰਭੂ! ਤੂੰ ਹੀ ਇਕ ਰੂਹਾਨੀ ਆਗੂ ਹੈਂ। ਤੂੰ ਹੀ ਪੀਰ, ਪੈਗੰਬਰ ਤੇ ਸ਼ੇਖ ਹੈਂ। ਤੂੰ ਸਾਰੇ ਜੀਵਾਂ ਦੇ ਦਿਲਾਂ ਦਾ ਮਾਲਕ ਹੈ ਅਤੇ ਸਭ ਨੂੰ ਪ੍ਰੇਰਨਾ ਕਰਦਾ ਹੈਂ; ਜੀਵਾਂ ਦੇ ਦਿਲਾਂ ਦਾ ਮਾਲਕ ਹਰੀ ਦਿਲਾਂ ਵਿਚੋਂ ਅਵਾਜ ਦੇਂਦਾ ਹੈ (ਹਰ ਇਕ ਦੇ ਦਿਲ ਵਿਚੋਂ ਬੋਲ ਬੋਲ ਕੇ ਅਪਣੇ ਆਪ ਨੂੰ ਪ੍ਰਗਟ ਕਰਦਾ ਹੈ। ਸ਼ਬਦਾਰਥ)। ਉਹ ਕੁਰਾਨ ਅਤੇ ਕਤੇਬਾਂ ਤੋਂ ਵੀ ਪਵਿਤ੍ਰ ਹੈ (ਇਨ੍ਹਾਂ ਕਿਤਾਬਾਂ ਤੋਂ ਵੀ ਪਰੇ ਤੇ ਉਪਰ ਹੈਂ)।੩। ਪ੍ਰਭੂ ਸਾਰੇ ਮਨੁੱਖਾਂ ਵਿਚ ਨਿਵਾਸ ਕਰਨ ਵਾਲਾ ਹੈ, ਨਰ ਸਿੰਘ ਰੂਪ ਹੈ ਅਤੇ ਦਇਆ ਦਾ ਘਰ ਹੈ। ਉਹ ਵਿਆਪਕ ਰਾਮ ਸਾਰੇ ਜੀਵਾਂ ਦੇ ਦਿਲਾਂ ਦਾ ਆਸਰਾ ਹੈ। ਬਾਸਦੇਵ (ਪ੍ਰਭੂ) ਸਭ ਜਗ੍ਹਾ ਵਸਦਾ ਹੈ। ਉਸ ਦੀ ਖੇਡ ਕੁਛ ਜਾਣੀ ਨਹੀਂ ਜਾ ਸਕਦੀ।੪। ਹੇ ਸਭ ਨੂੰ ਪੈਦਾ ਕਰਨ ਵਾਲੇ ਪ੍ਰਭੂ! (ਸਾਡੇ ਸਾਰੇ ਜੀਵਾਂ ਉਤੇ) ਮਿਹਰ ਕਰ, ਦਇਆ ਕਰ। ਹੇ ਸਿਰਜਨਹਾਰ ਪ੍ਰਭੂ! ਹਿੰਦੂ ਬੇਨਤੀ ਕਰਦੇ ਹਨ ਕਿ ਸਾਨੂੰ ਭਗਤੀ ਦੇਹ ਅਤੇ ਮੁਸਲਮਾਨ

ਦੁਆ ਕਰਦੇ ਹਨ ਕਿ ਸਾਨੂੰ ਬੰਦਗੀ ਦੇਹ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਦੇ ਅੰਦਰੋਂ) ਗੁਰੂ ਨੇ ਭਰਮ ਮਿਟਾ ਦਿਤੇ ਹਨ, (ਉਸ ਦੇ ਲਈ ਮੁਸਲਾਮਾਨਾਂ ਦਾ) ਅੱਲਾ ਅਤੇ ਹਿੰਦੂਆਂ ਦਾ ਪਾਰਬ੍ਰਹਮ ਇਕੋ ਹੀ ਹੈ।੫।੩੪।੪੫।

ਪਦਾਰਥ = ਕਾਰਨ ਕਰਨ–ਸਾਰੇ ਕਾਰਨਾਂ ਦਾ ਮੂਲ ਕਾਰਨ। ਕਰੀਮ–ਬਖਸ਼ਿਸ਼ ਕਰਨ ਵਾਲਾ। ਸਰਬ–ਸਾਰੇ ਜੀਵਾਂ ਦੀ। ਪ੍ਰਤਿਪਾਲ–ਪ੍ਰਤੀ ਜੀਵ ਪਾਲਣਾ ਕਰਨ ਵਾਲਾ। ਰਹੀਮ–ਰਹਿਮ ਕਰਨ ਵਾਲਾ। ਅਲਹ–ਅੱਲਾ (ਰੱਬ ਦਾ ਨਾਮ)। ਅਲਖ (ਅਲੱਖ ਪੜ੍ਹੋ)–ਜਿਸ ਦਾ ਸਹੀ ਰੂਪ ਬਿਆਨ ਨਾ ਹੋ ਸਕੇ; ਅਦ੍ਰਿਸ਼ਟ। ਅਪਾਰ–ਬੇਅੰਤ। ਖੁਦਿ–ਆਪ ਹੀ। ਖੁਦਾਇ–ਮਾਲਕ। ਵਡ–ਵੱਡਾ। ਬੇਸੁਮਾਰ–ਗਿਣਤੀ ਮਿਣਤੀ ਤੋਂ ਰਹਿਤ।੧। ਓਂ ਨਮੋ–ਮੰਗਲ ਸਰੂਪ ਪ੍ਰਭੂ ਨੂੰ ਨਮਸ਼ਕਾਰ ਹੈ। ਭਗਵੰਤ–ਪ੍ਰਭੂ। ਗੁਸਾਈ–ਮਾਲਕ। ਖਾਲਕੁ–ਪੈਦਾ ਕਰਨ ਵਾਲਾ ਪ੍ਰਭੂ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਸਰਬ ਠਾਈ–ਸਭ ਜਗ੍ਹਾ।੧। ਰਹਾਉ। ਜਗੰਨਾਥ–ਜਗਤ ਦਾ ਮਾਲਕ। ਜਗਜੀਵਨ–ਜਗਤ ਨੂੰ ਜੀਵਨ ਦੇਣ ਵਾਲਾ। ਮਾਧੋ–ਮਾਇਆ ਦਾ ਪਤੀ। ਭਉ ਭੰਜਨ–ਡਰ ਨਾਸ਼ ਕਰਨ ਵਾਲਾ। ਰਿਦ ਮਾਹਿ –ਹਿਰਦੇ ਵਿਚ। ਅਰਾਧੋ–ਯਾਦ ਕਰੋ। ਰਿਖੀਕੇਸ–ਇੰਦ੍ਰੀਆਂ ਦਾ ਮਾਲਕ। ਗੋਪਾਲ–ਧਰਤੀ ਦੀ ਪਾਲਣਾ ਕਰਨ ਵਾਲਾ। ਪੂਰਨ–ਵਿਆਪਕ। ਸਰਬਤ੍ਰ–ਸਭ ਜਗ੍ਹਾ। ਮੁਕੰਦ–ਮੁਕਤੀ ਦੇਣ ਵਾਲਾ।੨। ਮਉਲਾ–ਰੂਹਾਨੀ ਆਗੂ; ਮੁਕਤੀ ਦੇਣ ਵਾਲਾ। ਪੀਰ–ਗੁਰੂ। ਪੈਕਾਂਬਰ–ਰੱਬ ਦਾ ਸੁਨੇਹਾ ਲਿਆਉਣ ਵਾਲਾ। ਕਰੇ ਹਾਕੁ–ਹੱਕ (ਸੱਚ); ਅਵਾਜ ਦੇਂਦਾ ਹੈ (ਬੋਲਦਾ ਹੈ); ਨਿਆਂ ਕਰਦਾ ਹੈ। ਤੇ–ਤੋਂ। ਕਤੇਬ–ਅੰਜੀਲ ਆਦਿ ਪੱਛਮੀ ਧਾਰਮਕ ਗ੍ਰੰਥ। ਪਾਕੁ–ਪਵਿਤ੍ਰ।੩। ਨਾਰਾਇਣ–ਸਭ ਮਨੁੱਖਾਂ ਵਿਚ ਨਿਵਾਸ ਕਰਨ ਵਾਲਾ; ਪਾਣੀ (ਸਮੁੰਦਰ) ਵਿਚ ਨਿਵਾਸ ਰੱਖਣ ਵਾਲਾ ਵਿਸ਼ਨੂੰ (ਪ੍ਰਭੂ)। ਨਰਹਰ–ਨਰਸਿੰਘ। ਰਮਤ ਰਾਮ–ਸਭ ਜਗ੍ਹਾ ਰਮਿਆ ਹੋਇਆ ਪ੍ਰਮਾਤਮਾ। ਘਟ ਘਟ–ਸਭ ਜੀਵਾਂ ਦੇ ਦਿਲਾਂ ਦਾ। ਆਧਾਰ–ਆਸਰਾ। ਬਾਸੁਦੇਵ–ਸਾਰੇ ਜੀਵਾਂ ਵਿਚ ਵਸ ਕੇ ਸਭ ਨੂੰ ਪ੍ਰਕਾਸ਼ਨ ਵਾਲਾ। ਬਸਤ–ਵਸਦਾ ਹੈ। ਸਭ ਠਾਇ–ਸਭ ਜਗ੍ਹਾ। ਲੀਲਾ–ਖੇਡ। ਲਖੀ ਨ ਜਾਇ–ਜਾਣੀ ਨਹੀਂ ਜਾ ਸਕਦੀ।੪। ਕਰਨੈਹਾਰ–ਹੇ ਸਭ ਨੂੰ ਪੈਦਾ ਕਰਨ ਵਾਲੇ!। ਸਿਰਜਣਹਾਰ–ਹੇ ਰਚਨਹਾਰ!। ਗੁਰਿ–ਗੁਰੂ ਨੇ। ਖੋਏ–ਮਿਟਾ ਦਿਤੇ।੫।੩੪।੪੫।

ਰਾਮਕਲੀ ਮਹਲਾ ੫ ॥ ਕੋਟਿ ਜਨਮ ਕੇ ਬਿਨਸੇ ਪਾਪ ॥ ਹਰਿ ਹਰਿ ਜਪਤ, ਨਾਹੀ ਸੰਤਾਪ ॥ ਗੁਰ ਕੇ ਚਰਨ ਕਮਲ, ਮਨਿ ਵਸੇ ॥ ਮਹਾ ਬਿਕਾਰ, ਤਨ ਤੇ ਸਭਿ ਨਸੇ ॥੧॥ ਗੋਪਾਲ ਕੋ ਜਸੁ ਗਾਉ ਪ੍ਰਾਣੀ ॥ ਅਕਥ ਕਥਾ ਸਾਚੀ ਪ੍ਰਭ ਪੂਰਨ, ਜੋਤੀ ਜੋਤਿ ਸਮਾਣੀ ॥੧॥ਰਹਾਉ॥ ਤ੍ਰਿਸਨਾ ਭੂਖ ਸਭ ਨਾਸੀ ॥ ਸੰਤ ਪ੍ਰਸਾਦਿ ਜਪਿਆ ਅਬਿਨਾਸੀ ॥ ਰੈਨਿ ਦਿਨਸੁ ਪ੍ਰਭ ਸੇਵ ਕਮਾਨੀ ॥ ਹਰਿ ਮਿਲਣੈ ਕੀ, ਏਹ ਨੀਸਾਨੀ ॥੨॥ ਮਿਟੇ ਜੰਜਾਲ, ਹੋਏ ਪ੍ਰਭ ਦਇਆਲ ॥ ਗੁਰ ਕਾ ਦਰਸਨੁ ਦੇਖਿ ਨਿਹਾਲ ॥ ਪਰਾ ਪੂਰਬਲਾ ਕਰਮੁ ਬਣਿ ਆਇਆ ॥ ਹਰਿ ਕੇ ਗੁਣ, ਨਿਤ ਰਸਨਾ ਗਾਇਆ ॥੩॥ ਹਰਿ ਕੇ ਸੰਤ ਸਦਾ ਪਰਵਾਣੁ ॥ ਸੰਤ ਜਨਾ ਮਸਤਕਿ ਨੀਸਾਣੁ ॥ ਦਾਸ ਕੀ ਰੇਣੁ ਪਾਏ ਜੇ ਕੋਇ ॥ ਨਾਨਕ ਤਿਸ ਕੀ ਪਰਮ ਗਤਿ ਹੋਇ ॥੪॥੩੫॥੪੬॥ (ਹੇ ਭਾਈ!) ਹਰਿ ਹਰਿ ਨਾਮ ਜਪਦਿਆਂ ਕੋਈ ਦੁਖ ਕਲੇਸ਼ ਨਹੀਂ ਲਗਦਾ। (ਜਿਸ ਮਨੁੱਖ ਨੇ ਹਰੀ ਦਾ ਨਾਮ ਜਪਿਆ ਹੈ, ਉਸ ਦੇ) ਕ੍ਰੋੜਾਂ ਜਨਮਾਂ ਦੇ ਪਾਪ ਨਾਸ਼ ਹੋ ਗਏ ਹਨ। (ਜਿਸ ਮਨੁੱਖ ਦੇ) ਮਨ ਵਿਚ ਗੁਰੂ ਦੇ ਚਰਨ ਕਮਲ ਵਸੇ ਹਨ, (ਉਸ ਦੇ) ਸਰੀਰ ਤੋਂ ਬੜੇ ਬੜੇ (ਕਾਮਾਦਿਕ) ਵਿਕਾਰ ਸਭ ਨੱਸ ਗਏ ਹਨ।੧। ਹੇ ਪ੍ਰਾਣੀ! ਪ੍ਰਿਥਵੀ ਦੀ ਪਾਲਣਾ ਕਰਨ ਵਾਲੇ ਪ੍ਰਭੂ ਦਾ ਜਸ ਗਾਇਆ ਕਰ। ਸਰਬ ਵਿਆਪਕ ਪ੍ਰਭੂ ਦੀ ਕਥਾ ਅਕੱਥ ਅਤੇ ਸੱਚੀ ਹੈ, (ਜੋ ਮਨੁੱਖ ਪ੍ਰਭੂ ਦਾ ਜਸ ਗਾਉਂਦਾ ਹੈ, ਉਸ ਦੀ) ਆਤਮ ਜੋਤ ਪ੍ਰਭੂ ਦੀ ਜੋਤ ਵਿਚ ਸਮਾ ਜਾਂਦੀ ਹੈ; (ਉਸ) ਜੋਤੀ ਸਰੂਪ ਪ੍ਰਭੂ ਦੀ ਜੋਤ ਸਾਰੇ ਜੀਵਾਂ ਵਿਚ ਸਮਾ ਰਹੀ ਹੈ।੧। ਰਹਾਉ। (ਹੇ ਭਾਈ! ਜਿਸ ਮਨੁੱਖ ਨੇ) ਸੰਤ ਗੁਰੂ ਦੀ ਕ੍ਰਿਪਾ ਨਾਲ ਨਾਸ਼ ਰਹਿਤ ਪ੍ਰਭੂ ਨੂੰ ਜਪਿਆ ਹੈ, (ਉਸ ਦੀ ਮਾਇਆ ਦੀ) ਤ੍ਰਿਸ਼ਨਾ ਅਤੇ ਪਦਾਰਥਾਂ ਦੀ ਭੁੱਖ ਸਭ ਦੂਰ ਹੋ ਗਈ ਹੈ। (ਉਸ ਨੇ) ਦਿਨ ਰਾਤ ਪ੍ਰਭੂ ਦੀ ਸੇਵਾ ਭਗਤੀ ਕਮਾਈ ਹੈ, ਹਰੀ ਦੇ ਮਿਲਣ ਦੀ ਇਹੋ ਨਿਸ਼ਾਨੀ ਹੈ ਭਾਵ ਸੇਵਾ ਭਗਤੀ ਕਰਕੇ ਹੀ ਪ੍ਰਭੂ ਮਿਲਦਾ ਹੈ।੨। (ਜਿਸ ਮਨੁੱਖ ਉਤੇ) ਪ੍ਰਭੂ ਜੀ ਦਿਆਲ ਹੋਏ, (ਉਸ ਦੇ ਸਾਰੇ) ਜੰਜਾਲ ਮਿਟ ਗਏ ਹਨ। (ਉਹ) ਗੁਰੂ ਦਾ ਦਰਸ਼ਨ ਦੇਖ ਕੇ ਨਿਹਾਲ ਹੋ ਗਿਆ ਹੈ। ਬਹੁਤ ਪਹਿਲੇ ਜਨਮਾਂ ਦਾ ਕੀਤਾ ਕਰਮ ਬਣਿ ਆਇਆ ਹੈ (ਪਹਿਲੇ ਜਨਮਾਂ ਦੇ ਕੀਤੇ ਚੰਗੇ ਕਰਮਾਂ ਦਾ ਫਲ ਮਿਲਿਆ ਹੈ। ਜਿਸ ਦਾ ਸਦਕਾ ਉਸ ਨੇ) ਹਰ ਰੋਜ ਹਰੀ ਦੇ ਗੁਣਾਂ ਦਾ ਗਾਇਨ ਕੀਤਾ ਹੈ।੩। (ਹੇ ਭਾਈ!) ਹਰੀ ਦੇ ਸੰਤ (ਪ੍ਰਭੂ ਦੇ ਦਰਬਾਰ ਵਿਚ) ਸਦਾ ਪ੍ਰਵਾਨ ਹਨ। ਸੰਤ ਜਨਾਂ ਦੇ ਮੱਥੇ ਉਤੇ (ਪ੍ਰਭੂ ਦੀ ਪ੍ਰਵਾਨਗੀ ਦਾ) ਨਿਸ਼ਾਨ ਪਿਆ ਹੁੰਦਾ ਹੈ। (ਪ੍ਰਭੂ ਦੇ ਇਹੋ ਜਿਹੇ) ਦਾਸਾਂ ਦੀ ਚਰਨ ਧੂੜ ਜੇ ਕੋਈ ਮਨੁੱਖ ਪ੍ਰਾਪਤ ਕਰ ਲੈਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਦੀ ਪਰਮ ਗਤੀ ਹੋ ਜਾਂਦੀ ਹੈ।੪।੩੫।੪੬।

ਪਦਾਰਥ = ਕੋਟਿ-ਕ੍ਰੋੜਾਂ।ਕੇ-ਦੇ।ਬਿਨਸੇ-ਨਾਸ਼ ਹੋ ਗਏ।ਜਪਤ-ਜਪਦਿਆਂ।ਸੰਤਾਪ-ਦੁੱਖ ਕਲੇਸ਼।ਚਰਨ ਕਮਲ-ਕਮਲ ਫੁੱਲ ਵਰਗੇ ਕੋਮਲ ਅਤੇ ਸੁੰਦਰ ਚਰਨ।ਮਨਿ-ਮਨ ਵਿਚ।ਮਹਾ ਵਿਕਾਰ-ਵੱਡੇ ਬਿਕਾਰ।ਤਨ ਤੇ-ਸਰੀਰ ਤੋਂ।ਨਸੇ-ਦੌੜ ਗਏ।੧। ਗੋਪਾਲ ਕੋ-ਪ੍ਰਿਥਵੀ ਦੀ ਪਾਲਣਾ ਕਰਨ ਵਾਲੇ ਪ੍ਰਭੂ ਦਾ।ਗਾਉ-ਗਾਇਆ ਕਰ।ਪ੍ਰਾਣੀ-ਹੇ ਪ੍ਰਾਣ ਧਾਰੀ ਮਨੁੱਖ!।ਅਕਥ ਕਥਾ-ਪੂਰਨ ਤੌਰ ਤੇ ਬਿਆਨ ਨਾ ਹੋ ਸਕਣ ਵਾਲੀ ਕਥਾ।ਪੂਰਨ-ਸਰਬ ਵਿਆਪਕ।ਜੋਤੀ-ਪ੍ਰਕਾਸ਼ ਸਰੂਪ ਪ੍ਰਭੂ ਵਿਚ।ਜੋਤਿ-ਮਨੁੱਖ ਦੀ ਆਤਮਕ ਜੋਤ।ਸਮਾਣੀ-ਸਮਾ ਜਾਂਦੀ ਹੈ।੧।ਰਹਾਉ।ਨਾਸੀ-ਨੱਸ (ਦੂਰ ਹੋ) ਗਈ।ਸੰਤ ਪ੍ਰਸਾਦਿ-ਸੰਤ ਗੁਰੂ ਦੀ ਕ੍ਰਿਪਾ ਨਾਲ। ਅਬਿਨਾਸੀ-ਨਾਸ਼ ਰਹਿਤ।ਰੈਨਿ-ਰਾਤ।ਸੇਵ-ਸੇਵਾ ਭਗਤੀ।ਕਮਾਨੀ-ਕਮਾਈ (ਕੀਤੀ) ਹੈ।ਨੀਸਾਨੀ-ਚਿੰਨ੍ਹ; ਲੱਛਣ।੨।ਜੰਜਾਲ -ਬੰਧਨ।ਦੇਖਿ-ਦੇਖ ਕੇ।ਨਿਹਾਲ-ਪ੍ਰਸੰਨ।ਪਰਾ ਪੂਰਬਲਾ-ਬਹੁਤ ਪੁਰਾਣੇ ਪਹਿਲੇ ਜਨਮਾਂ ਦਾ।ਕਰਮੁ-ਕੰਮ; ਭਾਗ।ਨਿਤ-ਹਰ ਰੋਜ।ਰਸਨਾ-ਜੀਭ ਨਾਲ।੩।ਪਰਵਾਣੁ-ਕਬੂਲ।ਮਸਤਕਿ-ਮੱਥੇ ਉਤੇ।ਨੀਸਾਣੁ-ਚਿੰਨ੍ਹ।ਰੇਣੁ-ਚਰਨ ਧੂੜ।ਕੋਇ-ਕੋਈ ਮਨੁੱਖ। ਤਿਸ ਕੀ-ਉਸ ਦੀ।ਪਰਮ ਗਤਿ-ਮੁਕਤੀ; ਸਭ ਤੋਂ ਉਚੀ ਆਤਮਕ ਅਵਸਥਾ।੪।੩੫।੪੬।

ਰਾਮਕਲੀ ਮਹਲਾ ੫ ॥ ਦਰਸਨ ਕਉ ਜਾਈਐ ਕੁਰਬਾਨੁ ॥ ਚਰਨ ਕਮਲ ਹਿਰਦੈ ਧਰਿ ਧਿਆਨੁ ॥ ਧੂਰਿ ਸੰਤਨ ਕੀ, ਮਸਤਕਿ ਲਾਇ ॥ ਜਨਮ ਜਨਮ ਕੀ, ਦੁਰਮਤਿ ਮਲੁ ਜਾਇ ॥੧॥ ਜਿਸੁ ਭੇਟਤ, ਮਿਟੈ ਅਭਿਮਾਨੁ ॥ ਪਾਰਬ੍ਰਹਮੁ ਸਭੁ ਨਦਰੀ ਆਵੈ, ਕਰਿ ਕਿਰਪਾ ਪੂਰਨ ਭਗਵਾਨ ॥੧॥ਰਹਾਉ॥ ਗੁਰ ਕੀ ਕੀਰਤਿ, ਜਪੀਐ ਹਰਿ ਨਾਉ ॥ ਗੁਰ ਕੀ ਭਗਤਿ, ਸਦਾ ਗੁਣ ਗਾਉ ॥ ਗੁਰ ਕੀ ਸੁਰਤਿ, ਨਿਕਟਿ ਕਰਿ ਜਾਨੁ ॥ ਗੁਰ ਕਾ ਸਬਦੁ ,ਸਤਿ ਕਰਿ ਮਾਨੁ ॥੨॥ ਗੁਰ ਬਚਨੀ, ਸਮਸਰਿ ਸੁਖ ਦੂਖ ॥ ਕਦੇ ਨ ਬਿਆਪੈ ਤ੍ਰਿਸਨਾ ਭੂਖ ॥ ਮਨਿ ਸੰਤੋਖੁ ,ਸਬਦਿ ਗੁਰ ਰਾਜੇ ॥ ਜਪਿ ਗੋਬਿੰਦੁ ,ਪੜਦੇ ਸਭਿ ਕਾਜੇ ॥੩॥ ਗੁਰੁ ਪਰਮੇਸਰੁ ਗੁਰੁ ਗੋਵਿੰਦੁ ॥ ਗੁਰੁ ਦਾਤਾ, ਦਇਆਲ ਬਖਸਿੰਦੁ ॥ ਗੁਰ ਚਰਨੀ ਜਾ ਕਾ ਮਨੁ ਲਾਗਾ ॥ ਨਾਨਕ ਦਾਸ ਤਿਸੁ ਪੂਰਨ ਭਾਗਾ ॥੪॥੩੬॥ ੪੭॥ (ਹੇ ਭਾਈ! ਗੁਰੂ ਦੇ) ਦਰਸ਼ਨ ਤੋਂ ਕੁਰਬਾਨ ਜਾਣਾ ਚਾਹੀਦਾ ਹੈ।(ਗੁਰੂ ਦੇ) ਚਰਨਾਂ ਕਮਲਾਂ ਦਾ ਹਿਰਦੇ ਵਿਚ ਧਿਆਨ ਧਰ ।(ਗੁਰੂ ਦੀ ਸੰਗਤ ਵਿਚ ਰਹਿਣ ਵਾਲੇ) ਸੰਤਾਂ ਦੀ ਚਰਨ ਧੂੜ ਅਪਣੇ ਮੱਥੇ ਉਤੇ ਲਗਾ ਲੈ।(ਜਿਸ ਨਾਲ ਤੇਰੇ) ਜਨਮਾਂ ਜਨਮਾਂ ਦੀ ਖੋਟੀ ਮੱਤ ਵਾਲੀ ਮੈਲ ਦੂਰ ਹੋ ਜਾਏਗੀ।੧।(ਹੇ ਭਾਈ! ਇਉਂ ਅਰਦਾਸ ਕਰ ਕਿ) ਹੇ ਪਰੀ ਪੂਰਨ ਭਗਵਾਨ! (ਮੇਰੇ ਉਤੇ) ਕ੍ਰਿਪਾ ਕਰ, (ਮੈਨੂੰ ਪੂਰਾ ਗੁਰੂ ਮਿਲਾ ਦੇਹ) ਜਿਸ ਗੁਰੂ ਦੇ ਮਿਲਣ ਨਾਲ ਹੰਕਾਰ ਮਿਟ ਜਾਂਦਾ ਹੈ ਅਤੇ ਪਾਰਬ੍ਰਹਮ ਸਭ ਜਗ੍ਹਾ ਨਜਰ ਆਉਣ ਲਗ ਜਾਂਦਾ ਹੈ।੧।ਰਹਾਉ।(ਹੇ ਭਾਈ!) ਗੁਰੂ ਦਾ ਜਸ ਕਰਦੇ ਰਹੀਏ ਅਤੇ ਹਰੀ ਦਾ ਨਾਮ ਜਪਦੇ ਰਹੀਏ।ਗੁਰੂ ਦੀ ਸੇਵਾ ਭਗਤੀ ਰਾਹੀਂ ਹਰੀ ਦੇ ਗੁਣ ਸਦਾ ਗਾਉਂਦੇ ਰਹੀਏ।ਗੁਰੂ ਦੀ ਸੇਵਾ ਵਿਚ ਸੁਰਤ ਜੋੜ ਕੇ ਪ੍ਰਭੂ ਨੂੰ ਨੇੜੇ ਕਰਕੇ ਜਾਣ।ਅਤੇ ਗੁਰੂ ਦਾ ਸ਼ਬਦ ਸੱਤ ਕਰਕੇ ਕੇ ਮੰਨ।੨।(ਹੇ ਭਾਈ!) ਗੁਰੂ ਦੇ ਬਚਨਾਂ ਦੁਆਰਾ ਸੁੱਖ ਅਤੇ ਦੁਖ ਬਰਾਬਰ ਪ੍ਰਤੀਤ ਹੁੰਦੇ ਹਨ। (ਫਿਰ) ਕਦੇ ਵੀ ਮਾਇਆ ਦੀ ਤ੍ਰਿਸ਼ਨਾ ਅਤੇ ਪਦਾਰਥਾਂ ਦੀ ਭੁੱਖ ਨਹੀਂ ਵਿਆਪਦੀ।ਗੁਰੂ ਦੇ ਸ਼ਬਦ ਦੁਆਰਾ ਮਨ ਵਿਚ ਸੰਤੋਖ ਪੈਦਾ ਹੋ ਜਾਂਦਾ ਹੈ ਅਤੇ (ਮਨ ਪਦਾਰਥਾਂ ਵੱਲੋਂ) ਰੱਜ ਜਾਂਦਾ ਹੈ।ਗੋਬਿੰਦ ਨੂੰ ਜਪਣ ਕਰਕੇ ਸਾਰੇ ਪੜਦੇ ਢਕੇ ਜਾਂਦੇ ਹਨ।੩।(ਹੇ ਭਾਈ!) ਗੁਰੂ ਪ੍ਰਮੇਸਰ ਰੂਪ ਹੈ ਅਤੇ ਗੋਬਿੰਦ ਗੁਰੂ ਰੂਪ ਹੈ।ਗੁਰੂ (ਚਾਰੇ ਪਦਾਰਥਾਂ ਦਾ) ਦਾਤਾ ਹੈ, ਦਇਆ ਦਾ ਘਰ ਹੈ ਅਤੇ (ਔਗਣ) ਬਖਸ਼ਣ ਦੇਣ ਵਾਲਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਦਾਸ ਦੇ ਪੂਰਨ ਭਾਗ ਜਾਗ ਪੈਂਦੇ ਹਨ, ਜਿਸ ਦਾ ਮਨ ਗੁਰੂ ਦੇ ਚਰਨਾਂ ਵਿਚ ਲਗ (ਜੁੜ) ਗਿਆ ਹੈ।੪।੩੬।੪੭।

ਪਦਾਰਥ = ਕਉ-ਨੂੰ; ਤੋਂ।ਹਿਰਦੈ-ਹਿਰਦੇ ਵਿਚ।ਧਰਿ-ਧਾਰਨ ਕਰ।ਧੂਰਿ-ਚਰਨ ਧੂੜ।ਸੰਤਨ ਕੀ-ਸੰਤਾਂ ਦੀ।ਮਸਤਕਿ-ਮੱਥੇ ਉਤੇ।ਦੁਰਮਤਿ-ਖੋਟੀ ਮੱਤ।ਮਲੁ-ਮੈਲ।ਜਾਇ-ਦੂਰ ਹੋ ਜਾਏਗੀ।੧।ਜਿਸ ਭੇਟਤ-ਜਿਸ ਗੁਰੂ ਦੇ ਮਿਲਣ ਨਾਲ।ਸਭੁ-ਸਭ ਜਗ੍ਹਾ ।ਨਦਰੀ ਆਵੈ-ਨਜਰ ਆਉਣ ਲਗ ਜਾਂਦਾ ਹੈ।ਪੂਰਨ ਭਗਵਾਨ-ਹੇ ਪਰੀ ਪੂਰਨ ਭਗਵਾਨ!।੧।ਰਹਾਉ।ਕੀਰਤਿ-ਜਸ; ਸੋਭਾ। ਗਾਉ-ਗਾਉਂਦੇ ਰਹੀਏ।ਸੁਰਤਿ-ਧਿਆਨ।ਨਿਕਟਿ-ਨੇੜੇ।ਜਾਨੁ-ਜਾਣ; ਸਮਝ।ਸਤਿ ਕਰਿ-ਸੱਤ ਕਰਕੇ।ਮਾਨੁ-ਮੰਨ।੨।ਗੁਰ ਬਚਨੀ-ਗੁਰੂ ਦੇ ਬਚਨਾਂ ਰਾਹੀਂ।ਸਮਸਰਿ-ਬਰਾਬਰ (ਇਕੋ ਜਿਹੇ)।ਨ ਬਿਆਪੈ-ਨਹੀਂ ਵਿਆਪਦਾ।ਮਨਿ-ਮਨ ਵਿਚ।ਸਬਦਿ-ਸ਼ਬਦ ਰਾਹੀਂ।ਰਾਜੇ-ਰੱਜ ਜਾਂਦਾ ਹੈ।ਜਪਿ-ਜਪ ਕੇ।ਕਾਜੇ-ਕੱਜੇ (ਢਕੇ) ਜਾਂਦੇ ਹਨ।੩।ਬਖਸ਼ਿੰਦੁ-ਬਖਸ਼ਹਾਰ।ਚਰਨੀ-ਚਰਨਾਂ ਵਿਚ।ਜਾ ਕਾ-ਜਿਸ ਦਾ।ਲਾਗਾ-ਲਗ (ਜੁੜ) ਗਿਆ ਹੈ।ਦਾਸ ਤਿਸੁ-ਉਸ ਦਾਸ ਦੇ।ਭਾਗਾ-ਭਾਗ।੪।੩੬।੪੭।

ਅੰਗ ੮੯੮ = ਰਾਮਕਲੀ ਮਹਲਾ ੫ ॥ ਕਿਸੁ ਭਰਵਾਸੈ ਬਿਚਰਹਿ ਭਵਨ ॥ ਮੂੜ ਮੁਗਧ ਤੇਰਾ ਸੰਗੀ ਕਵਨ ॥ ਰਾਮੁ ਸੰਗੀ,

ਤਿਸੁ ਗਤਿ ਨਹੀ ਜਾਨਹਿ ॥ ਪੰਚ ਬਟਵਾਰੇ, ਸੇ ਮੀਤ ਕਰਿ ਮਾਨਹਿ ॥੧॥ ਸੋ ਘਰੁ ਸੇਵਿ, ਜਿਤੁ ਉਧਰਹਿ ਮੀਤ ॥ ਗੁਣ ਗੋਵਿੰਦ ਰਵੀਅਹਿ ਦਿਨੁ ਰਾਤੀ, ਸਾਧ ਸੰਗਿ ਕਰਿ ਮਨ ਕੀ ਪ੍ਰੀਤਿ ॥੧॥ਰਹਾਉ॥ ਜਨਮੁ ਬਿਹਾਨੋ ਅਹੰਕਾਰਿ ਅਰੁ ਵਾਦਿ ॥ ਤ੍ਰਿਪਤਿ ਨ ਆਵੈ, ਬਿਖਿਆ ਸਾਦਿ ॥ ਭਰਮਤ ਭਰਮਤ ਮਹਾ ਦੁਖੁ ਪਾਇਆ ॥ ਤਰੀ ਨ ਜਾਈ ਦੁਤਰ ਮਾਇਆ ॥੨॥ ਕਾਮਿ ਨ ਆਵੈ ਸੁ ਕਾਰ ਕਮਾਵੈ ॥ ਆਪਿ ਬੀਜਿ ਆਪੇ ਹੀ ਖਾਵੈ ॥ ਰਾਖਨ ਕਉ ਦੂਸਰ ਨਹੀ ਕੋਇ ॥ ਤਉ ਨਿਸਤਰੈ, ਜਉ ਕਿਰਪਾ ਹੋਇ ॥੩॥ ਪਤਿਤ ਪੁਨੀਤ ਪ੍ਰਭ ਤੇਰੋ ਨਾਮੁ ॥ ਅਪਨੇ ਦਾਸ ਕਉ ਕੀਜੈ ਦਾਨੁ ॥ ਕਰਿ ਕਿਰਪਾ ਪ੍ਰਭ ਗਤਿ ਕਰਿ ਮੇਰੀ ॥ ਸਰਣਿ ਗਹੀ ਨਾਨਕ ਪ੍ਰਭ ਤੇਰੀ ॥੪॥੩੭॥੪੮॥ (ਹੇ ਭਾਈ!) ਤੂੰ ਸੰਸਾਰ ਵਿਚ ਕਿਸ ਦੇ ਭਰੋਸੇ ਤੇ ਵਿਚਰ ਰਿਹਾ ਹੈਂ? ਹੇ ਮਹਾਂ ਮੂਰਖ! (ਸੰਸਾਰ ਵਿਚ) ਤੇਰਾ ਸੰਗੀ ਕੌਣ ਹੈ? ਇਕ ਪ੍ਰਭੂ ਹੀ ਤੇਰਾ ਸੰਗੀ ਹੈ, (ਪਰ ਤੂੰ) ਉਸ ਦੀ ਪ੍ਰਾਪਤੀ ਦਾ ਤਰੀਕਾ ਨਹੀਂ ਜਾਣਦਾ।(ਇਸ ਦੇ ਉਲਟ ਜੋ) ਪੰਜ ਕਾਮਾਦਿਕ ਲੁਟੇਰੇ ਹਨ, ਉਨ੍ਹਾਂ ਨੂੰ ਤੂੰ ਮਿਤ੍ਰ ਕਰਕੇ ਮੰਨਦਾ ਹੈਂ।੧।ਹੇ ਮਿਤ੍ਰ! ਤੂੰ ਉਸ ਸਾਧ ਸੰਗਤ ਰੂਪ ਘਰ ਦੀ ਸੇਵਾ ਕਰ, ਜਿਸ ਦੇ ਰਾਹੀਂ ਤੂੰ (ਭਵਜਲ ਤੋਂ) ਤਰ ਜਾਵੇਂ।ਸਾਧ ਸੰਗਤ ਵਿਚ ਮਨ ਦੀ ਪ੍ਰੀਤ ਧਾਰਨ ਕਰ (ਅਤੇ ਉਥੇ ਟਿਕ ਕੇ) ਦਿਨ ਰਾਤ ਗੋਵਿੰਦ ਦੇ ਗੁਣ ਗਾਉਣੇ ਚਾਹੀਦੇ ਹਨ।੧।ਰਹਾਉ।(ਹੇ ਮਿਤ੍ਰ! ਤੇਰਾ) ਜਨਮ ਹੰਕਾਰ ਅਤੇ ਝਗੜਿਆਂ ਵਿਚ ਬਤੀਤ ਹੋ ਗਿਆ ਹੈ।ਵਿਸ਼ਿਆਂ ਦੇ ਸਵਾਦਾਂ ਵਿਚ (ਤੈਨੂੰ) ਰੱਜ ਨਹੀਂ ਆਉਂਦਾ।(ਜੋਨੀਆਂ ਵਿਚ) ਭਟਕਦਿਆਂ ਭਟਕਦਿਆਂ ਤੈਂ ਬਹੁਤ ਦੁਖ ਪਾਇਆ ਹੈ।ਮਾਇਆ ਔਖਾ ਤਰਿਆ ਜਾਣ ਵਾਲਾ ਸਮੁੰਦਰ ਹੈ, (ਪ੍ਰਭੂ ਦੇ ਨਾਮ ਤੋਂ ਬਿਨਾ ਇਸ ਨੂੰ) ਤਰਿਆ ਨਹੀਂ ਜਾ ਸਕਦਾ।੨।(ਹੇ ਮਿਤ੍ਰ!) ਤੂੰ ਉਹ ਕੰਮ ਕਰਦਾ ਹੈਂ, ਜੋ (ਪ੍ਰਲੋਕ ਵਿਚ) ਕੰਮ ਨਹੀਂ ਆਉਂਦੇ।ਤੂੰ ਆਪ (ਪਾਪਾਂ ਦਾ ਬੀਜ) ਬੀਜ ਕੇ ਆਪੇ ਹੀ (ਉਸ ਦਾ ਦੁਖ ਰੂਪ ਫਲ) ਖਾਂਦਾ ਹੈਂ।(ਇਸ ਦੁਖ ਵਿਚ ਪ੍ਰਭੂ ਤੋਂ ਬਿਨਾ) ਦੂਜਾ ਕੋਈ ਰੱਖਿਆ ਕਰਨ ਵਾਲਾ ਨਹੀਂ ਹੈ।ਸੰਸਾਰ ਸਮੁੰਦਰ ਤੋਂ (ਮਨੁੱਖ) ਤਦ ਤਰ ਸਕਦਾ ਹੈ, ਜਦ ਪ੍ਰਭੂ ਦੀ ਕ੍ਰਿਪਾ ਹੁੰਦੀ ਹੈ।੩।ਨਾਨਕ ਗੁਰੂ ਜੀ ਆਖਦੇ ਹਨ, (ਇਉਂ ਅਰਦਾਸ ਕਰ ਕਿ) ਹੇ ਪ੍ਰਭੂ! ਤੇਰਾ ਨਾਮ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ।(ਇਸ ਲਈ) ਅਪਣੇ ਦਾਸ ਨੂੰ ਨਾਮ ਦਾਨ ਬਖਸ।ਹੇ ਪ੍ਰਭੂ! ਕ੍ਰਿਪਾ ਕਰਕੇ ਮੇਰੀ ਮੁਕਤੀ ਕਰ ਦੇਹ।ਹੇ ਪ੍ਰਭੂ! ਮੈਂ ਤੇਰੀ ਸ਼ਰਣ ਫੜੀ ਹੈ।੪।੩੭।੪੮।

ਪਦਾਰਥ = ਕਿਸੁ ਭਰਵਾਸੈ–ਕਿਸ ਦੇ ਭਰੋਸੇ ਉਤੇ।ਬਿਚਰਹਿ–ਤੁਰਿਆ ਫਿਰਦਾ ਹੈਂ।ਭਵਨ–ਸੰਸਾਰ ਵਿਚ।ਮੂੜ ਮੁਗਧ–ਹੇ ਅਤਿਅੰਤ ਮੂਰਖ (ਮ.ਕੋ.)।ਸੰਗੀ–ਸਾਥੀ।ਕਵਨ–ਕੌਣ।ਰਾਮੁ–ਸਰਬ ਵਿਆਪਕ ਪ੍ਰਭੂ।ਗਤਿ–ਪ੍ਰਾਪਤੀ ਦਾ ਤਰੀਕਾ।ਨਹੀ ਜਾਨਹਿ –ਤੂੰ ਨਹੀਂ ਜਾਣਦਾ।ਪੰਚ ਬਟਵਾਰੇ–ਪੰਜ ਕਾਮਾਦਿਕ ਲੁਟੇਰੇ।ਸੇ–ਉਨ੍ਹਾਂ ਨੂੰ।ਮੀਤ–ਮਿਤ੍ਰ।ਮਾਨਹਿ–ਮੰਨਦਾ ਹੈਂ।੧।ਸੋ ਘਰੁ–ਉਸ ਸਾਧ ਸੰਗਤ ਰੂਪ ਘਰ ਦੀ।ਸੇਵਿ–ਸੇਵਾ ਕਰ।ਜਿਤੁ–ਜਿਸ ਦੇ ਰਾਹੀਂ।ਉਧਰਹਿ–(ਭਵਜਲ ਤੋਂ) ਤਰ ਜਾਵੇਂ।ਮੀਤ–ਹੇ ਮਿਤ੍ਰ!। ਰਵੀਅਹਿ–ਉਚਾਰਨੇ (ਗਾਉਣੇ) ਚਾਹੀਦੇ ਹਨ।੧।ਰਹਾਉ।ਬਿਹਾਨੋ–ਬਤੀਤ ਹੋ ਗਿਆ ਹੈ।ਵਾਦਿ–ਝਗੜਿਆਂ ਵਿਚ।ਅਰੁ–ਅਤੇ ।ਤ੍ਰਿਪਤਿ–ਰੱਜ।ਬਿਖਿਆ ਸਾਦਿ–ਵਿਸ਼ਿਆਂ ਦੇ ਸਵਾਦਾਂ ਵਿਚ।ਭਰਮਤ–ਭਟਕਦਿਆਂ।ਤਰੀ ਨ ਜਾਈ–ਤਰਿਆ ਨਹੀਂ ਜਾ ਸਕਦਾ ।ਦੁਤਰੁ–ਔਖਾ ਤਰਿਆ ਜਾਣ ਵਾਲਾ।੨।ਕਾਮਿ–ਕੰਮ।ਸੁ–ਉਹ।ਕਾਰ ਕਮਾਵੈ–ਕੰਮ ਕਰਦਾ ਹੈਂ।ਬੀਜਿ–ਬੀਜ ਬੀਜ ਕੇ।ਰਾਖਨ ਕਉ–ਰੱਖਿਆ ਕਰਨ ਵਾਲਾ।ਤਉ–ਤਦ।ਨਿਸਤਰੈ–ਤਰ ਸਕਦਾ ਹੈ।ਜਉ–ਜਦੋਂ।੩।ਪਤਿਤ ਪੁਨੀਤ–ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ।ਕਉ–ਨੂੰ।ਕੀਜੈ ਦਾਨੁ–ਨਾਮ ਦਾਨ ਦੇਹ।ਗਤਿ ਕਰਿ–ਮੁਕਤੀ ਕਰ ਦੇਹ।ਗਹੀ–ਫੜੀ ਹੈ।੪।੩੭।੪੮।

ਰਾਮਕਲੀ ਮਹਲਾ ੫ ॥ ਇਹ ਲੋਕੇ ਸੁਖੁ ਪਾਇਆ ॥ ਨਹੀ ਭੇਟਤ ਧਰਮਰਾਇਆ ॥ ਹਰਿ ਦਰਗਹ ਸੋਭਾਵੰਤ ॥ ਫੁਨਿ ਗਰਭਿ ਨਾਹੀ ਬਸੰਤ ॥੧॥ ਜਾਨੀ ਸੰਤ ਕੀ ਮਿਤ੍ਰਾਈ ॥ ਕਰਿ ਕਿਰਪਾ ਦੀਨੋ ਹਰਿ ਨਾਮਾ, ਪੂਰਬਿ ਸੰਜੋਗਿ ਮਿਲਾਈ ॥੧॥ਰਹਾਉ॥ ਗੁਰ ਕੇ ਚਰਣਿ ਚਿਤੁ ਲਾਗਾ ॥ ਧੰਨਿ ਧੰਨਿ ਸੰਜੋਗੁ ਸਭਾਗਾ ॥ ਸੰਤ ਕੀ ਧੂਰਿ ਲਾਗੀ ਮੇਰੈ ਮਾਥੇ ॥ ਕਿਲਵਿਖ ਦੁਖ ਸਗਲੇ ਮੇਰੇ ਲਾਥੇ ॥੨॥ ਸਾਧ ਕੀ ਸਚੁ ਟਹਲ ਕਮਾਨੀ ॥ ਤਬ ਹੋਏ ਮਨ ਸੁਧ ਪਰਾਨੀ ॥ ਜਨ ਕਾ ਸਫਲ ਦਰਸੁ ਡੀਠਾ ॥ ਨਾਮੁ ਪ੍ਰਭੂ ਕਾ ਘਟਿ ਘਟਿ ਵੂਠਾ ॥੩॥ ਮਿਟਾਨੇ ਸਭਿ ਕਲਿ ਕਲੇਸ ॥ ਜਿਸ ਤੇ ਉਪਜੇ, ਤਿਸੁ ਮਹਿ ਪਰਵੇਸ ॥ ਪ੍ਰਗਟੇ ਆਨੂਪ ਗੋੁਵਿੰਦ ॥ ਪ੍ਰਭ ਪੂਰੇ ਨਾਨਕ ਬਖਸਿੰਦ ॥੪॥੩੮॥੪੯॥ (ਹੇ ਭਾਈ! ਜਿਸ ਮਨੁੱਖ ਦਾ ਮਿਲਾਪ ਸੰਤ ਗੁਰੂ ਨਾਲ ਹੁੰਦਾ ਹੈ, ਉਸ ਨੇ) ਇਸ ਲੋਕ ਵਿਚ ਸੁਖ ਪਾਇਆ ਹੈ।ਅਤੇ (ਅੱਗੇ ਪ੍ਰਲੋਕ ਵਿਚ ਵੀ) ਧਰਮਰਾਜ ਨਾਲ ਮੇਲ ਨਹੀਂ ਹੁੰਦਾ (ਲੇਖਾ ਦੇਣਾ ਪੈਂਦਾ ਹੀ ਨਹੀਂ)।ਹਰੀ ਦੀ ਦਰਗਾਹ ਵਿਚ (ਉਹ) ਸੋਭਾਵਾਲਾ ਹੁੰਦਾ ਹੈ।ਫਿਰ (ਉਸ ਦਾ) ਮਾਤਾ ਦੇ ਗਰਭ ਵਿਚ ਵਾਸਾ ਨਹੀਂ ਹੁੰਦਾ (ਜਨਮ ਮਰਨ ਮੁੱਕ ਜਾਂਦਾ ਹੈ)।੧।(ਹੇ ਭਾਈ!) ਪਿਛਲੇ ਜਨਮਾਂ ਦੇ ਲਿਖੇ ਸੰਜੋਗਾਂ ਕਰਕੇ (ਗੁਰੂ ਨਾਲ) ਮੇਲ ਹੋਇਆ ਹੈ, (ਗੁਰੂ ਨੇ) ਕ੍ਰਿਪਾ ਕਰਕੇ

ਮੈਨੂੰ ਹਰੀ ਦਾ ਨਾਮ ਦਿਤਾ ਹੈ।(ਇਹ) ਮੈਂ ਸੰਤ ਗੁਰੂ ਦੀ ਮਿਤ੍ਰਤਾ ਦਾ ਫਲ ਜਾਣਿਆ ਹੈ।੧।ਰਹਾਉ।(ਹੇ ਭਾਈ! ਮੇਰਾ) ਚਿੱਤ ਗੁਰੂ ਦੇ ਚਰਨਾਂ ਵਿਚ ਲਗ (ਜੁੜ) ਗਿਆ ਹੈ।ਇਹ ਮਿਲਾਪ ਬਹੁਤ ਭਾਗਾਂ ਵਾਲਾ ਅਤੇ ਧੰਨਤਾ ਦੇ ਯੋਗ ਹੈ।ਸੰਤ ਗੁਰੂ ਦੀ ਚਰਨ ਧੂੜ ਮੇਰੇ ਮੱਥੇ ਤੇ ਲੱਗੀ ਹੈ।ਮੇਰੇ ਸਾਰੇ ਪਾਪ ਅਤੇ ਦੁਖ ਦੂਰ ਹੋ ਗਏ ਹਨ।੨।ਹੇ ਪ੍ਰਾਣੀ! (ਜਦੋਂ ਮਨੁੱਖ) ਨਿਸ਼ਚਾ ਧਾਰ ਕੇ ਸਾਧ ਗੁਰੂ ਦੀ ਟਹਿਲ ਸੇਵਾ ਕਰਦੇ ਹਨ, ਤਦ (ਉਨ੍ਹਾਂ ਦੇ) ਮਨ ਪਵਿਤ੍ਰ ਹੋ ਜਾਂਦੇ ਹਨ।(ਜਦ ਮੈਂ ਗੁਰੂ) ਜਨ ਦਾ ਸਫਲ ਦਰਸ਼ਨ ਦੇਖਿਆ, ਤਾਂ ਮੈਂ ਹਰੇਕ ਜੀਵ ਦੇ ਹਿਰਦੇ ਵਿਚ ਹਰੀ ਦਾ ਨਾਮ ਵਸਦਾ ਜਾਣ ਲਿਆ।੩।(ਹੇ ਭਾਈ! ਪ੍ਰਭੂ ਨੇ) ਸਾਰੇ ਝਗੜੇ ਤੇ ਕਲੇਸ਼ ਮਿਟਾ ਦਿਤੇ ਹਨ।ਜਿਸ ਪ੍ਰਭੂ ਤੋਂ ਪੈਦਾ ਹੋਏ ਹਾਂ, ਉਸੇ ਵਿਚ ਪ੍ਰਵੇਸ ਹੋ (ਮਿਲ) ਗਏ ਹਾਂ।ਉਪਮਾ ਤੋਂ ਰਹਿਤ ਗੋਵੰਦ (ਮੇਰੇ ਹਿਰਦੇ ਵਿਚ) ਪ੍ਰਗਟ ਹੋ ਗਏ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਪੂਰਨ ਪ੍ਰਭੂ ਬਖਸ਼ਣਹਾਰ ਹੈ।੪।੩੮।੪੯।

ਪਦਾਰਥ = ਇਹ ਲੋਕੇ–ਇਸ ਲੋਕ ਵਿਚ।ਨਹੀ ਭੇਟਤ–ਮੇਲ ਨਹੀਂ ਹੁੰਦਾ।ਸੋਭਾਵੰਤ–ਸੋਭਾ ਵਾਲਾ।ਫੁਨਿ–ਫਿਰ; ਮੁੜ ਕੇ।ਗਰਭਿ–ਮਾਂ ਦੇ ਗਰਭ ਵਿਚ।ਨਹੀ ਬਸੰਤ–ਵਾਸਾ ਨਹੀਂ ਹੁੰਦਾ।੧।ਜਾਨੀ–ਜਾਣਿਆ ਹੈ।ਸੰਤ ਕੀ–ਸੰਤ ਗੁਰੂ ਦੀ।ਮਿਤ੍ਰਾਈ–ਮਿਤ੍ਰਤਾ। ਕਰਿ–ਕਰਕੇ।ਨਾਮਾ–ਨਾਮ।ਪੂਰਬਿ ਸੰਜੋਗਿ–ਪਹਿਲੇ ਜਨਮਾਂ ਦੇ ਸੰਜੋਗਾਂ ਦੇ ਕਾਰਣ।੧।ਰਹਾਉ।ਸੰਜੋਗੁ–ਮਿਲਾਪ ਦਾ ਮੌਕਾ। ਸਭਾਗਾ–ਭਾਗਾਂ ਵਾਲਾ।ਕਿਲਵਿਖ–ਪਾਪ।ਲਾਥੇ–ਦੂਰ ਹੋ ਗਏ ਹਨ।ਸਗਲੇ–ਸਾਰੇ।੨।ਸਚੁ–ਨਿਸ਼ਚਾ ਕਰਕੇ।ਟਹਲ–ਸੇਵਾ। ਕਮਾਈ–ਕੀਤੀ।ਤਬ–ਤਦ।ਸੁਧ–ਪਵਿਤ੍ਰ।ਪਰਾਨੀ–ਹੇ ਪ੍ਰਾਣੀ!।ਜਨ ਕਾ–ਗੁਰੂ ਜਨ ਦਾ।ਡੀਠਾ–ਦੇਖਿਆ।ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ।ਵੂਠਾ–ਵਸਦਾ ਹੋਇਆ।੩।ਮਿਟਾਨੇ–ਮਿਟਾ ਦਿਤੇ।ਕਲਿ–ਝਗੜੇ।ਕਲੇਸ–ਮਾਨਸਕ ਦੁਖ।ਤੇ–ਤੋਂ।ਤਿਸ ਮਹਿ–ਉਸ ਵਿਚ।ਪਰਵੇਸ–ਮਿਲ ਗਏ ਹਾਂ।ਆਨੂਪ–ਉਪਮਾ ਤੋਂ ਰਹਿਤ; ਬਹੁਤ ਸੁੰਦਰ।ਬਖਸਿੰਦ–ਬਖਸ਼ਣਹਾਰ।੪।੩੮।੪੯।

ਰਾਮਕਲੀ ਮਹਲਾ ੫ ॥ ਗਊ ਕਉ ਚਾਰੇ ਸਾਰਦੂਲੁ ॥ ਕਉਡੀ ਕਾ ਲਖ ਹੂਆ ਮੂਲੁ ॥ ਬਕਰੀ ਕਉ ਹਸਤੀ ਪ੍ਰਤਿਪਾਲੇ ॥ ਅਪਨਾ ਪ੍ਰਭੁ ਨਦਰਿ ਨਿਹਾਲੇ ॥੧॥ ਕ੍ਰਿਪਾ ਨਿਧਾਨ ਪ੍ਰੀਤਮ ਪ੍ਰਭ ਮੇਰੇ ॥ ਬਰਨਿ ਨ ਸਾਕਉ ਬਹੁ ਗੁਨ ਤੇਰੇ ॥੧॥ਰਹਾਉ॥ ਦੀਸਤ ਮਾਸੁ ਨ ਖਾਇ ਬਿਲਾਈ ॥ ਮਹਾ ਕਸਾਬਿ ਛੁਰੀ ਸਟਿ ਪਾਈ ॥ ਕਰਣਹਾਰ ਪ੍ਰਭੁ ਹਿਰਦੈ ਵੂਠਾ ॥ ਫਾਥੀ ਮਛੁਲੀ ਕਾ ਜਾਲਾ ਤੂਟਾ ॥੨॥ ਸੂਕੇ ਕਾਸਟ ਹਰੇ ਚਲੂਲ ॥ ਊਚੈ ਥਲਿ ਫੂਲੇ ਕਮਲ ਅਨੂਪ ॥ ਅਗਨਿ ਨਿਵਾਰੀ ਸਤਿਗੁਰ ਦੇਵ ॥ ਸੇਵਕੁ ਅਪਨੀ ਲਾਇਓ ਸੇਵ ॥੩॥ ਅਕਿਰਤਘਣਾ ਕਾ ਕਰੇ ਉਧਾਰੁ ॥ ਪ੍ਰਭੁ ਮੇਰਾ ਹੈ ਸਦਾ ਦਇਆਰੁ ॥ ਸੰਤ ਜਨਾ ਕਾ ਸਦਾ ਸਹਾਈ ॥ ਚਰਨ ਕਮਲ ਨਾਨਕ ਸਰਨਾਈ ॥੪॥੩੯॥੫੦॥(ਪ੍ਰਭੂ ਦੀ ਕ੍ਰਿਪਾ ਹੋਣ ਨਾਲ ਮਨੁੱਖ ਦੇ ਅੰਦਰ ਜੋ ਤਬਦੀਲੀ ਆਈ ਹੈ, ਉਸ ਦਾ ਵਰਨਣ ਇਸ ਸ਼ਬਦ ਵਿਚ ਕੀਤਾ ਹੋਇਆ ਹੈ)।ਹੰਕਾਰ ਰੂਪ ਸ਼ੇਰ ਇਕ ਸ਼ੁੱਧ ਤਾਕਤ ਹੋ ਕੇ ਗਊਆਂ (ਇੰਦ੍ਰੀਆਂ) ਨੂੰ ਚਾਰਦਾ (ਭਲੇ ਪਾਸੇ ਤੋਰਦਾ) ਹੈ (ਹੁਣ ਇੰਦ੍ਰੀਆਂ ਵਿਸ਼ੇ ਰੂਪ ਘਾਹ ਨਹੀਂ ਖਾਂਦੀਆਂ, ਸੱਗੋਂ ਸਹਾਇਕ ਹਨ।ਪਹਿਲਾਂ ਕੁਰਾਹੇ ਪਿਆ ਹੋਇਆ) ਸਰੀਰ ਕੌਡੀ ਦਾ ਸੀ, (ਪਰ ਹੁਣ ਉਸ ਦਾ) ਮੁੱਲ ਲੱਖਾਂ ਦਾ ਹੋ ਗਿਆ ਹੈ।ਮਨ ਰੂਪ ਹਾਥੀ, ਬਕਰੀ (ਵਿਚਾਰਵਾਨ ਬਿਰਤੀ) ਨੂੰ ਪਾਲ ਰਿਹਾ ਹੈ।(ਸਰੀਰ ਵਿਚ ਇਸ ਤਰ੍ਹਾਂ ਦੀ ਤਬਦੀਲੀ ਤਦ ਆਉਂਦੀ ਹੈ, ਜਦ) ਅਪਣਾ ਪ੍ਰਭੂ ਮੇਹਰ ਦੀ ਨਜਰ ਨਾਲ ਦੇਖਦਾ ਹੈ।੧।ਹੇ ਕਿਰਪਾ ਦੇ ਖਜਾਨੇ ਮੇਰੇ ਪ੍ਰੀਤਮ ਪ੍ਰਭੂ! ਤੇਰੇ ਗੁਣ ਬਹੁਤ ਹਨ, (ਉਹ ਸਾਰੇ) ਮੈਂ ਵਰਨਣ ਨਹੀਂ ਕਰ ਸਕਦਾ।੧।ਰਹਾਉ।(ਪ੍ਰਭੂ ਦੀ ਮੇਹਰ ਭਰੀ ਨਜਰ ਦੀ ਬਰਕਤ ਨਾਲ) ਵਿਸ਼ੇ ਰੂਪ ਦਿਸਦਾ ਮਾਸ ਤ੍ਰਿਸ਼ਨਾ ਰੂਪ ਬਿੱਲੀ ਨਹੀਂ ਖਾਂਦੀ (ਮਨ ਦੀ ਤ੍ਰਿਸਨਾ ਮੁਕ ਗਈ ਹੈ, ਮਨ ਹੁਣ ਮਾਇਕ ਪਦਾਰਥਾਂ ਵੱਲ ਤੱਕਦਾ ਹੀ ਨਹੀਂ)।ਵੱਡੇ ਕਸਾਈ (ਕ੍ਰੋਧੀ ਬਣੇ ਮਨ) ਨੇ ਹਿੰਸਾ ਰੂਪ ਛੁਰੀ ਸੁੱਟ ਦਿਤੀ ਹੈ (ਨਿਰਦਈ ਪੁਣੇ ਦਾ ਸੁਭਾਵ ਛਡ ਦਿਤਾ।ਜਦ) ਕਰਣਹਾਰ ਪ੍ਰਭੂ ਹਿਰਦੇ ਵਿਚ ਆ ਵਸਿਆ।ਤਾਂ (ਮੋਹ ਦੇ ਜਾਲ ਵਿਚ) ਫਸੀ ਹੋਈ ਜਿੰਦ ਰੂਪ ਮੱਛੀ ਦਾ ਕਾਲ ਰੂਪ ਜਾਲ ਟੁੱਟ ਗਿਆ ਹੈ।੨।(ਪ੍ਰਭੂ ਦੀ ਮੇਹਰ ਭਰੀ ਨਜਰ ਨਾਲ) ਲਕੜੀ ਵਾਂਗ ਸੁੱਕੇ ਹੋਏ ਭਗਤੀ ਹੀਣ ਮਨ ਹਰੇ ਭਰੇ ਤੇ ਲਾਲ ਹੋ ਗਏ (ਹਰੇ ਪੱਤੇ ਅਤੇ ਲਾਲ ਫੁੱਲ ਲਗ ਕੇ ਮਨ ਹਰਾ ਭਰਾ ਹੋ ਗਿਆ)।ਉਚੇ ਥਲ ਉਤੇ (ਹੰਕਾਰੀ ਮਨ ਵਿਚ) ਸ਼ੁਭ ਗੁਣ ਰੂਪ ਸੁੰਦਰ ਕਮਲ ਖਿੜ ਪਏ ਹਨ (ਉਚਾ ਹੰਕਾਰੀ ਮਨ ਨਿਮਰਤਾ ਅਤੇ ਕੋਮਲਤਾ ਵਿਚ ਬਦਲ ਗਿਆ) ।ਸਤਿਗੁਰੂ ਦੇਵ ਨੇ ਤ੍ਰਿਸ਼ਨਾ ਦੀ ਅੱਗ ਦੂਰ ਕਰ ਦਿਤੀ ਹੈ ਅਤੇ ਸੇਵਕ ਨੂੰ ਅਪਣੀ ਸੇਵਾ ਵਿਚ ਲਾ ਲਿਆ ਹੈ।੩।(ਹੇ ਭਾਈ!) ਮੇਰਾ ਪ੍ਰਭੂ ਸਦਾ ਹੀ ਦਇਆ ਕਰਨ ਵਾਲਾ ਹੈ, ਉਹ ਅਕ੍ਰਿਤਘਣਾਂ ਦਾ ਵੀ ਉਧਾਰ ਕਰਦਾ ਹੈ।ਅਤੇ ਸੰਤ ਜਨਾਂ ਦੀ ਸਦਾ ਸਹਾਇਤਾ ਕਰਨ ਵਾਲਾ ਹੈ।(ਇਸੇ ਕਰਕੇ) ਨਾਨਕ ਉਸ ਦੇ ਕਮਲ ਫੁੱਲ ਵਰਗੇ ਚਰਨਾਂ ਦੀ ਸ਼ਰਣ ਵਿਚ ਰਹਿੰਦਾ ਹੈ।੪।੩੯ ।੫੦।

ਪਦਾਰਥ = ਗਊ ਕਉ–ਇੰਦ੍ਰੀਆਂ ਨੂੰ।ਚਾਰੇ–ਚਾਰਦਾ (ਭਲੇ ਪਾਸੇ ਤੋਰਦਾ) ਹੈ।ਸਾਰਦੂਲੁ–ਸ਼ੇਰ (ਹੰਕਾਰ)।ਮੂਲੁ–ਮੁੱਲ।ਬਕਰੀ–

ਵਿਚਾਰਵਾਨ ਬਿਰਤੀ। ਹਸਤੀ–ਹਾਥੀ (ਮਨ ਜੋ ਪਹਿਲਾਂ ਹੰਕਾਰੀ ਸੀ)। ਨਦਰਿ ਨਿਹਾਲੇ–ਮੇਹਰ ਦੀ ਨਜਰ ਨਾਲ ਦੇਖਦਾ ਹੈ।੧। ਕ੍ਰਿਪਾ ਨਿਧਾਨ–ਹੇ ਕ੍ਰਿਪਾ ਦੇ ਖਜਾਨੇ ! । ਬਰਨਿ ਨ ਸਾਕਉ–ਵਰਨਣ ਨਹੀਂ ਕਰ ਸਕਦਾ। ਬਹੁ–ਬਹੁਤ।੧। ਰਹਾਉ। ਦੀਸਤ ਮਾਸੁ–ਸਾਹਮਣੇ ਦਿਸਦਾ ਵਿਸ਼ੇ ਰੂਪ ਮਾਸ। ਬਿਲਾਈ–ਬਿੱਲੀ (ਤ੍ਰਿਸ਼ਨਾ)। ਮਹਾ ਕਸਾਬਿ–ਵੱਡੇ ਕਸਾਈ (ਕ੍ਰੋਧੀ ਮਨ) ਨੇ। ਸਟਿ ਪਾਈ–ਸੁੱਟ ਦਿਤੀ ਹੈ। ਕਰਣਹਾਰ–ਸਭ ਕੁਛ ਕਰਨ ਵਾਲਾ ਕਰਤਾਰ। ਹਿਰਦੈ–ਹਿਰਦੇ ਵਿਚ। ਵੂਠਾ–ਆ ਵਸਿਆ। ਫਾਥੀ–(ਮੋਹ ਜਾਲ ਵਿਚ) ਫਸੀ ਹੋਈ। ਜਾਲਾ–(ਕਾਲ ਦਾ) ਜਾਲ।੨। ਕਾਸਟ–ਲੱਕੜੀ। ਹਰੇ–ਹਰੇ ਭਰੇ। ਚਲੂਲ–ਗੂੜ੍ਹੇ ਲਾਲ। ਊਚੈ ਥਲਿ–ਉਚੇ ਰੇਤਲੇ ਥਲ ਉਤੇ। ਅਨੂਪ–ਸੁੰਦਰ; ਬੇਮਿਸਾਲ। ਫੂਲੇ–ਖਿੜ ਪਏ। ਅਗਨਿ–ਤ੍ਰਿਸ਼ਨਾ ਜਾਂ ਈਰਖਾ ਦੀ ਅੱਗ। ਨਿਵਾਰੀ–ਦੂਰ ਕਰ ਦਿਤੀ। ਸੇਵ–ਸੇਵਾ ਵਿਚ।੩। ਅਕਿਰਤਘਣਾ ਕਾ–ਨਾ ਸ਼ੁਕਰਿਆਂ ਦਾ; ਕਿਸੇ ਦੇ ਕੀਤੇ ਭਲੇ ਨੂੰ ਭੁਲਾ ਦੇਣ ਵਾਲਿਆਂ ਦਾ। ਉਧਾਰੁ–ਪਾਰ ਉਤਾਰਾ। ਦਇਆਰੁ–ਦਇਆ ਕਰਨ ਵਾਲਾ। ਸਹਾਈ–ਸਹਾਇਤਾ ਕਰਨ ਵਾਲਾ। ਸਰਣਾਈ–ਸ਼ਰਣ ਵਿਚ।੪।੩੯।੫੦।

ਅੰਗ ੮੯੯ = ਰਾਮਕਲੀ ਮਹਲਾ ੫ ॥ ਪੰਚ ਸਿੰਘ ਰਾਖੇ ਪ੍ਰਭਿ ਮਾਰਿ ॥ ਦਸ ਬਿਘਿਆੜੀ ਲਈ ਨਿਵਾਰਿ ॥ ਤੀਨਿ ਆਵਰਤ ਕੀ ਚੂਕੀ ਘੇਰ ॥ ਸਾਧ ਸੰਗਿ ਚੂਕੇ ਭੈ ਫੇਰ ॥੧॥ ਸਿਮਰਿ ਸਿਮਰਿ ਜੀਵਾ ਗੋਵਿੰਦ ॥ ਕਰਿ ਕਿਰਪਾ ਰਾਖਿਓ ਦਾਸੁ ਅਪਨਾ, ਸਦਾ ਸਦਾ ਸਾਚਾ ਬਖਸਿੰਦ ॥੧॥ਰਹਾਉ॥ ਦਾਝਿ ਗਏ ਤ੍ਰਿਣ ਪਾਪ ਸੁਮੇਰ ॥ ਜਪਿ ਜਪਿ ਨਾਮੁ ਪੂਜੇ ਪ੍ਰਭ ਪੈਰ ॥ ਅਨਦ ਰੂਪ ਪ੍ਰਗਟਿਓ ਸਭ ਥਾਨਿ ॥ ਪ੍ਰੇਮ ਭਗਤਿ ਜੋਰੀ ਸੁਖ ਮਾਨਿ ॥੨॥ ਸਾਗਰੁ ਤਰਿਓ ਬਾਛਰ ਖੋਜ ॥ ਖੇਦੁ ਨ ਪਾਇਓ ਨਹ ਫੁਨਿ ਰੋਜ ॥ ਸਿੰਧੁ ਸਮਾਇਓ ਘਟੁਕੇ ਮਾਹਿ ॥ ਕਰਣਹਾਰ ਕਉ ਕਿਛੁ ਅਚਰਜੁ ਨਾਹਿ ॥੩॥ ਜਉ ਛੂਟਉ ਤਉ ਜਾਇ ਪਇਆਲ ॥ ਜਉ ਕਾਢਿਓ ਤਉ ਨਦਰਿ ਨਿਹਾਲ ॥ ਪਾਪ ਪੁੰਨ ਹਮਰੈ ਵਸਿ ਨਾਹਿ ॥ ਰਸਕਿ ਰਸਕਿ ਨਾਨਕ ਗੁਣ ਗਾਹਿ ॥੪॥੪੦॥੫੧॥ (ਹੇ ਭਾਈ! ਪ੍ਰਭੂ ਦਾ ਨਾਮ ਜਪਣ ਕਰਕੇ) ਪ੍ਰਭੂ ਨੇ ਮੇਰੇ ਅੰਦਰੋਂ ਭੈਦਾਇਕ ਪੰਜ ਕਾਮਾਦਿਕ ਸ਼ੇਰ ਮਾਰ ਰੱਖੇ ਹਨ (ਜੋ ਦੈਵੀ ਗੁਣ ਰੂਪ ਮਾਸ ਖਾਈ ਜਾਂਦੇ ਸਨ। ਵਿਸ਼ੇ ਰੂਪ ਮਾਸ ਖਾਣ ਵਾਲੀਆਂ) ਦਸ ਇੰਦ੍ਰੀਆਂ ਰੂਪ ਬਘਿਆੜੀਆਂ ਵੀ ਦੂਰ (ਵਸ ਵਿਚ) ਕਰ ਲਈਆਂ ਹਨ। ਤਿੰਨ ਗੁਣਾਂ ਦੀ ਜੋ ਘੁੰਮਣ ਘੇਰੀ ਸੀ, (ਉਸ ਦੀ ਵੀ ਹਿਰਦੇ ਵਿਚੋਂ) ਫੇਰੀ ਮੁੱਕ ਗਈ ਹੈ। ਸਾਧ ਸੰਗਤ ਕਰਨ ਨਾਲ ਜਨਮ ਮਰਨ ਦਾ ਭੈ ਅਤੇ ਫੇਰੇ ਮੁੱਕ ਗਏ ਹਨ।੧।(ਹੇ ਭਾਈ!) ਮੈਂ ਗੋਬਿੰਦ ਨੂੰ ਸਿਮਰ ਸਿਮਰ ਕੇ ਜਿਉਂਦਾ ਹਾਂ।(ਉਸ ਨੇ) ਕ੍ਰਿਪਾ ਕਰਕੇ ਅਪਣੇ ਦਾਸ ਨੂੰ (ਕਾਮਾਦਿਕ ਸ਼ੇਰਾਂ ਤੋਂ) ਬਚਾ ਰੱਖਿਆ ਹੈ, ਉਹ ਸੱਚਾ ਪ੍ਰਭੂ ਸਦਾ ਹੀ (ਅਪਣੇ ਦਾਸਾਂ ਤੇ) ਬਖਸ਼ਿਸ਼ ਕਰਨ ਵਾਲਾ ਹੈ।੧। ਰਹਾਉ।(ਹੇ ਭਾਈ! ਜਦੋਂ) ਨਾਮ ਜਪ ਜਪ ਕੇ ਪ੍ਰਭੂ ਦੇ ਚਰਨਾਂ ਦੀ ਪੂਜਾ ਕੀਤੀ, ਤਾਂ ਸੁਮੇਰ ਪਰਬਤ ਜਿਤਨੇ ਵੱਡੇ ਪਾਪ ਕੱਖਾਂ ਦੇ ਤੀਲੇ ਵਾਂਗ ਸੜ ਗਏ ਹਨ। ਅਨੰਦ ਸਰੂਪ ਪ੍ਰਭੂ ਸਭ ਥਾਵਾਂ ਵਿਚ ਪ੍ਰਗਟ ਹੋਇਆ ਜਾਣਿਆ ਹੈ। ਪ੍ਰੇਮਾ ਭਗਤੀ ਵਿਚ ਬਿਰਤੀ ਜੋੜ ਕੇ ਸਾਰੇ ਸੁਖ ਮਾਣੇ ਹਨ।੨।(ਹੇ ਭਾਈ! ਹਰੀ ਦੇ ਨਾਮ ਦੀ ਬਰਕਤ ਨਾਲ) ਸੰਸਾਰ ਸਾਗਰ ਇਉਂ ਤਰਿਆ ਗਿਆ, ਜਿਵੇਂ ਪਾਣੀ ਨਾਲ ਭਰਿਆ ਵੱਛੇ ਦੀ ਪੈੜ ਵਾਲਾ ਨਿੱਕਾ ਟੋਆ ਲੰਘ ਜਾਈਦਾ ਹੈ। ਫਿਰ ਨਾ ਕੋਈ ਦੁਖ ਪਾਇਆ ਨਾ ਸੋਗ ਪਾਇਆ; ਨਾ ਹੀ ਰੋਣਾ ਹੋਇਆ। ਸਮੁੰਦਰ ਰੂਪ ਵਾਹਿਗੁਰੂ ਮੇਰੇ ਦਿਲ ਰੂਪ ਛੋਟੇ ਜਿਹੇ ਘੜੇ ਵਿਚ ਸਮਾ ਗਿਆ ਹੈ। ਸਭ ਕੁਝ ਕਰਨ ਵਾਲੇ ਪ੍ਰਭੂ ਲਈ ਇਹ ਕੁਛ ਅਸਚਰਜ (ਅਨੋਖੀ ਗੱਲ) ਨਹੀਂ ਹੈ।੩।(ਹੇ ਪ੍ਰਭੂ! ਕੋਈ ਮਨੁੱਖ) ਜਦ ਤੇਰੇ ਚਰਨਾਂ ਤੋਂ ਛੁਟ (ਵਿਛੜ) ਜਾਂਦਾ ਹੈ, ਤਦੋਂ (ਸਮਝੋ ਉਹ) ਪਤਾਲ ਵਿਚ ਜਾ ਡਿਗਦਾ ਹੈ। ਜਦ ਤੂੰ (ਉਸ ਨੂੰ) ਕੱਢ ਲੈਂਦਾ ਹੈਂ, ਤਾਂ ਤੇਰੀ ਮਿਹਰ ਦੀ ਨਜਰ ਨਾਲ ਉਹ ਨਿਹਾਲ ਹੋ ਜਾਂਦਾ ਹੈ। ਪਾਪ ਤੇ ਪੁੰਨ ਕਰਮ ਕਰਨੇ (ਸਾਡੇ ਜੀਵਾਂ ਦੇ) ਵਸ ਵਿਚ ਨਹੀਂ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਨ੍ਹਾਂ ਤੇ ਤੇਰੀ ਮੇਹਰ ਹੁੰਦੀ ਹੈ, ਉਹ ਗੁਰਮੁਖ) ਸਵਾਦ ਲੈ ਲੈ ਕੇ ਤੇਰੇ ਗੁਣ ਗਾਉਂਦੇ ਹਨ।੪।੪੦।੫੧।

ਪਦਾਰਥ = ਪੰਚ ਸਿੰਘ–ਪੰਜ ਕਾਮਾਦਿਕ ਸ਼ੇਰ। ਪ੍ਰਭਿ–ਪ੍ਰਭੂ ਨੇ। ਰਾਖੇ ਮਾਰਿ–ਮਾਰ ਰੱਖੇ (ਮੁਕਾਏ) ਹਨ। ਦਸ ਬਿਘਿਆੜੀ–ਦਸ (ਪੰਜ ਗਿਆਨ ਇੰਦ੍ਰੀਆਂ ਅਤੇ ਪੰਜ ਕਰਮ) ਇੰਦ੍ਰੀਆਂ। ਲਈ ਨਿਵਾਰਿ–ਦੂਰ ਕਰ ਲਈਆਂ ਹਨ। ਤੀਨਿ–ਮਾਇਆ ਦੇ ਤਿੰਨ (ਰਜੋ ਤਮੋ ਅਤੇ ਸਤੋ) ਗੁਣ। ਆਵਰਤ–ਘੁੰਮਣ ਘੇਰੀ। ਚੂਕੀ–ਮੁੱਕ ਗਈ। ਘੇਰ–ਘੇਰਾ; ਚੱਕਰ। ਸਾਧ ਸੰਗਿ–ਸਾਧ ਸੰਗਤ ਕਰਨ ਨਾਲ। ਭੈ–ਡਰ। ਫੇਰ–ਜਨਮ ਮਰਨ ਦੇ ਗੇੜ।੧। ਜੀਵਾ–ਮੈਂ ਜਿਉਂਦਾ ਹਾਂ। ਕਰਿ–ਕਰ ਕੇ। ਸਾਚਾ–ਸੱਚਾ ਪ੍ਰਭੂ। ਬਖਸਿੰਦ–ਬਖਸ਼ਿਸ਼ ਕਰਨ ਵਾਲਾ।੧। ਰਹਾਉ। ਦਾਝਿ ਗਏ–ਸੜ ਗਏ। ਤ੍ਰਿਣ–ਘਾਹ ਦੇ ਤੀਲੇ। ਪਾਪ ਸੁਮੇਰ–ਸੁਮੇਰ ਪਰਬਤ ਜਿਤਨੇ ਵੱਡੇ ਪਾਪ। ਜਪਿ –ਜਪ ਕੇ। ਪ੍ਰਭ ਪੈਰ–ਪ੍ਰਭੂ ਦੇ ਪੈਰ (ਚਰਨ)। ਅਨਦ ਰੂਪ–ਅਨੰਦ ਸਰੂਪ ਪ੍ਰਭੂ। ਸਭ ਥਾਨਿ–ਸਭ ਥਾਵਾਂ ਵਿਚ। ਪ੍ਰੇਮ ਭਗਤਿ–ਪ੍ਰੇਮਾ ਭਗਤੀ ਵਿਚ। ਜੋਰੀ–ਜੋੜਨ ਕਰਕੇ। ਮਾਨਿ–ਮਾਣੇ ਹਨ।੨। ਸਾਗਰੁ–ਸੰਸਾਰ ਸਮੁੰਦਰ। ਬਾਛਰ ਖੋਜ–ਵੱਛੇ ਦੇ ਖੁਰ ਨਾਲ

ਬਣਿਆ ਨਿਸ਼ਾਨ। ਖੇਦੁ–ਦੁਖ। ਫੁਨਿ–ਫਿਰ; ਮੁੜ ਕੇ। ਰੋਜ–ਸੋਗ (ਸਿੰਧੀ); ਰੋਣਾ। ਸਿੰਧੁ–ਸਮੁੰਦਰ। ਸਮਾਇਓ–ਆ ਟਿਕਿਆ; ਸਮਾ ਗਿਆ। ਘਟੁਕੇ ਮਾਹਿ–ਨਿੱਕੇ ਜਿਹੇ ਘੜੇ ਵਿਚ। ਕਰਣਹਾਰ ਕਉ–ਸਭ ਕੁਛ ਕਰਨ ਵਾਲੇ ਪ੍ਰਭੂ ਲਈ। ਅਚਰਜ–ਅਨੋਖੀ ਗੱਲ। ੩। ਜਉ–ਜਦੋਂ। ਛੁਟਉ–(ਸਾਥ) ਛੁਟ ਜਾਂਦਾ ਹੈ। ਤਉ–ਤਦ। ਜਾਇ–ਜਾ ਡਿਗਦਾ ਹੈ। ਪਇਆਲ–ਪਤਾਲ ਵਿਚ। ਕਾਢਿਓ–ਕਢ ਲੈਂਦਾ ਹੈਂ। ਨਦਰਿ–ਮੇਹਰ ਦੀ ਨਜਰ ਨਾਲ। ਨਿਹਾਲ–ਖਿੜ ਜਾਂਦਾ ਹੈ। ਹਮਰੈ ਵਸਿ–ਸਾਡੇ ਵਸ ਵਿਚ। ਨਾਹਿ–ਨਹੀਂ ਹਨ। ਰਸਕਿ ਰਸਕਿ–ਸਵਾਦ ਲੈ ਲੈ ਕੇ। ਗਾਹਿ–ਗਾਉਂਦੇ ਹਨ। ੪। ੪੦। ੫੧।

ਰਾਮਕਲੀ ਮਹਲਾ ੫ ॥ ਨਾ ਤਨੁ ਤੇਰਾ, ਨਾ ਮਨੁ ਤੋਹਿ ॥ ਮਾਇਆ ਮੋਹਿ ਬਿਆਪਿਆ ਧੋਹਿ ॥ ਕੁਦਮ ਕਰੈ ਗਾਡਰ ਜਿਉ ਛੇਲ ॥ ਅਚਿੰਤੁ ਜਾਲੁ ਕਾਲੁ ਚਕ੍ਰੁ ਪੇਲ ॥੧॥ ਹਰਿ ਚਰਨ ਕਮਲ ਸਰਨਾਇ ਮਨਾ ॥ ਰਾਮ ਨਾਮੁ ਜਪਿ ਸੰਗਿ ਸਹਾਈ, ਗੁਰਮੁਖਿ ਪਾਵਹਿ ਸਾਚੁ ਧਨਾ ॥੧॥ਰਹਾਉ॥ ਊਨੇ ਕਾਜ ਨ ਹੋਵਤ ਪੂਰੇ ॥ ਕਾਮਿ ਕ੍ਰੋਧਿ ਮਦਿ ਸਦ ਹੀ ਝੂਰੇ ॥ ਕਰੈ ਬਿਕਾਰ ਜੀਅਰੇ ਕੈ ਤਾਈ ॥ ਗਾਫਲ ਸੰਗਿ ਨ ਤਸੂਆ ਜਾਈ ॥੨॥ ਧਰਤ ਧੋਹ ਅਨਿਕ ਛਲ ਜਾਨੈ ॥ ਕਉਡੀ ਕਉਡੀ ਕਉ ,ਖਾਕੁ ਸਿਰਿ ਛਾਨੈ ॥ ਜਿਨਿ ਦੀਆ, ਤਿਸੈ ਨ ਚੇਤੈ ਮੂਲਿ ॥ ਮਿਥਿਆ ਲੋਭੁ ਨ ਉਤਰੈ ਸੂਲੁ ॥੩॥ ਪਾਰਬ੍ਰਹਮ ਜਬ ਭਏ ਦਇਆਲ ॥ ਇਹੁ ਮਨੁ ਹੋਆ ਸਾਧ ਰਵਾਲ ॥ ਹਸਤ ਕਮਲ ਲੜਿ ਲੀਨੋ ਲਾਇ ॥ ਨਾਨਕ ਸਾਚੈ ਸਾਚਿ ਸਮਾਇ ॥੪॥੪੧॥੫੨॥ (ਹੇ ਭਾਈ!) ਨਾ ਇਹ ਤੇਰਾ ਸਰੀਰ ਹੈ ਅਤੇ ਨਾ ਹੀ ਇਹ ਮਨ ਤੇਰੇ ਵਸ ਵਿਚ ਹੈ। ਮਾਇਆ ਦੇ ਮੋਹ ਕਰਕੇ ਤੂੰ ਧੋਖੇ ਵਿਚ ਫਸਿਆ ਪਿਆ ਹੈਂ। ਜਿਵੇਂ ਭੇਡ ਨਾਲ (ਉਸ ਦਾ) ਲੇਲਾ ਕਲੋਲਾਂ ਕਰਦਾ ਹੈ ਅਤੇ (ਉਸ ਉਤੇ) ਅਚਨਚੇਤ ਮੌਤ ਰੂਪ ਜਾਲ ਆ ਪੈਂਦਾ ਹੈ, (ਇਉਂ) ਮੌਤ ਚਕਰ ਚਲਾ ਦੇਂਦੀ ਹੈ। ੧। ਹੇ ਮੇਰੇ ਮਨਾਂ! ਹਰੀ ਦੇ ਕਮਲ ਫੁੱਲ ਵਰਗੇ ਚਰਨਾਂ ਦੀ ਸ਼ਰਨ ਵਿਚ ਆ ਜਾ। ਤੂੰ ਹਰੀ ਦਾ ਨਾਮ ਜਪਿਆ ਕਰ, ਜੋ ਤੇਰੇ ਅੰਗ ਸੰਗ ਹੋ ਕੇ ਸਹਾਇਤਾ ਕਰਨ ਵਾਲਾ ਹੈ, (ਫਿਰ ਤੂੰ) ਗੁਰੂ ਰਾਹੀਂ ਸੱਚਾ ਨਾਮ ਧਨ ਪਾ ਲਵੇਂਗਾ। ੧। ਰਹਾਉ। (ਹੇ ਭਾਈ! ਮਨੁੱਖ ਦੇ) ਅਧੂਰੇ ਕੰਮ ਕਦੇ ਪੂਰੇ ਨਹੀਂ ਹੁੰਦੇ। ਕਾਮਵਾਸ਼ਨਾ ਵਿਚ, ਕ੍ਰੋਧ ਵਿਚ ਅਤੇ ਹੰਕਾਰ ਵਿਚ (ਮਨੁੱਖ) ਸਦਾ ਹੀ ਝੂਰਦਾ ਰਹਿੰਦਾ ਹੈ। (ਮਨੁੱਖ ਅਪਣੇ) ਜਿਉਣ ਦੇ ਵਾਸਤੇ ਕਈ ਪ੍ਰਕਾਰ ਦੇ ਬਿਕਾਰ ਕਰਦਾ ਹੈ। (ਪਰ) ਰੱਤੀ ਭਰ ਵੀ ਕੋਈ ਚੀਜ ਬੇਖਬਰ ਮਨੁੱਖ ਦੇ ਨਾਲ ਨਹੀਂ ਜਾਂਦੀ। ੨। (ਹੇ ਭਾਈ! ਇਹ ਮਨੁੱਖ ਦੂਜਿਆਂ ਨਾਲ) ਅਨੇਕਾ ਤਰ੍ਹਾਂ ਦੇ ਧਰੋਹ ਕਰਦਾ ਹੈ ਅਤੇ ਅਨੇਕਾਂ ਛਲ ਕਰਨ ਜਾਣਦਾ ਹੈ। ਕੌਡੀ ਕੌਡੀ ਕਮਾਉਣ ਵਾਸਤੇ ਅਪਣੇ ਸਿਰ ਵਿਚ ਮਿੱਟੀ ਪਾਉਂਦਾ ਫਿਰਦਾ ਹੈ (ਮਾਇਆ ਵਾਸਤੇ ਐਸੇ ਕੰਮ ਕਰਦਾ ਹੈ, ਜਿਨ੍ਹਾਂ ਨਾਲ ਬੇਜਤੀ ਹੁੰਦੀ ਹੈ)। ਜਿਸ ਪ੍ਰਭੂ ਨੇ ਸਭ ਕੁਛ ਦਿਤਾ ਹੈ, ਉਸ ਨੂੰ ਬਿਲਕੁਲ ਹੀ ਯਾਦ ਨਹੀਂ ਕਰਦਾ। ਝੂਠੇ ਪਦਾਰਥਾਂ ਦਾ ਲੋਭ (ਇਸ ਦੇ ਮਨ ਵਿਚ ਟਿਕਿਆ ਹੋਇਆ ਹੈ, ਮਨ ਵਿਚੋਂ ਇਸ ਲੋਭ ਦੇ ਅਸਰ) ਦਾ ਦਰਦ ਉਤਰਦਾ ਨਹੀਂ। ੩। (ਹੇ ਭਾਈ! ਜਿਸ ਮਨੁੱਖ ਉਤੇ) ਪਾਰਬ੍ਰਹਮ ਜਦੋਂ ਦਿਆਲ ਹੋਏ ਹਨ। (ਉਸ ਦਾ) ਇਹ ਮਨ ਸਾਧ ਗੁਰੂ ਦੇ ਚਰਨਾਂ ਦੀ ਧੂੜ ਹੋ ਗਿਆ ਹੈ। (ਫਿਰ ਉਸ ਨੂੰ ਗੁਰੂ ਨੇ ਅਪਣੇ) ਕਮਲ ਫੁੱਲ ਵਰਗੇ ਸੋਹਣੇ ਹੱਥਾਂ ਨਾਲ ਲੜ ਲਾ ਲਿਆ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਮਨੁੱਖ) ਸੱਚੇ ਨਾਮ ਦੀ ਬਰਕਤ ਨਾਲ ਸੱਚੇ ਪ੍ਰਭੂ ਵਿਚ ਸਮਾ ਗਿਆ ਹੈ। ੪। ੪੧। ੫੨।

ਪਦਾਰਥ = ਤਨੁ–ਸਰੀਰ। ਤੋਹਿ–ਤੇਰਾ। ਮੋਹਿ–ਮੋਹ ਕਰਕੇ। ਬਿਆਪਿਆ–ਫਸਿਆ ਪਿਆ ਹੈਂ। ਧੋਹਿ–ਧੋਖੇ ਵਿਚ। ਕੁਦਮ–ਕਲੋਲ ਕਰਦਾ ਹੈ। ਗਾਡਰ–ਭੇਡ। ਛੇਲ–ਛੇਲਾ; ਲੇਲਾ। ਅਚਿੰਤ–ਅਚਨਚੇਤ। ਕਾਲੁ–ਮੌਤ। ਪੇਲ–ਚਲਾ (ਧੱਕ) ਦੇਂਦੀ ਹੈ। ੧। ਚਰਨ ਕਮਲ –ਕਮਲ ਫੁੱਲ ਵਰਗੇ ਕੋਮਲ ਸੁੰਦਰ ਚਰਨ। ਸਰਨਾਇ–ਸ਼ਰਨ ਵਿਚ ਆ ਜਾ। ਮਨਾ–ਹੇ ਮਨਾ!। ਸਹਾਈ–ਸਹਾਇਤਾ ਕਰਨ ਵਾਲਾ। ਗੁਰਮੁਖਿ–ਗੁਰੂ ਰਾਹੀਂ। ਪਾਵਹਿ–ਤੂੰ ਪਾ ਲਵੇਂਗਾ। ਸਾਚੁ ਧਨਾ–ਸੱਚਾ ਨਾਮ ਧਨ। ੧। ਰਹਾਉ। ਊਨੇ ਕਾਜ–ਅਧੂਰੇ ਕੰਮ। ਕਾਮਿ–ਕਾਮ ਵਾਸ਼ਨਾ ਵਿਚ। ਕ੍ਰੋਧਿ–ਕ੍ਰੋਧ ਵਿਚ। ਮਦਿ–ਹੰਕਾਰ ਵਿਚ। ਸਦ ਹੀ–ਸਦਾ ਹੀ। ਝੂਰੇ–ਝੂਰਦਾ ਹੈ। ਜੀਅਰੈ ਕੈ ਤਾਈ–ਜਿਉਣ ਦੇ ਵਾਸਤੇ। ਗਾਫਲ–ਅਗਿਆਨੀ ਮਨੁੱਖ। ਸੰਗਿ–ਨਾਲ। ਤਸੂਆ–ਰੱਤੀ ਭਰ ਵੀ। ੨। ਧਰਤ ਧੋਹ–ਠੱਗੀਆਂ ਕਰਦਾ ਹੈ। ਛਲ–ਫਰੇਬ। ਕਉ–ਵਾਸਤੇ। ਖਾਕੁ–ਮਿੱਟੀ। ਸਿਰਿ–ਸਿਰ ਵਿਚ। ਛਾਨੈ–ਪਾਉਂਦਾ ਫਿਰਦਾ ਹੈ। ਜਿਨਿ ਦੀਆ–ਜਿਸ ਪ੍ਰਭੂ ਨੇ ਦਿਤਾ ਹੈ। ਤਿਸੈ–ਉਸ ਨੂੰ। ਨ ਚੇਤੈ–ਯਾਦ ਨਹੀਂ ਕਰਦਾ। ਮੂਲਿ–ਬਿਲਕੁਲ। ਮਿਥਿਆ ਲੋਭੁ–ਝੂਠੇ (ਨਾਸ਼ਵੰਤ) ਪਦਾਰਥਾਂ ਦਾ ਲੋਭ। ਸੂਲੁ–ਦਰਦ। ੩। ਜਬ–ਜਦੋਂ। ਭਏ–ਹੋਏ। ਸਾਧ ਰਵਾਲ–ਸਾਧ ਗੁਰੂ ਦੀ ਚਰਨ ਧੂੜ। ਹਸਤ–ਹੱਥ। ਲੜਿ–ਪੱਲੇ ਨਾਲ। ਸਾਚੈ–ਸੱਚੇ ਨਾਮ ਦੀ ਬਰਕਤ ਨਾਲ। ਸਾਚਿ–ਸੱਚੇ ਪ੍ਰਭੂ ਵਿਚ। ਸਮਾਇ–ਲੀਨ ਹੋ ਗਿਆ ਹੈ। ੪। ੪੧। ੫੨।

ਰਾਮਕਲੀ ਮਹਲਾ ੫ ॥ ਰਾਜਾ ਰਾਮ ਕੀ ਸਰਣਾਇ ॥ ਨਿਰਭਉ ਭਏ ਗੋਬਿੰਦ ਗੁਨ ਗਾਵਤ, ਸਾਧ ਸੰਗਿ ਦੁਖੁ ਜਾਇ ॥੧॥ਰਹਾਉ॥

ਜਾ ਕੈ ਰਾਮੁ ਬਸੈ ਮਨ ਮਾਹੀ ॥ ਸੋ ਜਨੁ ਦੁਤਰੁ ਪੇਖਤ ਨਾਹੀ ॥ ਸਗਲੇ ਕਾਜ ਸਵਾਰੇ ਅਪਨੇ ॥ ਹਰਿ ਹਰਿ ਨਾਮੁ ਰਸਨ ਨਿਤ ਜਪਨੇ ॥੧॥ ਜਿਸ ਕੈ ਮਸਤਕਿ ਹਾਥੁ ਗੁਰੁ ਧਰੈ ॥ ਸੋ ਦਾਸੁ ਅਦੇਸਾ ਕਾਹੇ ਕਰੈ ॥ ਜਨਮ ਮਰਣ ਕੀ ਚੂਕੀ ਕਾਣਿ ॥ ਪੂਰੈ ਗੁਰ ਊਪਰਿ ਕੁਰਬਾਣਿ ॥੨॥ ਗੁਰੁ ਪਰਮੇਸਰੁ ਭੇਟਿ ਨਿਹਾਲ ॥ ਸੋ ਦਰਸਨੁ ਪਾਏ, ਜਿਸੁ ਹੋਇ ਦਇਆਲੁ ॥ ਪਾਰਬ੍ਰਹਮੁ ਜਿਸੁ ਕਿਰਪਾ ਕਰੈ ॥ ਸਾਧ ਸੰਗਿ ਸੋ ਭਵਜਲੁ ਤਰੈ ॥੩॥ ਅੰਮ੍ਰਿਤੁ ਪੀਵਹੁ ਸਾਧ ਪਿਆਰੇ ॥ ਮੁਖ ਊਜਲ ਸਾਚੈ ਦਰਬਾਰੇ ॥ ਅਨਦ ਕਰਹੁ ਤਜਿ ਸਗਲ ਬਿਕਾਰ ॥ ਨਾਨਕ ਹਰਿ ਜਪਿ ਉਤਰਹੁ ਪਾਰਿ ॥੪॥੪੨॥੫੩॥ (ਹੇ ਭਾਈ! ਜੋ ਮਨੁੱਖ) ਪ੍ਰਕਾਸ਼ ਸਰੂਪ ਪ੍ਰਭੂ ਦੀ ਸ਼ਰਣ ਵਿਚ ਆ ਗਏ ਹਨ। ਉਹ ਗੋਬਿੰਦ ਦੇ ਗੁਣ ਗਾਉਂਦਿਆਂ ਭੈ ਰਹਿਤ ਹੋ ਗਏ ਹਨ ਅਤੇ ਸਾਧ ਸੰਗਤ ਕਰਕੇ (ਉਨ੍ਹਾਂ ਦਾ ਸਾਰਾ) ਦੁਖ ਦੂਰ ਹੋ ਗਿਆ ਹੈ।੧।ਰਹਾਉ।(ਹੇ ਭਾਈ!) ਜਿਸ ਦੇ ਮਨ ਵਿਚ ਵਾਹਿਗੁਰੂ ਵਸ ਜਾਂਦਾ ਹੈ। ਉਹ ਮਨੁੱਖ ਸੰਸਾਰ ਸਮੁੰਦਰ ਨੂੰ ਤਰਨਾ ਔਖਾ ਨਹੀਂ ਦੇਖਦਾ (ਆਸਾਨੀ ਨਾਲ ਤਰ ਜਾਂਦਾ ਹੈ। ਉਹ) ਜੀਭ ਨਾਲ ਹਰ ਰੋਜ ਹਰਿ ਹਰਿ ਨਾਮ ਜਪਦਾ ਹੈ, (ਜਿਸ ਨਾਮ ਨੂੰ ਜਪ ਕੇ ਉਹ) ਅਪਣੇ ਸਾਰੇ ਕੰਮ ਸਵਾਰ ਲੈਂਦਾ ਹੈ।੧।(ਹੇ ਭਾਈ!) ਜਿਸ ਦੇ ਮੱਥੇ ਉਤੇ ਗੁਰੂ (ਅਪਣਾ ਮੇਹਰ ਭਰਿਆ) ਧਰਦਾ ਹੈ। ਉਹ ਦਾਸ (ਕਿਸੇ ਗੱਲ ਦਾ) ਫਿਕਰ ਕਿਉਂ ਕਰੇਗਾ? (ਨਹੀਂ ਕਰੇਗਾ। ਉਹ) ਪੂਰੇ ਗੁਰੂ ਉਪਰੋਂ ਕੁਰਬਾਣ ਜਾਂਦਾ ਹੈ। (ਜਿਸ ਕਰਕੇ ਉਸ ਦੇ) ਜਨਮ ਮਰਨ ਦਾ ਡਰ ਮੁੱਕ ਗਿਆ ਹੈ।੨।(ਹੇ ਭਾਈ!) ਪ੍ਰਮੇਸ਼ਰ ਰੂਪ ਗੁਰੂ ਨੂੰ ਮਿਲ ਕੇ ਨਿਹਾਲ ਹੋ ਜਾਈਦਾ ਹੈ। ਜਿਸ ਮਨੁੱਖ ਉਤੇ ਪ੍ਰਭੂ ਦਿਆਲ ਹੁੰਦਾ ਹੈ, ਉਹ (ਗੁਰੂ ਦੇ) ਦਰਸ਼ਨ ਪ੍ਰਾਪਤ ਕਰਦਾ ਹੈ। ਪਾਰਬ੍ਰਹਮ ਜਿਸ ਮਨੁੱਖ ਉਤੇ ਕ੍ਰਿਪਾ ਕਰਦਾ ਹੈ, ਸਾਧ ਸੰਗਤ ਦੁਆਰਾ ਉਹ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ।੩। ਹੇ ਪਿਆਰੇ ਸਾਧੂ ਜਨੋਂ! (ਤੁਸੀ) ਨਾਮ ਅੰਮ੍ਰਿਤ ਪੀਵੋਂ।(ਇਹ ਅੰਮ੍ਰਿਤ ਪੀਣ ਨਾਲ ਤੁਹਾਡਾ) ਸੱਚੇ ਪ੍ਰਭੂ ਦੇ ਦਰਬਾਰ ਵਿਚ ਮੂੰਹ ਉਜਲ ਹੋਵੇਗਾ (ਉਥੇ ਆਦਰ ਮਿਲੇਗਾ)। ਸਾਰੇ ਬਿਕਾਰ ਛਡ ਕੇ ਆਤਮਕ ਅਨੰਦ ਮਾਣਨਾ ਕਰੋ। ਨਾਨਕ ਗੁਰੂ ਆਖਦੇ ਹਨ ਕਿ ਹਰੀ ਦਾ ਨਾਮ ਜਪ ਕੇ (ਭਵਜਲ ਤੋਂ) ਪਾਰ ਉਤਰ ਜਾਵੋ।੪।੪੨।੫੩

ਪਦਾਰਥ = ਰਾਜਾ ਰਾਮ–ਸਭ ਦੇ ਪ੍ਰਕਾਸ਼ਨ ਵਾਲਾ ਪ੍ਰਕਾਸ਼ ਸਰੂਪ ਵਾਹਿਗੁਰੂ। ਨਿਰਭਉ–ਭੈ ਰਹਿਤ। ਭਏ–ਹੋ ਗਏ ਹਨ। ਗਾਵਤ–ਗਾਉਂਦਿਆਂ। ਜਾਇ–ਦੂਰ ਹੋ ਗਿਆ ਹੈ।੧।ਰਹਾਉ। ਜਾ ਕੇ–ਜਿਸ ਦੇ। ਮਨ ਮਾਹੀ–ਮਨ ਵਿਚ। ਸੋ ਜਨੁ–ਉਹ ਮਨੁੱਖ। ਦੁਤਰੁ–ਬਹੁਤ ਔਖਾ ਤਰਿਆ ਜਾਣ ਵਾਲਾ ਸੰਸਾਰ ਸਮੁੰਦਰ। ਸਗਲੇ–ਸਾਰੇ। ਕਾਜ–ਕੰਮ। ਰਸਨ–ਜੀਭ ਨਾਲ। ਨਿਤ–ਹਰ ਰੋਜ। ਜਪਨੇ–ਜਪਦਾ ਹੈ।੧। ਜਿਸ ਕੈ–ਜਿਸ ਦੇ। ਮਸਤਕਿ–ਮੱਥੇ ਉਤੇ। ਧਰੈ–ਰਖਦਾ ਹੈ। ਸੋ–ਉਹ। ਅੰਦੇਸਾ–ਫਿਕਰ। ਕਾਹੇ–ਕਿਉਂ। ਚੂਕੀ–ਮੁੱਕ ਗਈ। ਕਾਣਿ–ਡਰ; ਮੁਹਤਾਜੀ।੨। ਭੇਟਿ–ਮਿਲ ਕੇ। ਨਿਹਾਲ–ਪ੍ਰਸੰਨ (ਦੁਖ ਰਹਿਤ ਅਵਸਥਾ)। ਭਵਜਲੁ–ਸੰਸਾਰ ਸਮੁੰਦਰ ਤੋਂ।੩ ।ਸਾਧ–ਹੇ ਸਾਧੂ ਜਨੋਂ!। ਮੁਖ–ਮੂੰਹ। ਊਜਲ–ਬੇਦਾਗ; ਸਾਫ। ਸਾਚੈ ਦਰਬਾਰੇ–ਸੱਚੇ ਪ੍ਰਭੂ ਦੇ ਦਰਬਾਰ ਵਿਚ। ਤਜਿ–ਛਡ ਕੇ। ਜਪਿ ਜਪ ਕੇ। ਉਤਰਹੁ ਪਾਰਿ–ਪਾਰ ਉਤਰ (ਲੰਘ) ਜਾਵੋ।੪।੪੨।੫੩।